ਉਨੀਵਾਂ ਸਾਲ

PARDES TIMES

19th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

ਮਾਂ ਬੋਲੀ ਨੂੰ ਸਮਰਪਿਤ

www.pardestimes.com

pardestimes

ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 19 No. 477 September 8, 2025 E-mail : info@pardestimes.com Ph 510-938-7771

# ਪੰਜਾਬ ਵਿਚ ਹੜ੍ਹਾਂ ਨੇ ਮਚਾਇਆ ਕਹਿਰ, ਘਰੋਂ ਬੇਘਰ ਹੋਇਆ ਅੱਧੇ ਤੋਂ ਜ਼ਿਆਦਾ ਪੰਜਾਬ

## 3 ਦਰਜਨ ਲੋਕੀ ਮਾਰੇ ਗਏ, ਹਜਾਰਾਂ ਪਸ਼ੂ ਗਾਇਬ, ਆਪਣੇ ਹੀ ਵਿਧਾਇਕਾਂ ਦੇ ਦੋਸ਼ਾਂ ਕਾਰਨ ਬੁਰੀ ਤਰ੍ਹਾਂ ਘਿਰੀ ਪੰਜਾਬ ਸਰਕਾਰ





ਚੰਡੀਗੜ੍ਹ- ਪੰਜਾਬ ਵਿਚ ਇਸ ਵਾਰ ਹੜ੍ਹਾਂ ਨੇ ਤਬਾਹੀ ਮਚਾ ਦਿੱਤੀ ਹੈ। ਸਤਲੁਜ, ਬਿਆਸ, ਰਾਵੀ, ਘੱਗਰ ਅਤੇ ਪਹਾੜਾਂ ਤੋਂ ਆਉਂਦੇ ਛੋਟੇ-ਵੱਡੇ ਨਦੀ ਨਾਲੇ ਭਰ ਕੇ ਆਏ ਅਤੇ ਪੰਜਾਬ ਨੂੰ ਰੋੜ੍ਹ ਕੇ ਲੈ ਗਏ। ਪੰਜਾਬ ਦੇ ਮਾਝੇ ਇਲਾਕੇ ਵਿਚ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ, ਫਰੀਦਕੋਟ ਦੇ ਕੁਝ ਹਿੱਸੇ, ਦੁਆਬਾ ਵਿਚ ਜਲੰਧਰ ਦੇ ਕਈ ਹਿੱਸੇ, ਨਵਾਂ ਸ਼ਹਿਰ ਅਤੇ ਆਸ ਪਾਸ ਦੇ ਇਲਾਕਿਆਂ ਸਮੇਤ ਮੋਗਾ ਜ਼ਿਲ੍ਹਾ ਬਹੁਤ ਜ਼ਿਆਦਾ ਪ੍ਰਭਾਵਿਤ ਹੈ। ਪੰਜਾਬ ਦੇ ਤਿੰਨ ਦਰਿਆਵਾਂ ਵਿਚਕਾਰ ਦੇ ਇਲਾਕੇ ਵਿਚ ਫਸਲਾਂ ਤਬਾਹ ਹੋ ਗਈਆਂ ਹਨ, ਪਿੰਡਾਂ ਵਿਚ ਪਾਣੀ ਵੜਨ ਕਾਰਨ ਲੋਕੀ ਘਰੋਂ-ਬੇਘਰ ਹੋ ਗਏ ਹਨ ਅਤੇ ਡੇਰਿਆਂ ਵਿਚ ਰਹਿੰਦੇ ਲੋਕੀ ਉਚੀਆਂ ਥਾਵਾਂ ਤੇ ਆਰਜ਼ੀ ਝੌਂਪੜੀਆਂ ਬਣਾ ਕੇ ਰਹਿਣ ਲਈ ਮਜਬੂਰ ਹਨ। ਹੜ੍ਹਾਂ ਕਾਰਨ ਇਕ ਹਫਤੇ ਵਿਚ 30 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਗਈ, ਜਦਕਿ ਕਈ ਹਜ਼ਾਰ ਪਸ਼ੂ ਹੜ੍ਹ ਗਏ ਹਨ ਜਾਂ ਗੁੰਮ ਹਨ। ਪਸ਼ੂਆਂ ਦਾ ਚਾਰਾ ਬਰਬਾਦ ਹੋ ਗਿਆ ਹੈ। ਪੰਜਾਬ ਵਿਚ ਭਿਆਨਕ ਹੋਈ ਹੜ੍ਹਾਂ ਦੀ ਸਥਿਤੀ ਅਤੇ ਪੰਜਾਬ ਸਰਕਾਰ ਦੀ ਡਾਵਾਂਡੋਲ ਹਾਲਤ ਕਾਰਨ ਹੁਣ ਸਮਾਜ ਸੇਵੀ ਸੰਸਥਾਵਾਂ, ਕਲਾਕਾਰ ਅਤੇ ਵਿਦੇਸ਼ਾਂ ਵਿਚ ਰਹਿੰਦੇ ਪ੍ਰਵਾਸੀ ਆਪਣਾ ਯੋਗਦਾਨ ਪਾਉਣ ਲਈ ਅੱਗੇ ਆ ਰਹੇ ਹਨ। ਪੰਜਾਬ ਸਰਕਾਰ ਦੁਆਰਾ ਬਣਾਇਆ ਹੜ੍ਹ ਰਿਲੀਫ ਫੰਡ ਖਾਲੀ ਹੈ ਪਰ ਜਿਉਂ-ਜਿਉਂ ਮਦਦ ਆਵੇਗੀ, ਸਰਕਾਰ ਕੁਝ ਕਰ ਸਕੇਗੀ। ਕੁਦਰਤੀ ਆਫ਼ਤਾਂ ਦੌਰਾਨ, ਮਨੁੱਖ ਦਾ ਸਭ ਤੋਂ ਵੱਡਾ ਸੰਘਰਸ਼ ਆਪਣੀ ਜਾਨ ਜਾਂ ਆਪਣਾ ਘਰ ਬਚਾਉਣਾ ਹੁੰਦਾ ਹੈ। ਆਪਣੇ ਘਰਾਂ ਨਾਲ ਲਗਾਅ ਉਨ੍ਹਾਂ ਨੂੰ ਖਤਰੇ ਵਿੱਚ ਪਾ ਰਿਹਾ ਹੈ। ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਬੱਚਿਆਂ ਅਤੇ ਬਜ਼ੁਰਗਾਂ ਦੀ ਹਾਲਤ ਸਭ ਤੋਂ ਨਾਜ਼ੁਕ ਹੈ। ਬੱਚਿਆਂ ਦਾ ਖੇਡਾਂ ਦੇ ਮੈਦਾਨ ਹੁਣ ਪਾਣੀ ਨਾਲ ਘਿਰੇ ਪਏ ਹਨ, ਜਦੋਂ ਕਿ ਬਜ਼ੁਰਗ ਦਵਾਈਆਂ ਦੀ ਘਾਟ ਤੋਂ ਚਿੰਤਤ ਹਨ। ਫਿਰ ਵੀ, ਉਹ ਆਪਣੇ ਘਰ ਦੀ ਦਹਿਲੀਜ਼ ਤੋਂ ਬਾਹਰ ਨਹੀਂ ਜਾਣਾ ਚਾਹੁੰਦੇ। ਇਹ ਲਗਾਅ ਖ਼ਤਰਨਾਕ ਸਾਬਤ ਹੋ ਰਿਹਾ ਹੈ। ਜੋ ਪਾਣੀ ਦਿਹਾਤ ਵਿਚ ਘੁੰਮ ਰਿਹਾ ਹੈ, ਉਸ ਨੂੰ ਨਿਕਲਣ ਲਈ ਵੀ ਮਹੀਨੇ ਭਰ ਦਾ ਸਮਾਂ ਲੱਗ ਸਕਦਾ ਹੈ। ਕਈ ਵਾਰ ਕਿਸ਼ਤੀਆਂ ਦੇਰ ਨਾਲ ਪਹੁੰਚਦੀਆਂ ਸਨ ਅਤੇ ਮਰੀਜ਼ਾਂ ਦਾ ਸਮੇਂ ਸਿਰ ਇਲਾਜ ਨਹੀਂ ਹੁੰਦਾ। ਪਿੰਡ ਧੀਰਾ ਘੜਾ ਦੇ ਵਸਨੀਕ ਨੇ ਦੱਸਿਆ ਕਿ ਕੱਲ੍ਹ ਉਸਦਾ ਬਲੱਡ ਪ੍ਰੈਸ਼ਰ ਵਧ ਗਿਆ ਸੀ। ਕੋਈ ਦਵਾਈ ਨਹੀਂ ਸੀ, ਪਰ ਕਿਸ਼ਤੀ ਨਾ ਹੋਣ ਕਾਰਨ ਉਸਨੂੰ ਦਵਾਈ ਨਹੀਂ ਮਿਲ ਸਕੀ। ਅੱਜ ਕਿਸ਼ਤੀ ਆਈ ਅਤੇ ਉਹ ਸ਼ਹਿਰ ਤੋਂ ਦਵਾਈ ਲੈ ਕੇ ਆਇਆ ਹੈ।

ਘਰ ਸਿਰਫ਼ ਕੰਧਾਂ ਅਤੇ ਛੱਤ ਦਾ ਨਾਮ ਨਹੀਂ ਹੈ, ਸਗੋਂ ਇਸ ਵਿੱਚ ਮਨੁੱਖਾਂ ਦੀਆਂ ਪੀੜ੍ਹੀਆਂ ਦੀ ਸਖ਼ਤ ਮਿਹਨਤ, ਯਾਦਾਂ ਅਤੇ ਆਪਣਾਪਣ ਹੈ। ਇਹੀ ਕਾਰਨ ਹੈ ਕਿ ਲੋਕ ਹੜ੍ਹ ਵਰਗੀਆਂ ਆਫ਼ਤਾਂ ਦੌਰਾਨ ਵੀ ਆਪਣੇ ਘਰਾਂ ਨਾਲ ਜੁੜੇ ਰਹਿੰਦੇ ਹਨ। ਹੁਣ ਲੋੜ ਇਸ ਗੱਲ ਦੀ ਹੈ ਕਿ ਸਿਰਫ਼ ਚੇਤਾਵਨੀ ਦੇਣ ਦੀ ਬਜਾਏ, ਪ੍ਰਸ਼ਾਸਨ ਲੋਕਾਂ ਦਾ ਵਿਸ਼ਵਾਸ ਜਿੱਤੇ ਅਤੇ ਉਨ੍ਹਾਂ ਨੂੰ ਸੁਰੱਖਿਅਤ ਥਾਵਾਂ 'ਤੇ ਲੈ ਜਾਵੇ। ਕਿਉਂਕਿ ਖ਼ਤਰੇ ਦੇ ਵਿਚਕਾਰ, ਇਹ ਲਗਾਵ ਜ਼ਿੰਦਗੀ ਲਈ ਘਾਤਕ ਸਾਬਤ ਹੋ ਸਕਦਾ ਹੈ।

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਖਿਲਾਫ ਲੋਕਾਂ ਵਿਚ ਰੋਸ ਤਾਂ ਪਹਿਲਾਂ ਹੀ ਬਹੁਤ ਵਧਿਆ ਹੋਇਆ ਹੈ ਪਰ ਇਸ ਵਿਚ 'ਅੱਗ 'ਚ ਘਿਓ' ਦਾ ਕੰਮ ਕੀਤਾ ਆਮ ਪਾਰਟੀ ਦੇ ਹੀ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ, ਜਦੋਂ ਉਹਨਾਂ ਇਹ ਬਿਆਨ ਦਿੱਤਾ ਕਿ ਪੰਜਾਬ ਵਿਚ ਹੜ੍ਹਾਂ ਲਈ ਕੋਈ ਹੋਰ ਜ਼ਿੰਮੇਵਾਰ ਨਹੀਂ ਬਲਕਿ ਪੰਜਾਬ ਸਰਕਾਰ ਦੇ ਹੀ ਅਫਸਰ ਕ੍ਰਿਸ਼ਨ ਕੁਮਾਰ ਜ਼ਿੰਮੇਵਾਰ ਹਨ, ਜਿਹਨਾਂ ਨੇ ਸਮਾਂ ਰਹਿੰਦੇ ਕਈ ਥਾਵਾਂ ਦੇ ਫਲੱਡ ਗੇਟ ਨਹੀਂ ਖੁੱਲ੍ਹਵਾਏ। ਇਹ ਬਿਆਨ ਆਉਣ ਤੋਂ ਬਾਅਦ ਇਸ ਦੇ ਖਿਲਾਫ ਬਲਾਤਕਾਰ ਦਾ ਕੇਸ ਦਰਜ ਕਰ ਦਿੱਤਾ ਅਤੇ ਗ੍ਰਿਫਤਾਰ ਵੀ ਕਰ ਲਿਆ ਗਿਆ।

ਪਿੰਡਾਂ ਵਿੱਚ ਹਰ ਪਾਸੇ ਜਮ੍ਹਾਂ ਹੋਏ ਚਿੱਕੜ ਅਤੇ ਗੰਦਗੀ ਨੇ ਲੋਕਾਂ ਦੇ ਜੀਵਨ ਨੂੰ ਵਿਗਾੜ ਦਿੱਤਾ ਹੈ। ਜਿੱਥੇ ਵੀ ਹੜ੍ਹ ਦਾ ਪਾਣੀ ਘੱਟ ਗਿਆ ਹੈ, ਉੱਥੇ ਜੋ ਬਚਿਆ ਹੈ ਉਹ ਤਬਾਹੀ ਅਤੇ ਮੁਸ਼ਕਲਾਂ ਦੀ ਇੱਕ ਲੰਬੀ ਕਹਾਣੀ ਹੈ। ਹਰ ਘਰ ਵਿੱਚ ਮੋਟੀ ਪਰਤ ਵਿੱਚ ਚਿੱਕੜ ਜਮ੍ਹਾ ਹੈ। ਲੋਕ ਆਪਣੇ ਘਰਾਂ ਵਿੱਚ ਦਾਖਲ ਨਹੀਂ ਹੋ ਪਾ ਰਹੇ ਹਨ। ਚਿੱਕੜ ਅਤੇ ਪਾਣੀ ਕਾਰਨ ਮੱਛਰਾਂ ਅਤੇ ਕੀੜਿਆਂ ਦਾ ਹਮਲਾ ਵਧਣ ਲੱਗਾ ਹੈ। ਇਸ ਨਾਲ ਡੇਂਗੂ, ਮਲੇਰੀਆ, ਹੈਜ਼ਾ, ਟਾਈਫਾਈਡ ਅਤੇ ਚਮੜੀ ਦੇ ਰੋਗ ਫੈਲਣ ਦਾ ਗੰਭੀਰ ਖ਼ਤਰਾ ਪੈਦਾ ਹੋ ਗਿਆ ਹੈ। ਸਿਹਤ ਵਿਭਾਗ ਦੀਆਂ ਟੀਮਾਂ ਅਲਰਟ ਮੋਡ 'ਤੇ ਹਨ, ਪਰ ਦੂਰ-ਦੁਰਾਡੇ ਦੇ ਪਿੰਡਾਂ ਤੱਕ ਪਹੁੰਚਣਾ ਅਜੇ ਵੀ ਇੱਕ ਵੱਡੀ ਚੁਣੌਤੀ ਹੈ। ਪਿੰਡਾਂ ਨੂੰ ਜਾਣ ਵਾਲੀਆਂ ਸੜਕਾਂ ਅਜੇ ਵੀ ਬੰਦ ਹਨ ਅਤੇ ਪਾਣੀ ਅਤੇ ਚਿੱਕੜ ਕਾਰਨ ਫਰਨੀਚਰ, ਇਲੈਕਟ੍ਰਾਨਿਕ ਉਪਕਰਣ, ਕੱਪੜੇ, ਰਾਸ਼ਨ ਆਦਿ ਸਮੇਤ ਘਰੇਲੂ ਸਮਾਨ ਖਰਾਬ ਹੋ ਗਿਆ ਹੈ। ਲੋਕਾਂ ਨੇ ਆਪਣੀ ਜ਼ਿੰਦਗੀ ਭਰ ਦੀ ਕਮਾਈ ਨੂੰ ਇੱਕ ਪਲ ਵਿੱਚ ਹੀ ਗਾਇਬ ਹੁੰਦੇ ਦੇਖਿਆ ਹੈ। ਰਾਵੀ ਦਰਿਆ ਵਿੱਚ ਆਏ ਹੜ੍ਹ ਕਾਰਨ ਗੁਰਦਾਸਪੁਰ ਜ਼ਿਲ੍ਹੇ ਦੇ 324 ਪਿੰਡਾਂ ਦੇ ਲਗਭਗ 1.45 ਲੱਖ ਲੋਕ ਪ੍ਰਭਾਵਿਤ ਹੋਏ ਹਨ। ਹੜ੍ਹ ਪ੍ਰਭਾਵਿਤ ਲੋਕਾਂ ਲਈ ਜ਼ਿਲ੍ਹੇ ਵਿੱਚ 25 ਰਾਹਤ ਕੈਂਪ ਸਥਾਪਤ ਕੀਤੇ ਗਏ ਹਨ। ਸੂਬੇ ਵਿੱਚ ਪਹਿਲਾਂ ਰਾਵੀ ਅਤੇ ਬਿਆਸ ਦਰਿਆ ਨੇ 8 ਜ਼ਿਲ੍ਹਿਆਂ ਵਿੱਚ ਤਬਾਹੀ ਮਚਾਈ ਹੋਈ ਸੀ, ਪਰ ਹੁਣ ਸਤਲੁਜ ਅਤੇ ਘੱਗਰ ਵਿੱਚ ਵੀ ਪਾਣੀ ਵਧਣ ਕਰਕੇ ਕੁੱਲ 12 ਜ਼ਿਲ੍ਹੇ ਹੜਾਂ ਦੀ ਮਾਰ ਹੇਠ ਆ ਚੁੱਕੇ ਹਨ। ਘੱਗਰ ਅਤੇ ਸਤਲੁਜ ਵਿੱਚ ਪਾਣੀ ਵਧਣ ਕਰਕੇ ਮਾਲਵਾ ਖਿੱਤੇ ਦੇ ਲੋਕਾਂ ਵਿੱਚ ਵੀ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ।

ਗਾਇਕ ਤੇ ਅਦਾਕਾਰ ਦਿਲਜੀਤ ਦੋਸਾਂਝ, ਐਮੀ ਵਿਰਕ, ਅਦਾਕਾਰਾ ਸੋਨਮ ਬਾਜਵਾ, ਬੌਲੀਵੁੱਡ ਅਦਾਕਾਰ ਸੰਜੈ ਦੱਤ ਤੇ ਹਿਮਾਂਸ਼ੀ ਖੁਰਾਣਾ ਸਣੇ ਕਈ ਹੋਰਨਾਂ ਨੇ ਅੱਗ ਵਧ ਕੇ ਹੜ੍ਹ ਦੇ ਝੰਬੇ ਪੰਜਾਬ ਦੇ ਲੋਕਾਂ ਦੀ ਬਾਂਹ ਫੜੀ ਹੈ ਤੇ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ।

**ਪਰਦੇਸ ਟਾਇਮਜ਼** ਵੱਲੋਂ ਵੀ ਫੰਡ ਇਕੱਠਾ ਕਰਨ ਲਈ ਮੀਟਿੰਗ ਕੀਤੀ ਜਾ ਰਹੀ ਹੈ ਤਾਂ ਜੋ ਹੜ੍ਹ ਪੀੜਤਾਂ ਦੀ ਬਾਅਦ ਵਿਚ ਆਉਂਦੀਆਂ ਮੁਸ਼ਕਿਲਾਂ ਘਟਾਉਣ ਲਈ ਮਦਦ ਕੀਤੀ ਜਾ ਸਕੇ।

**ਸੰਪਰਕ ਕਰੋ: ਬਲਬੀਰ ਸਿੰਘ ਐਮ. ਏ. 510-938-7771**

## ਚਲਦੇ-ਚਲਦੇ

ਉੱਤਰੀ ਅਫਗਾਨਿਸਤਾਨ ਵਿੱਚ ਆਏ ਸਭ ਤੋਂ ਭਿਆਨਕ ਭੂਚਾਲ ਵਿੱਚ ਮਰਨ ਵਾਲਿਆਂ ਦੀ ਗਿਣਤੀ ਵੱਧ ਰਹੀ ਹੈ, ਬਚਾਅ ਕਾਰਜ ਅਜੇ ਵੀ ਜਾਰੀ ਹਨ ਅਤੇ ਹਜ਼ਾਰਾਂ ਲੋਕਾਂ ਦੇ ਮਲਬੇ ਹੇਠ ਫਸਣ ਦਾ ਖਦਸ਼ਾ ਹੈ। ਤਾਲਿਬਾਨ ਸਰਕਾਰ ਦੇ ਬੁਲਾਰੇ ਨੇ ਬੁੱਧਵਾਰ ਨੂੰ ਕਿਹਾ ਕਿ ਪੂਰਬੀ ਅਫਗਾਨਿਸਤਾਨ ਵਿੱਚ ਆਏ ਭਿਆਨਕ ਭੂਚਾਲ ਵਿੱਚ ਮਰਨ ਵਾਲਿਆਂ ਦੀ ਗਿਣਤੀ 1,500 ਤੋਂ ਵੱਧ ਹੋ ਗਈ ਹੈ। ਜ਼ਬੀਉੱਲਾ ਮੁਜਾਹਿਦ ਨੇ ਸੋਸ਼ਲ ਪਲੇਟਫਾਰਮ 'ਤੇ ਕਿਹਾ ਕਿ 3,000 ਤੋਂ ਵੱਧ ਲੋਕ ਜ਼ਖਮੀ ਹੋਏ ਹਨ। ਐਤਵਾਰ ਦੇਰ ਰਾਤ ਪਹਾੜੀ ਇਲਾਕਿਆਂ ਵਿੱਚ 6.0 ਤੀਬਰਤਾ ਦਾ ਸ਼ਕਤੀਸ਼ਾਲੀ ਭੂਚਾਲ ਆਇਆ ਜਦੋਂ ਲੋਕ ਸੌਂ ਰਹੇ ਸਨ। ਭੂਚਾਲ ਨੇ ਘਰਾਂ ਨੂੰ ਤਬਾਹ ਕਰ ਦਿੱਤਾ ਅਤੇ ਪੂਰੇ ਪਿੰਡ ਤਬਾਹ ਕਰ ਦਿੱਤੇ। ਜ਼ਖਮੀਆਂ ਨੂੰ ਬਾਹਰ ਕੱਢਿਆ ਜਾ ਰਿਹਾ ਹੈ, ਇਸ ਲਈ ਇਹ ਅੰਕੜੇ ਕਾਫ਼ੀ ਬਦਲ ਸਕਦੇ ਹਨ, ਅਫਗਾਨਿਸਤਾਨ ਦੇ ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ ਦੇ ਬੁਲਾਰੇ ਯੂਸਫ਼ ਹਮਦ ਨੇ ਕਿਹਾ। ਉਨ੍ਹਾਂ ਕਿਹਾ, "ਭੂਚਾਲ ਕਾਰਨ ਕੁਝ ਇਲਾਕਿਆਂ ਵਿੱਚ ਜ਼ਮੀਨ ਖਿਸਕ ਗਈ, ਜਿਸ ਕਾਰਨ ਸੜਕਾਂ ਬੰਦ ਹੋ ਗਈਆਂ, ਪਰ ਉਨ੍ਹਾਂ ਨੂੰ ਦੁਬਾਰਾ ਖੋਲ੍ਹ ਦਿੱਤਾ ਗਿਆ ਹੈ। ਬਾਕੀ ਸੜਕਾਂ ਨੂੰ ਵੀ ਦੁਬਾਰਾ ਖੋਲ੍ਹ ਦਿੱਤਾ ਜਾਵੇਗਾ।

Mann Insurance Brokers Inc.

ਕਮਰਸ਼ੀਅਲ ਟਰੱਕਾਂ, ਲਿਮੋਜ਼ੀਨ, ਵੈਨ (Van) ਵਾਸਤੇ ਚੰਗੇ ਰੇਟਾਂ 'ਤੇ ਜਲਦੀ ਇੰਸ਼ੋਰੈਂਸ ਲੈਣ ਲਈ ਇਕ ਵਾਰ ਭਰਾਵਾਂ ਨੂੰ ਜ਼ਰੂਰ ਫੋਨ ਕਰੋ। ਬਹੁਤ ਹੀ ਮਿਲਣਸਾਰ ਏਜੰਸੀ ਵਾਲੇ ਭਰਾਵਾਂ ਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ।



Phone:- 510-487-1000

LIC:- 0F 34231

32146 Alvarado Blvd, Union City, CA 94587

Joshi Law Firm

Attorneys at Law ਅਟਾਰਨੀ ਐਟ ਲਾਅ

www.joshilawfirm.com info@joshilawfirm.com

ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ

ਆਧਾਰ ਤੇ
ਗਰੀਨ ਕਾਰਡ
ਐਡਜਸਟਮੈਂਟ
ਆਫ ਸਟੇਟਸ
ਫੈਮਲੀ ਲਾਅ
ਤਲਾਕ ਦੀ

ਪਟੀਸ਼ਨ
ਬੱਚੇ ਦੀ
ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ



TANVIR JOSHI

SBN: 302226

(559) 312-0083 (O) (888) 630-1230 (F)

516 W. SHAW AVE STE 200 FRESNO, CA 93704



Raj Budwal

(Investment and Financial Advisor)

408-972-8000,

408-835-0202 (Cell)

Budwal and Associates

329 Piercy Road, San Jose, CA 95138

8350202@gmail.com

# Gurpiar Sidhu

Home Buying & Selling System

209-598-7776



Lic. 01815083

ਵਾਜਬ ਕੀਮਤ ਤੇ ਘਰ/ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ ਜੀ

ਕਿਸੇ ਵੀ ਕਿਸਮ ਦੀ ਮਾਰਟਗੇਜ ਲਈ ਸੰਪਰਕ ਕਰੋ

ਕਿਸੇ ਵੀ ਕਿਸਮ ਦੀ ਮਾਰਟਗੇਜ਼, ਬੀਮਾ, ਸੋਲਰ ਅਤੇ ਮੋਬਾਇਲ, ਨੋਟਰੀ ਸੇਵਾ ਲਈ ਸੰਪਰਕ ਕਰੋ

PRIMESTAR REAL ESTATE

A Realtor you can trust...Blindly

Office- 2030 E. Louise Ave. Lathrop, CA 95330



# LOWER YOUR INSURANCE RATES NOW

## ASK ME HOW

# MEHTAB SINGH

# 209-769-2540

Your Local Insurance Advisor

offering Personalized Service & Competitive rates

ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ

AUTO, HOME, BUSINESS, COMMECIAL PROPERTY

MEHTAB (MIKE) SINGH
209-769-2540
INSURENOWWITHMIKE@GMAIL.COM
LIC # 4467263



# H P liquors Hayward CA

30970 Huntwood Ave. Ste 312, Hayward, CA 94544


Wholesale India's Finest, Liquor and Beer

ਹੋਲਸੇਲ ਵਿਚ ਭਾਰਤ ਦੀਆਂ ਵਧੀਆ ਸ਼ਰਾਬਾਂ ਤੇ ਬੀਅਰ ਬਰਾਂਡ ਲੈਣ ਲਈ ਸੰਪਰਕ ਕਰੋ:
















| Balbir Singh | Deepa Mahal | Jassi Mahal |
|---|---|---|
| 510 299 7879 | 510 938 2756 | 510 299 2748 |



# SANJA PUNJAB FOODS

RESTAURANT

We also do catering

ਅਸੀਂ ਬਹੁਤ ਹੀ ਵਾਜਬ ਰੇਟਾਂ ਦੇ ਕੇਟਰਿੰਗ ਕਰਦੇ ਹਾਂ



Ph. 279-345-3059

Cell. 916-257-2964

Buffet. 11.30 am to 2.30 pm
$12.99
Indian sweets and catering too

Amandeep Rana
916-257-2964

sanjapunjabfoods@gmail.com

3535 Elverta Rd. #C, Antelope CA 95843

# ਹੜ੍ਹਾਂ ਤੋਂ ਬਾਅਦ ਕਿਹੜੀਆਂ ਬਿਮਾਰੀਆਂ ਫੈਲਣ ਦਾ ਖ਼ਤਰਾ



ਪੰਜਾਬ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਅਤੇ ਹਰਿਆਣਾ ਦੇ ਕੁਝ ਇਲਾਕੇ ਹੜ੍ਹਾਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਰਹੇ ਹਨ। ਪੰਜਾਬ ਦੇ 8 ਸੂਬਿਆਂ 'ਚ ਤਾਂ ਹਾਲਾਤ ਬਦ ਤੋਂ ਬਦਤਰ ਬਣੇ ਹੋਏ ਸਨ। ਲੋਕਾਂ ਦੇ ਖੇਤ ਡੁੱਬ ਗਏ ਹਨ, ਘਰ ਦਰਕ ਗਏ ਹਨ, ਪਸ਼ੂਆਂ ਨੂੰ ਨੁਕਸਾਨ ਹੋ ਰਿਹਾ ਹੈ ਅਤੇ ਜੀਵਨ ਪੂਰੀ ਤਰ੍ਹਾਂ ਅਸਤ-ਵਿਅਸਤ ਰਿਹਾ। ਹਾਲਾਤ ਇਹ ਹਨ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਸਰਕਾਰ ਕੋਲੋਂ 60 ਹਜ਼ਾਰ ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਦੀ ਮੰਗ ਕੀਤੀ ਹੈ। ਲੋਕਾਂ ਨੂੰ ਹੜ੍ਹਾਂ ਕਾਰਨ ਦਰਪੇਸ਼ ਆ ਰਹੀਆਂ ਅਣਗਿਣਤ ਮੁਸ਼ਕਲਾਂ ਵਿਚਕਾਰ ਇੱਕ ਵੱਡੀ ਚਿੰਤਾ ਬਿਮਾਰੀਆਂ ਅਤੇ ਸਿਹਤ ਨੂੰ ਲੈ ਕੇ ਵੀ ਬਣੀ ਹੋਈ ਹੈ। ਬਰਸਾਤ ਦੇ ਮੌਸਮ 'ਚ ਬਿਮਾਰੀਆਂ ਦਾ ਖਤਰਾ ਤਾਂ ਹਮੇਸ਼ਾ ਹੀ ਰਹਿੰਦਾ ਹੈ ਪਰ ਹੜ੍ਹਾਂ ਦੀ ਸਥਿਤੀ ਵਿੱਚ ਇਹ ਖਤਰਾ ਹੋਰ ਵਧ ਜਾਂਦਾ ਹੈ।

ਹੜ੍ਹਾਂ ਦੌਰਾਨ ਕਿਹੜੀਆਂ-ਕਿਹੜੀਆਂ ਬਿਮਾਰੀਆਂ ਦਾ ਜੋਖਮ ਹੁੰਦਾ ਹੈ, ਸਰਕਾਰ ਸਿਹਤ ਸਹੂਲਤਾਂ ਲਈ ਕੀ ਕਦਮ ਚੁੱਕ ਰਹੀ ਹੈ ਅਤੇ ਤੁਸੀਂ ਇਸ ਦੌਰਾਨ ਖੁਦ ਆਪਣਾ ਬਚਾਅ ਕਿਵੇਂ ਕਰ ਸਕਦੇ ਹੋ?

**ਹੜ੍ਹਾਂ ਦੌਰਾਨ ਕਿਹੜੀਆਂ ਬਿਮਾਰੀਆਂ ਦਾ ਖਤਰਾ?**

ਹੜ੍ਹਾਂ ਦੌਰਾਨ ਸੰਭਾਵਤ ਤੌਰ 'ਤੇ ਛੂਤ ਦੀਆਂ ਬਿਮਾਰੀਆਂ ਦੇ ਫੈਲਣ ਦੀ ਸੰਭਾਵਨਾ ਵਧ ਜਾਂਦੀ ਹੈ। ਹੜ੍ਹ ਦੇ ਪਾਣੀ ਵਿੱਚ ਸੀਵਰੇਜ ਦਾ ਪਾਣੀ ਅਤੇ ਕਈ ਹੋਰ ਦੂਸ਼ਿਤ ਤੱਤਾਂ ਨਾਲ ਰਲ਼ ਜਾਣ ਕਾਰਨ ਬਿਮਾਰੀਆਂ ਵਿੱਚ ਵਾਧਾ ਹੁੰਦਾ ਹੈ। ਹੜ੍ਹਾਂ ਦੇ ਦੌਰਾਨ ਅਤੇ ਬਾਅਦ ਵਿੱਚ ਹੋਣ ਵਾਲੀਆਂ ਕੁਝ ਆਮ ਬਿਮਾਰੀਆਂ ਹਨ- ਟਾਈਫਾਈਡ, ਹੈਜ਼ਾ, ਹੈਪੇਟਾਈਟਸ ਏ, ਕੰਨਜਕਟਿਵਾਇਟਿਸ, ਲੈਪਟੋਸਪਾਇਰੋਸਿਸ, ਡੇਂਗੂ, ਪੀਲੀਆ ਆਦਿ। ਜੇਕਰ ਸਹੀ ਸਾਵਧਾਨੀਆਂ ਨਾ ਵਰਤੀਆਂ ਜਾਣ ਤਾਂ ਇਹ ਬਿਮਾਰੀਆਂ ਘਾਤਕ ਸਾਬਤ ਹੋ ਸਕਦੀਆਂ ਹਨ। ਭਾਰਤ ਸਰਕਾਰ ਦੇ ਮਾਈ ਗਵਰਨਮੈਂਟ ਬਲੌਗ 'ਤੇ ਪ੍ਰਕਾਸ਼ਿਤ ਇੱਕ ਲੇਖ ਮੁਤਾਬਕ, ਆਮ ਤੌਰ 'ਤੇ ਹੜ੍ਹ ਦਾ ਪਾਣੀ ਦੋ ਤਰ੍ਹਾਂ ਦੀਆਂ ਬਿਮਾਰੀਆਂ ਦੇ ਜੋਖਮ ਅਤੇ ਸੰਚਾਰ ਨੂੰ ਵਧਾਉਂਦਾ ਹੈ:

ਵੈਕਟਰ-ਜਨਿਤ ਬਿਮਾਰੀਆਂ

ਪਾਣੀ ਤੋਂ ਲੱਗਣ ਵਾਲੀਆਂ ਬਿਮਾਰੀਆਂ

ਵੈਕਟਰ ਤੋਂ ਲੱਗਣ ਵਾਲੀਆਂ ਬਿਮਾਰੀਆਂ

ਇਹ ਉਹ ਬਿਮਾਰੀਆਂ ਹਨ ਜੋ ਕਈ ਪਰਜੀਵੀਆਂ ਅਤੇ ਰੋਗਾਣੂਆਂ ਜਿਵੇਂ ਕਿ ਮੱਛਰਾਂ ਆਦਿ ਦੁਆਰਾ ਫੈਲਦੀਆਂ ਹਨ। ਮਿਸਾਲ ਵਜੋਂ - ਡੇਂਗੂ, ਮਲੇਰੀਆ, ਚਿਕਨਗੁਨੀਆ, ਆਦਿ।

ਡੇਂਗੂ: ਨੈਸ਼ਨਲ ਇੰਟੀਚਿਊਟ ਆਫ ਹੈਲਥ (ਅਮਰੀਕਾ) ਦੇ ਅਨੁਸਾਰ, ਇਹ ਬੁਖ਼ਾਰ ਡੇਂਗੂ ਵਾਇਰਸ ਕਾਰਨ ਹੁੰਦਾ ਹੈ, ਜੋ ਮੱਛਰਾਂ ਰਹਿਣ ਫੈਲਦਾ ਹੈ। ਗੰਭੀਰ ਸਿਰ ਦਰਦ, ਜੋੜਾਂ ਵਿੱਚ ਦਰਦ, ਸਰੀਰ 'ਤੇ ਧੱਫੜ ਆਦਿ ਇਸਦੇ ਮੁੱਖ ਲੱਛਣ ਹਨ। ਇਸ ਦੌਰਾਨ ਡਾਕਟਰ ਨੂੰ ਦਿਖਾਉਣ ਦੀ ਸਲਾਹ ਦਿੱਤੀ ਜਾਂਦੀ ਹੈ।

ਮਲੇਰੀਆ: ਮਲੇਰੀਆ ਦੌਰਾਨ ਬੁਖ਼ਾਰ, ਠੰਢ ਲੱਗਣਾ, ਪਸੀਨਾ ਆਉਣਾ, ਅਨੀਮੀਆ (ਖ਼ੂਨ ਦੀ ਕਮੀ) ਵਰਗੀਆਂ ਦਿੱਕਤਾਂ ਪੇਸ਼ ਆਉਂਦੀਆਂ ਹਨ।

ਚਿਕਨਗੁਨੀਆ: ਵਿਸ਼ਵ ਸਿਹਤ ਸੰਗਠਨ ਦੇ ਮੁਤਾਬਕ, ਇਹ ਚਿਕਨਗੁਨੀਆ ਵਾਇਰਸ ਕਾਰਨ ਹੁੰਦਾ ਹੈ ਜੋ ਕਿ ਸੰਕਰਮਿਤ ਮੱਛਰਾਂ ਦੁਆਰਾ ਮਨੁੱਖਾਂ ਵਿੱਚ ਫੈਲਦਾ ਹੈ। ਇਸ ਵਿੱਚ ਬੁਖਾਰ, ਗੰਭੀਰ ਜੋੜਾਂ ਦਾ ਦਰਦ, ਜੋੜਾਂ ਦੀ ਸੋਜ, ਮਾਸਪੇਸ਼ੀਆਂ ਵਿੱਚ ਦਰਦ, ਸਿਰ ਦਰਦ, ਮਤਲੀ, ਥਕਾਵਟ ਅਤੇ ਧੱਫੜ ਹੋ ਸਕਦੇ ਹਨ।

**ਪਾਣੀ ਤੋਂ ਲੱਗਣ ਵਾਲੀਆਂ ਬਿਮਾਰੀਆਂ**

ਉਹ ਬਿਮਾਰੀਆਂ ਜੋ ਦੂਸ਼ਿਤ ਪਾਣੀ ਕਾਰਨ ਹੁੰਦੀਆਂ ਹਨ, ਜਿਵੇਂ ਕਿ - ਹੈਜ਼ਾ, ਟਾਈਫਾਈਡ, ਪੀਲੀਆ, ਲੈਪਟੋਸਪਾਇਰੋਸਿਸ ਆਦਿ।

ਟਾਈਫਾਈਡ: ਮੇਦਾਂਤਾ ਹਸਪਤਾਲ ਦੀ ਵੈਬਸਾਈਟ 'ਤੇ ਜਾਣਕਾਰੀ ਮੁਤਾਬਕ, ਦੂਸ਼ਿਤ ਪਾਣੀ ਅਤੇ ਭੋਜਨ ਕਾਰਨ ਟਾਈਫਾਈਡ ਬੁਖਾਰ ਹੋ ਸਕਦਾ ਹੈ। ਤੇਜ਼ ਬੁਖਾਰ, ਪੇਟ ਦਰਦ, ਕਮਜ਼ੋਰੀ ਅਤੇ ਸਿਰ ਦਰਦ ਇਸਦੇ ਮੁੱਖ ਲੱਛਣ ਹਨ ਅਤੇ ਇਸਦੇ ਇਲਾਜ ਲਈ ਟਾਈਫਾਈਡ ਦਾ ਟੀਕਾ ਲਗਵਾਉਣ ਦੀ ਸਲਾਹ ਦਿੱਤੀ ਜਾਂਦੀ ਹੈ।



ਹੈਜ਼ਾ: ਇਹ ਵੀ ਦੂਸ਼ਿਤ ਪਾਣੀ ਨਾਲ ਹੁੰਦਾ ਹੈ। ਹੈਜ਼ਾ ਕਾਰਨ ਵਿਅਕਤੀ ਨੂੰ ਉਲਟੀਆਂ, ਡੀਹਾਈਡਰੇਸ਼ਨ (ਪਾਣੀ ਦੀ ਕਮੀ), ਜਾਂ ਗੰਭੀਰ ਦਸਤ ਲੱਗ ਸਕਦੇ ਹਨ।

ਦਸਤ: ਦੂਸ਼ਿਤ ਪਾਣੀ ਦੇ ਸਰੋਤ ਦਸਤ ਰੋਗਾਂ ਦਾ ਪ੍ਰਮੁੱਖ ਕਾਰਨ ਹਨ।

ਹੈਪੇਟਾਈਟਸ ਏ: ਇਹ ਇੱਕ ਵਾਇਰਲ ਇਨਫੈਕਸ਼ਨ ਹੈ ਜੋ ਤੁਹਾਡੇ ਲਿਵਰ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਮੀਹਾਂ ਦੌਰਾਨ ਗੰਦੇ ਪਾਣੀ ਜਾਂ ਭੋਜਨ ਰਾਹੀਂ ਫੈਲ ਸਕਦਾ ਹੈ। ਥਕਾਵਟ, ਪੀਲੀਆ ਅਤੇ ਪੇਟ ਦਰਦ ਇਸਦੇ ਆਮ ਲੱਛਣ ਹਨ।

ਲੈਪਟੋਸਪਾਇਰੋਸਿਸ: ਨੈਸ਼ਨਲ ਇੰਟੀਚਿਊਟ ਆਫ ਹੈਲਥ (ਅਮਰੀਕਾ) ਦੇ ਅਨੁਸਾਰ, ਪਾਣੀ ਨਾਲ ਫੈਲਣ ਵਾਲੀ ਇਸ ਬਿਮਾਰੀ ਦੌਰਾਨ ਬੁਖਾਰ, ਸਰੀਰ ਦਰਦ, ਜੌਂਡਿਸ ਅਤੇ ਕਿਡਨੀ ਫੇਲ ਹੋਣ ਵਰਗੀਆਂ ਦਿੱਕਤਾਂ ਆ ਸਕਦੀਆਂ ਹਨ।

ਇਨ੍ਹਾਂ ਬਿਮਾਰੀਆਂ ਤੋਂ ਇਲਾਵਾ ਹੜ੍ਹਾਂ ਦੁਆਰਾਂ ਸਾਹ ਅਤੇ ਚਮੜੀ ਸਬੰਧੀ ਬਿਮਾਰੀਆਂ ਦਾ ਖਤਰਾ ਵੀ ਬਹੁਤ ਜ਼ਿਆਦਾ ਰਹਿੰਦਾ ਹੈ। ਨੈਸ਼ਨਲ ਇੰਟੀਚਿਊਟ ਆਫ ਹੈਲਥ (ਅਮਰੀਕਾ) ਅਨੁਸਾਰ, ਇਸ ਦੌਰਾਨ ਫੰਗਲ ਇੰਫੈਸ਼ਨ ਵਰਗੀਆਂ ਚਮੜੀ ਦੀਆਂ ਦਿੱਕਤਾਂ ਹੋ ਸਕਦੀਆਂ ਹਨ। ਜਿਸ ਕਾਰਨ ਸਰੀਰ 'ਤੇ ਧੱਫੜ ਪੈਣਾ, ਖੁਰਕ ਹੋਣਾ, ਚਮੜੀ ਲਾਲ ਹੋਣਾ ਜਾਂ ਬੁਖਾਰ ਵਰਗੀਆਂ ਦਿੱਕਤਾਂ ਹੋ ਸਕਦੀਆਂ ਹਨ। ਅਜਿਹੇ ਵਿੱਚ ਹੜ੍ਹਾਂ ਦੇ ਪਾਣੀ ਦੇ ਸੰਪਰਕ 'ਚ ਆਉਣ ਤੋਂ ਬਚਣਾ ਚਾਹੀਦਾ ਹੈ ਅਤੇ ਸਾਫ਼-ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਨਾਲ ਹੀ ਡਾਕਟਰ ਨਾਲ ਸੰਪਰਕ ਕਰਕੇ ਉਪਚਾਰ ਕਵਾਉਣਾ ਚਾਹੀਦਾ ਹੈ।

**ਫਲੂ (ਇਨਫਲੂਏਂਜ਼ਾ)**

ਇਸ ਸਮੇਂ ਜ਼ਿਆਦਾਤਰ ਫਲੂ ਹੁੰਦਾ ਹੈ, ਜਿਸ ਨੂੰ ਇਨਫਲੂਐਨਜ਼ਾ ਵੀ ਕਿਹਾ ਜਾਂਦਾ ਹੈ। ਸਾਲ 2019 ਵਿੱਚ ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ ਦੇ ਐਂਡੋਕਰੀਨੋਲੋਜੀ ਅਤੇ ਇੰਟਰਨਲ ਦਵਾਈ ਦੇ ਡਾਕਟਰ ਵਿਨੀਤ ਅਰੋੜਾ ਬੀਬੀਸੀ ਨੂੰ ਦੱਸਿਆ ਸੀ ਕਿ ਇਸ ਦੌਰਾਨ ਸਵਾਈਨ ਫਲੂ ਵੀ ਫੈ.ਲਣ ਦਾ ਡਰ ਰਹਿੰਦਾ ਹੈ। ਇਹ ਫਲੂ ਦੀ ਇੱਕ ਕਿਸਮ ਹੈ ਪਰ ਇਹ ਜ਼ਿਆਦਾ ਘਾਤਕ ਹੈ। ਇਸ ਨਾਲ ਜ਼ੁਕਾਮ, ਖੰਘ, ਤੇਜ਼ ਬੁਖਾਰ ਅਤੇ ਜੋੜਾਂ ਦਾ ਦਰਦ ਹੁੰਦਾ ਹੈ। ਇਸ ਵਿੱਚ ਸਾਹ ਲੈਣ ਵਾਲੀਆਂ ਮਸ਼ੀਨਾਂ ਦੀ ਵੀ ਲੋੜ ਵੀ ਪੈ ਸਕਦੀ ਹੈ। ਜ਼ਿਆਦਾਤਰ ਲੋਕ ਜ਼ੁਕਾਮ ਅਤੇ ਗਲੇ ਦੀਆਂ ਸਮੱਸਿਆਵਾਂ ਨਾਲ ਆਉਂਦੇ ਹਨ, ਜੋ ਕਿ ਆਮ ਫਲੂ ਦੇ ਵੀ ਲੱਛਣ ਹਨ। ਆਮ ਫਲੂ ਪੰਜ ਤੋਂ ਸੱਤ ਦਿਨਾਂ ਤੱਕ ਰਹਿੰਦਾ ਹੈ। ਦਵਾਈ ਲੈਣ ਤੋਂ ਬਾਅਦ ਵੀ ਠੀਕ ਹੋਣ ਵਿੱਚ ਇੰਨਾ ਸਮਾਂ ਲੱਗ ਜਾਂਦਾ ਹੈ। ਜ਼ੁਕਾਮ ਅਤੇ ਖਾਂਸੀ ਨੂੰ ਠੀਕ ਕਰਨ ਵਿੱਚ ਵੀ 10 ਤੋਂ 15 ਦਿਨ ਲੱਗ ਜਾਂਦੇ ਹਨ। ਸਵਾਈਨ ਫਲੂ ਦਾ ਬੁਖਾਰ ਵੀ ਕਈ ਦਿਨਾਂ ਤੱਕ ਰਹਿੰਦਾ ਹੈ ਪਰ ਇਸ ਦੇ ਨਿਮੋਨੀਆ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਅਜਿਹੇ ਸਮੇਂ, ਫਲੂ ਤੋਂ ਬਚਾਅ ਲਈ ਵੈਕਸੀਨ ਲਗਵਾਉਣ, ਭੀੜ ਵਾਲੀਆਂ ਥਾਵਾਂ 'ਤੇ ਜਾਣ ਤੋਂ ਬਚਣ, ਮਾਸਕ ਪਹਿਨਣ ਦੀ ਸਲਾਹ ਦਿੱਤੀ ਜਾਂਦੀ ਹੈ।

**ਕੀ ਕਰਨਾ ਚਾਹੀਦਾ ਹੈ?**

ਖਾਣਾ ਖਾਂਦੇ ਸਮੇਂ ਪੂਰੀ ਸਫਾਈ ਦਾ ਧਿਆਨ ਰੱਖੋ

ਸਿਰਫ਼ ਉਬਲਿਆ ਜਾਂ ਕਲੋਰਿਨ ਵਾਲਾ ਪਾਣੀ ਪੀ

ਥੋੜ੍ਹੇ-ਥੋੜ੍ਹੇ ਸਮੇਂ 'ਚ ਕੋਸਾ ਪਾਣੀ ਪੀਂਦੇ ਰਹੋ

ਨਿਯਮਿਤ ਤੌਰ 'ਤੇ ਆਰਐਸ ਪੀ

ਖਾਣਾ ਖਾਣ ਤੋਂ ਪਹਿਲਾਂ ਹੱਥਾਂ ਨੂੰ ਚੰਗੀ ਤਰ੍ਹਾਂ ਧੋਵੋ

ਖਾਣ-ਪੀਣ ਦੀਆਂ ਚੀਜ਼ਾਂ ਨੂੰ ਢੱਕ ਕੇ ਰੱਖੋ

ਸੌਂਦੇ ਸਮੇਂ ਮੱਛਰਦਾਨੀ ਦੀ ਵਰਤੋਂ ਕਰੋ

ਪੂਰੀਆਂ ਬਾਹਾਂ ਵਾਲੇ ਅਤੇ ਸੁੱਕੇ ਕੱਪੜੇ ਪਹਿਨੋ

ਮੱਛਰ ਰੋਧੀ ਕ੍ਰੀਮ ਲਗਾ

ਮੱਛਰਾਂ ਤੋਂ ਬਚਾਅ ਲਈ ਫੌਗਿੰਗ ਜਾਂ ਸਪਰੇਅ ਕਰੋ

ਕਈ ਵਾਰ ਅਜਿਹੀ ਸਥਿਤੀ ਵਿੱਚ ਸੱਟ ਲੱਗ ਸਕਦੀ ਹੈ ਜਾਂ ਸੱਪ ਆਦਿ ਜਾਨਵਰ ਵੱਲੋਂ ਡੰਗ ਮਾਰਨ ਦੇ ਮਾਮਲੇ ਹੋ ਸਕਦੇ ਹਨ। ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਤੁਰੰਤ ਡਾਕਟਰੀ ਸਹਾਇਤਾ ਲ

**ਕੀ ਨਹੀਂ ਕਰਨਾ ਚਾਹੀਦਾ?**

ਆਪਣੇ-ਨੇੜੇ ਤੇੜੇ ਪਾਣੀ ਨੂੰ ਖੜ੍ਹਾ ਨਾ ਹੋਣ ਦਿਓ।

ਜਿੰਨਾ ਹੋ ਸਕੇ ਹੜ੍ਹ ਦੇ ਪਾਣੀ ਨਾਲ ਸੰਪਰਕ 'ਚ ਆਉਣ ਤੋਂ ਬਚੋ, ਕਿਉਂਕਿ ਗੰਦਗੀ ਇਸ ਪਾਣੀ ਰਾਹੀਂ ਸਰੀਰ ਵਿੱਚ ਦਾਖਲ ਹੋ ਸਕਦੀ ਹੈ। ਲਾਗ ਵਾਲੇ ਲੋਕਾਂ ਤੋਂ ਦੂਰ ਰਹੋ ਕਿਉਂਕਿ ਬਹੁਤ ਸਾਰੀਆਂ ਬਿਮਾਰੀਆਂ ਛੂਤਕਾਰੀ ਹੁੰਦੀਆਂ ਹਨ।

## ਪਾਕਿਸਤਾਨ ਦੇ ਪੰਜਾਬ ’ਚ 2200 ਪਿੰਡ ਹੜ੍ਹਾਂ ਦੀ ਮਾਰ ਹੇਠ ਆਏ



ਪਾਕਿਸਤਾਨ ਦੇ ਪੰਜਾਬ ਸੂਬੇ ’ਚ ਮੌਨ-ਸੂਨ ਦਾ ਕਹਿਰ ਬਹੁਤ ਮਾਰੂ ਰਿਹਾ। ਭਾਰੀ ਮੀਂਹ ਤੇ ਹੜ੍ਹ ਨੇ 33 ਲੋਕਾਂ ਦੀ ਜਾਨ ਲੈ ਲਈ ਤੇ 2200 ਪਿੰਡਾਂ ਨੂੰ ਪ੍ਰਭਾਵਿਤ ਕੀਤਾ। ਸੱਤ ਲੱਖ ਤੋਂ ਵੱਧ ਲੋਕਾਂ ਨੂੰ ਆਪਣੇ ਘਰ ਖਾਲੀ ਕਰਨ ਲਈ ਮਜਬੂਰ ਹੋਣਾ ਪਿਆ। ਪੰਜਾਬ ਸੂਬਾਈ ਆਫ਼ਤ ਮੈਨੇਜਮੈਂਟ ਅਥਾਰਟੀ (ਪੀ ਡੀਐੱਮ ਏ) ਦੇ ਮੈਨੇਜਿੰਗ ਡਾਇਰੈਕਟਰ ਇਰਫਾਨ ਅਲੀ ਕਾ-ਠੀਆ ਨੇ ਕਿਹਾ ਕਿ ਸੂਬਾ ਆਪਣੇ ਇਤਿਹਾਸ ਦੇ ਸਭ ਤੋਂ ਭਿਆਨਕ ਹੜ੍ਹ ਦਾ ਸਾਹਮਣਾ ਕਰ ਰਿਹਾ ਹੈ। ਹੜ੍ਹ ਦਾ ਪਾਣੀ ਵਧਣ ਦੇ ਨਾਲ ਹੀ ਬਹਾਵਲਨਗਰ ਤੇ ਬਹਾਵਲਪੁਰ ਵਰਗੇ ਪ੍ਰਭਾਵਿਤ ਜ਼ਿਲ੍ਹਿਆਂ ਦੇ ਪਿੰਡਾਂ ਦੇ ਵਾਸੀ ਸੁਰੱਖਿਅਤ ਥਾਵਾਂ ਵੱਲ ਜਾ ਚੁੱਕੇ ਹਨ। ਟ੍ਰੀਮੂਨ ਬੈਰਾਜ ’ਤੇ 3,61,633 ਕਿਊਸਿਕ ਦਾ ਵਹਾਅ ਹੈ, ਜੋ ਕਾਫੀ ਘੱਟ ਸਮੇਂ ’ਚ ਇਕ ਲੱਖ ਕਿਊਸਿਕ ਦਾ ਅਚਾਨਕ ਵਾਧਾ ਦਰਸਾਉਂਦਾ ਹੈ। ਸਥਾਨਕ ਤੇ ਸੂਬਾਈ ਅਧਿਕਾਰੀ ਹੜ੍ਹ ਨੂੰ ਕੰਟਰੋਲ ਕਰਨ ਤੇ ਪ੍ਰਭਾਵ ਨੂੰ ਘੱਟ ਕਰਨ ਲਈ ਰਣਨੀਤਕ ਤੌਰ ’ਤੇ ਬੰਨ੍ਹਾਂ ਨੂੰ ਤੋੜ ਰਹੇ ਹਨ।


TANVIR Tour & Travels FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com



R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
IRS e-file
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment
CTEC

CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39111 Paseo Padre Pkwy , suite 201 C, Fremont, CA 94538
Email:singhrpal@sbeglobal.net Singhtax.com

# ਸੰਪਾਦਕੀ

## ਬਦਲੇਗੀ ਦੁਨੀਆਂ ਦੀ ਰਾਜਨੀਤੀ?

ਹਾਲ ਹੀ ਵਿਚ ਚੀਨ ਵਿਚ ਸ਼ੰਘਾਈ ਸਹਿਯੋਗ ਸੰਗਠਨ ਦੀ ਮੀਟਿੰਗ ਹੋਈ। ਇਸ ਮੀਟਿੰਗ ਨੂੰ ਲੈ ਕੇ ਦੁਨੀਆਂ ਭਰ ਦਾ ਮੀਡੀਆ ਕਈ ਕਿਸਮ ਦੀਆਂ ਗੱਲਾਂ ਕਰ ਰਿਹਾ ਹੈ। ਕਈ ਮੁਲਕ ਖਾਸ ਕਰਕੇ ਅਮਰੀਕਾ ਅਤੇ ਯੂਰਪ, ਜੋ ਨਹੀਂ ਚਾਹੁੰਦੇ ਕਿ ਭਾਰਤ ਚੀਨ ਨਾਲ ਨੇੜਤਾ ਵਧਾਵੇ, ਨੇ ਕੋਸ਼ਿਸ਼ ਕੀਤੀ ਕਿ ਭਾਰਤ ਨੂੰ ਚੀਨ ਤੋਂ ਦੂਰ ਰੱਖਿਆ ਜਾਵੇ ਅਤੇ ਭਾਰਤ ਨੂੰ 1962 ਦਾ ਯੁੱਧ ਯਾਦ ਕਰਵਾਇਆ, ਅਕਸਾਈਚਿੰਨ ’ਤੇ ਕਬਜ਼ਾ ਯਾਦ ਕਰਵਾਇਆ, ਗਲਵਾਨ ਦੀਆਂ ਝੜੱਪਾਂ ਯਾਦ ਕਰਵਾਈਆਂ ਪਰ ਕੋਈ ਅਸਰ ਨਹੀਂ ਹੋਇਆ। ਪਰ ਜੋ ਮੁਲਕ ਭਾਰਤ ਦੀ ਮੌਜੂਦਾ ਸਰਕਾਰ ਨੂੰ ਜਾਣਦੇ ਹਨ, ਉਹਨਾਂ ਨੂੰ ਰੱਤੀ ਭਰ ਵੀ ਸ਼ੰਕਾ ਨਹੀਂ ਕਿ ਭਾਰਤ ਚੀਨ ਦੇ ਅੱਗੇ ਝੁਕ ਜਾਵੇਗਾ। ਅਸਲ ਵਿਚ ਮੌਜੂਦਾ ਭਾਰਤ ਦੀ ਸਰਕਾਰ ਅਮਰੀਕਾ ਦੁਆਰਾ ਦੁਨੀਆਂ ਭਰ ਦੇ ਮੁਲਕਾਂ ਤੇ ਲਗਾਈਆਂ ਜਾ ਰਹੀਆਂ ਆਰਥਿਕ ਪਾਬੰਦੀਆਂ ਅਤੇ ਉਹਨਾਂ ਤੋਂ ਉਪਜੀ ਆਰਥਿਕ ਅਨਿਸਚਿਤਤਾ ਦਾ ਮਾਹੌਲ ਦੇਖ ਰਹੀ ਹੈ। ਇਸ ਮਾਹੌਲ ਵਿਚ ਚੀਨ ਜਦੋਂ ਦੁਨੀਆਂ ਵਿਚ ਇਕੱਲਾ ਪੈਂਦਾ ਜਾ ਰਿਹਾ ਹੈ ਤਾਂ ਉਸ ਨੂੰ ਇਕ ਅਜਿਹੇ ਮੁਲਕ ਦੇ ਸਹਿਯੋਗ ਦੀ ਲੋੜ ਹੈ, ਜਿਸ ਦਾ ਅਸਰ ਦੁਨੀਆਂ ਦੇ ਬਹੁਤ ਸਾਰੇ ਮੁਲਕਾਂ ’ਤੇ ਹੋਵੇ। ਚੀਨ ਕਿਉਂਕਿ ਆਪਣੀਆਂ ਚਾਲਬਾਜ਼ੀਆਂ ਕਾਰਨ ਦੁਨੀਆਂ ਭਰ ਵਿਚ ਬਦਨਾਮ ਹੈ, ਇਸ ਕਰਕੇ ਉਸ ’ਤੇ ਕੋਈ ਯਕੀਨ ਨਹੀਂ ਕਰਦਾ ਪਰ ਭਾਰਤ ਦੀ ਸਥਿਤੀ ਇਸ ਦੇ ਉਲਟ ਹੈ। ਭਾਰਤ ਦੀ ਸਰਕਾਰ ਨੇ ਚੀਨ ਦੁਆਰਾ ਪ੍ਰਧਾਨ ਮੰਤਰੀ ਮੋਦੀ ਨੂੰ ਸੱਦਾ ਪੱਤਰ ਭੇਜਿਆ ਕਿ ਉਹ ਇਸ ਸੰਮੇਲਨ ਵਿਚ ਆਵੇ। ਭਾਰਤ ਨੇ ਹਾਮੀ ਭਰਨ ਤੋਂ ਪਹਿਲਾਂ ਤਿੰਨ ਸ਼ਰਤਾਂ ਰੱਖੀਆਂ, ਪਹਿਲੀ ਚੀਨ ਆਪਣੀ ਫੌਜ ਬਾਰਡਰ ਤੋਂ ਵਾਪਸ ਹਟਾਵੇ ਅਤੇ ਜੋ ਸਥਾਈ ਬੰਕਰ ਬਣਾਏ ਹੋਏ ਹਨ, ਉਹਨਾਂ ਨੂੰ ਢਾਅ ਦੇਵੇ। ਅੱਤਵਾਦ ’ਤੇ ਚੀਨ ਭਾਰਤ ਦੇ ਖਿਲਾਫ ਆਪਣੀ ਨੀਤੀ ਬੰਦ ਕਰੇ। ਭਾਰਤ ਅਤੇ ਚੀਨ ਵਿਚਕਾਰ ਜੋ ਮੈਕਮੋਹਨ ਲਾਈਨ ਹੈ, ਨੂੰ ਸਥਾਈ ਬਾਰਡਰ ਬਣਾਇਆ ਜਾਵੇ।ਤੀਜਾ ਚੀਨ ਭਾਰਤ ਦੇ ਲਈ ਆਪਣਾ ਬਾਜ਼ਾਰ ਖੋਲ੍ਹੇ ਤਾਂ ਹੀ ਭਾਰਤ ਚੀਨ ਲਈ ਆਪਣਾ ਬਾਜ਼ਾਰ ਖੋਲ੍ਹੇਗਾ। ਚੀਨ ਨੇ ਇਹ ਤਿੰਨੇ ਸ਼ਰਤਾਂ ਮੰਨ ਲਈਆਂ। ਬਾਰਡਰ ਦਾ ਮਸਲਾ ਹੱਲ ਕਰਨ ਲਈ ਦੋਵੇਂ ਮੁਲਕਾਂ ਦੇ ਮਾਹਿਰਾਂ ਦੀ ਇਕ ਕਮੇਟੀ ਬਣਾ ਦਿੱਤੀ, ਜੋ ਦੋਵੇਂ ਮੁਲਕਾਂ ਦਾ ਬਾਰਡਰ ਤਹਿ ਕਰੇਗੀ। ਚੀਨੀ ਮਾਰਕੀਟ ਵਿਚ ਭਾਰਤੀ ਸਮਾਨ ਵੀ ਦਿੱਸਣ ਲੱਗ ਪਿਆ। ਅੱਤਵਾਦ ਬਾਰੇ ਚੀਨ ਨੇ ਭਰੋਸਾ ਦਿੱਤਾ ਕਿ ਉਹ ਭਾਰਤ ਦੇ ਖਿਲਾਫ ਅੱਤਵਾਦ ਫੈਲਾਉਣ ਵਾਲੇ ਮੁਲਕਾਂ ਦਾ ਸਾਥ ਨਹੀਂ ਦੇਵੇਗਾ। ਜੇਕਰ ਭਾਰਤ ਦੀਆਂ ਇਹ ਤਿੰਨੇ ਸ਼ਰਤਾਂ ਚੀਨ ਪੂਰੀਆਂ ਕਰ ਲੈਂਦਾ ਹੈ ਤਾਂ ਭਾਰਤ ਲਈ ਸੋਨੇ ਤੇ ਸੁਹਾਗਾ ਹੈ ਅਤੇ ਜੇਕਰ ਚੀਨ ਇਹ ਸ਼ਰਤਾਂ ਪੂਰੀਆਂ ਨਹੀਂ ਕਰਦਾ ਤਾਂ ਜੋ ਸਥਿਤੀ ਅੱਜ ਹੈ, ਉਹ ਬਣੀ ਰਹੇਗੀ। ਅਜਿਹੀ ਸਥਿਤੀ ਵਿਚ ਭਾਰਤ ਕੋਲ ਚੀਨ ਦਾ ਵਿਕਲਪ ਅਮਰੀਕਾ ਅਤੇ ਯੂਰਪ ਵੀ ਮੌਜੂਦਾ ਹੈ ਅਤੇ ਰੂਸ ਦਾ ਸਹਿਯੋਗ ਵੀ ਮੌਜੂਦ ਹੈ। ਭਾਰਤ ਚੀਨ ’ਤੇ ਅਜਿਹਾ ਭਰੋਸਾ ਨਹੀਂ ਕਰ ਸਕਦਾ, ਜੋ ਉਹ ਰੂਸ ’ਤੇ ਕਰਦਾ ਹੈ। ਸ਼ੰਕੇ ਭਾਵੇਂ ਜਿੰਨੇ ਮਰਜ਼ੀ ਹੋਣ ਪਰ ਇਹ ਇਕ ਕੋਸ਼ਿਸ਼ ਹੈ, ਜੋ ਸ਼ਾਇਦ ਭਾਰਤ ਨੂੰ ਅਗਲੇਰੀਆਂ ਸਮੱਸਿਆਵਾਂ ਦਾ ਹੱਲ ਕੱਢਣ ਵਿਚ ਮਦਦਗਾਰ ਹੋਵੇ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਬੁਰੀ ਤਰ੍ਹਾਂ ਟੁੱਟਦਾ ਜਾ ਰਿਹਾ ਹੈ ਕੈਨੇਡਾ ਰਹਿੰਦੇ ਵਿਦਿਆਰਥੀ ਦਾ ਸੁਪਨਾ

**ਜਗਮੋਹਨ ਸਿੰਘ ਲੱਕੀ**

ਇਕ ਸਮਾਂ ਅਜਿਹਾ ਵੀ ਸੀ ਜਦੋਂ ਕੈਨੇਡਾ ਨੂੰ ਭਾਰਤੀ ਵਿਦਿਆਰਥੀਆਂ ਦੀ ‘ਸੁਪਨ ਨਗਰੀ’ ਕਿਹਾ ਜਾਂਦਾ ਸੀ। ਹੁਣ ਇਹ ਸੁਪਨਾ ਬੁਰੀ ਤਰ੍ਹਾਂ ਟੁੱਟਦਾ ਜਾ ਰਿਹਾ ਹੈ। ਇਸ ਦੇ ਬਾਵਜੂਦ ਅਮਰੀਕਾ ਤੋਂ ਬਾਅਦ ਕੈਨੇਡਾ ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ। ਇਹੀ ਕਾਰਨ ਹੈ ਕਿ ਹਰ ਦਿਨ ਭਾਰਤੀ ਵਿਦਿਆਰਥੀਆਂ ਦੇ ਜਹਾਜ਼ ਭਰ ਕੇ ਕੈਨੇਡਾ ਜਾਂਦੇ ਹਨ। ਕੈਨੇਡਾ ਜਾਣ ਵਾਲੇ ਇਨ੍ਹਾਂ ਵਿਦਿਆਰਥੀਆਂ ਦੀਆਂ ਅੱਖਾਂ ਵਿਚ ਅਨੇਕਾਂ ਸੁਪਨੇ ਹੁੰਦੇ ਹਨ ਪਰ ਜਦੋਂ ਉਥੇ ਜਾ ਕੇ ਉਨ੍ਹਾਂ ਦੇ ਸੁਪਨਿਆਂ ਤੋਂ ਉਲਟ ਉਸ ਦੇਸ਼ ਦੀ ਅਸਲੀਅਤ ਸਾਹਮਣੇ ਆਉਂਦੀ ਹੈ ਤਾਂ ਇਨ੍ਹਾਂ ਦੇ ਸਾਰੇ ਸੁਪਨੇ ਚਕਨਾਚੂਰ ਹੋ ਜਾਂਦੇ ਹਨ।

ਕਿਸੇ ਸਮੇਂ ਵਿਸ਼ਵ ਦੀ ਵੱਡੀ ਆਰਥਿਕ ਸ਼ਕਤੀ ਰਹੇ ਕੈਨੇਡਾ ਦੀ ਹਾਲਤ ਇਸ ਸਮੇਂ ਇਹ ਹੈ ਕਿ ਉਥੇ ਰੁਜ਼ਗਾਰ, ਰਿਹਾਇਸ਼ ਦੀ ਘਾਟ, ਦਿਨੋਂ-ਦਿਨ ਵਧ ਰਹੀ ਮਹਿੰਗਾਈ, ਸਿਹਤ ਅਤੇ ਆਵਾਜਾਈ ’ਤੇ ਵਧਦੇ ਦਬਾਅ ਸਮੇਤ ਅਨੇਕਾਂ ਵੱਡੀਆਂ ਸਮੱਸਿਆਵਾਂ ਸਾਹਮਣੇ ਆ ਰਹੀਆਂ ਹਨ। ਇਸ ਕਾਰਨ ਕੈਨੇਡਾ ਦੇ ਅਨੇਕਾਂ ਵਸਨੀਕ ਇਸ ਦੇਸ਼ ਨੂੰ ਛੱਡ ਕੇ ਅਮਰੀਕਾ ਅਤੇ ਹੋਰ ਮੁਲਕਾਂ ’ਚ ਚਲੇ ਗਏ ਹਨ। ਇੱਥੇ ਦੀ ਨਵੀਂ ਸਰਕਾਰ ਭਾਵੇਂ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਉਪਰਾਲੇ ਕਰਨ ਦੇ ਦਾਅਵੇ ਕਰ ਰਹੀ ਹੈ ਪਰ ਇਸ ਦੇ ਮੌਜੂਦਾ ਹਾਲਤ ਤੋਂ ਪੂਰੀ ਦੁਨੀਆ ਜਾਣੂੰ ਹੈ। ਕੈਨੇਡਾ ’ਚ ਮਾਨਸਿਕ ਤਣਾਅ, ਪਰਿਵਾਰ ਤੋਂ ਦੂਰ ਰਹਿਣ ਦਾ ਤਜਰਬਾ, ਕੰਮ ਨਾ ਮਿਲਣ ਦਾ ਦਬਾਅ ਵਿਦਿਆਰਥੀ ਜੀਵਨ ਦੇ ਸੰਘਰਸ਼ ਦਾ ਹਿੱਸਾ ਬਣੇ ਹੋਏ ਹਨ। ਇਸ ਦੇ ਬਾਵਜੂਦ ਪੰਜਾਬ ਸਮੇਤ ਭਾਰਤ ਦੇ ਲੋਕਾਂ ਵਿਚ ਇੱਥੇ ਜਾਣ ਦੀ ਜੋ ਚਾਹਤ ਦਿਨੋਂ ਦਿਨ ਵਧ ਰਹੀ ਹੈ, ਉਹ ਜ਼ਰੂਰ ਕਈ ਸਵਾਲ ਖੜ੍ਹੇ ਕਰਦੀ ਹੈ।




ਭਾਰਤ ਵਿਚ ਜਿਹੜੇ ਵਿਦਿਆਰਥੀਆਂ ਨੇ ਆਪਣੇ ਹੱਥ ਨਾਲ ਪਾਣੀ ਦਾ ਗਿਲਾਸ ਵੀ ਨਹੀਂ ਚੁੱਕਿਆ ਹੁੰਦਾ, ਉਨ੍ਹਾਂ ਨੂੰ ਵੀ ਕੈਨੇਡਾ ਵਿਚ ਜਾ ਕੇ ਸ਼ਿਫਟਾਂ ਵਿਚ ਕੰਮ ਕਰਨਾ ਪੈਂਦਾ ਹੈ ਅਤੇ ਬੇਸਮੈਂਟਾਂ ਵਿਚ ਰਹਿਣ ਲਈ ਮਜਬੂਰ ਹੋਣਾ ਪੈਂਦਾ ਹੈ। ਫਿਰ ਅਜਿਹੇ ਵਿਦਿਆਰਥੀ ਉਸ ਸਮੇਂ ਨੂੰ ਪਛਤਾਉਂਦੇ ਹਨ ਜਦੋਂ ਉਹ ਦਿੱਲੀ ਦੇ ਏਅਰਪੋਰਟ ਦੀਆਂ ਰੰਗ-ਬਿਰੰਗੀਆਂ ਰੋਸ਼ਨੀਆਂ ਵਿਚ ਅੱਖਾਂ ਵਿਚ ਅਨੇਕਾਂ ਸੁਪਨੇ ਲੈ ਕੇ ਇਸ ਮੁਲਕ ਲਈ ਜਹਾਜ਼ ਚੜ੍ਹੇ ਸਨ।

ਅੰਕੜੇ ਕਹਿੰਦੇ ਹਨ ਕਿ ਕੈਨੇਡਾ ’ਚ ਸਾਲ 2023 ਦੌਰਾਨ 1,040,985 ਕੌਮਾਂਤਰੀ ਵਿਦਿਆਰਥੀ ਸਟੱਡੀ ਵੀਜ਼ਾ ’ਤੇ ਰਹਿ ਰਹੇ ਸਨ। ਜੋ ਕਿ 2022 ਨਾਲੋਂ 29 ਫ਼ੀਸਦੀ ਵੱਧ ਸਨ। ਸੰਸਾਰ ਭਰ ਵਿਚਲੇ ਕੌਮਾਂਤਰੀ ਵਿਦਿਆਰਥੀਆਂ ਵਿਚੋਂ ਹਰ 10 ਵਿਚੋਂ 4 ਵਿਦਿਆਰਥੀ ਭਾਰਤੀ ਹਨ।

ਕੈਨੇਡਾ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਵੀਜ਼ਾ ਪਰਮਿਟਾਂ ਦੀ ਗਿਣਤੀ ਨੂੰ ਲਗਾਤਾਰ ਘਟਾ ਰਿਹਾ ਹੈ। ਕੈਨੇਡੀਅਨ ਸਰਕਾਰ ਦੇ ਇਮੀਗ੍ਰੇਸ਼ਨ ਰਿਫਿਊਜ਼ੀ ਐਂਡ ਸਿਟੀਜ਼ਨਸ਼ਿਪ ਵਿਭਾਗ ਨੇ ਨਵੇਂ ਅੰਕੜੇ ਜਾਰੀ ਕੀਤੇ ਹਨ ਜਿਸ ਅਨੁਸਾਰ 2025 ਦੀ ਪਹਿਲੀ ਤਿਮਾਹੀ ਵਿਚ ਸਿਰਫ਼ 30,640 ਭਾਰਤੀ ਵਿਦਿਆਰਥੀਆਂ ਨੂੰ ਪਰਮਿਟ ਜਾਰੀ ਕੀਤੇ ਗਏ ਸਨ। ਪਿਛਲੇ ਸਾਲ ਦੀ ਪਹਿਲੀ ਤਿਮਾਹੀ ਦੇ ਮੁਕਾਬਲੇ ਕੈਨੇਡਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਵਿਚ 31 ਫ਼ੀਸਦੀ ਦੀ ਕਮੀ ਆਈ ਹੈ। 2024 ਦੀ ਪਹਿਲੀ ਤਿਮਾਹੀ ਵਿਚ 44,295 ਭਾਰਤੀ ਵਿਦਿਆਰਥੀਆਂ ਨੂੰ ਪਰਮਿਟ ਜਾਰੀ ਕੀਤੇ ਗਏ ਸਨ।

ਦਰਅਸਲ, ਕੈਨੇਡੀਅਨ ਸਰਕਾਰ ਵਿਦੇਸ਼ਾਂ ਤੋਂ ਪੜ੍ਹਾਈ ਲਈ ਕੈਨੇਡਾ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਨੂੰ ਕੰਟਰੋਲ ਕਰਨਾ ਚਾਹੁੰਦੀ ਹੈ। ਸਾਲ 2023 ਵਿਚ ਉਸ ਨੇ 6,81,155 ਵਿਦੇਸ਼ੀ ਵਿਦਿਆਰਥੀਆਂ ਨੂੰ ਵੀਜ਼ੇ ਜਾਰੀ ਕੀਤੇ, ਜਿਨ੍ਹਾਂ ਵਿਚੋਂ 2,78,045 ਭਾਰਤੀ ਵਿਦਿਆਰਥੀਆਂ ਨੂੰ ਦਿੱਤੇ ਗਏ ਸਨ, ਪਰ ਉਦੋਂ ਤੋਂ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ। ਸਾਲ 2024 ਵਿਚ ਕੈਨੇਡਾ ਨੇ ਕੁੱਲ 5,16,275 ਵਿਦੇਸ਼ੀ ਵਿਦਿਆਰਥੀਆਂ ਨੂੰ ਵੀਜ਼ੇ ਜਾਰੀ ਕੀਤੇ, ਜਿਨ੍ਹਾਂ ਵਿਚੋਂ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਵੀਜ਼ਿਆਂ ਦੀ ਗਿਣਤੀ 1,88,465 ਸੀ। ਇਥੇ ਰਿਕਾਰਡ ਇਮੀਗ੍ਰੇਸ਼ਨ ਅਤੇ ਇਸ ਦੇ ਨਤੀਜੇ ਵਜੋਂ ਉੱਥੇ ਘਰਾਂ ਦੀ ਕੀਮਤ ਵਿਚ ਵਾਧਾ ਅਤੇ ਸਿਹਤ ਅਤੇ ਆਵਾਜਾਈ ’ਤੇ ਵਧਦੇ ਦਬਾਅ ਕਾਰਨ ਕੈਨੇਡੀਅਨ ਸਰਕਾਰ ਨੇ ਵਿਦੇਸ਼ੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਵੀਜ਼ਾ ਪਰਮਿਟਾਂ ਵਿਚ ਕਟੌਤੀ ਕਰਨ ਦਾ ਫ਼ੈਸਲਾ ਕੀਤਾ। ਉਸ ਨੇ 2023 ਤੋਂ ਹੀ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਘਟਾਉਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਸੀ ਤੇ 2023 ਵਿਚ ਕੁੱਲ 6.81 ਲੱਖ ਸਟੱਡੀ ਪਰਮਿਟ ਜਾਰੀ ਕੀਤੇ, ਜਿਨ੍ਹਾਂ ਵਿਚੋਂ 2.78 ਲੱਖ ਭਾਰਤੀ ਵਿਦਿਆਰਥੀਆਂ ਲਈ ਸਨ। 2024 ਵਿਚ ਪਰਮਿਟਾਂ ਦੀ ਕੁੱਲ ਗਿਣਤੀ ਘਟ ਕੇ 5.16 ਲੱਖ ਹੋ ਗਈ, ਜਿਨ੍ਹਾਂ ਵਿਚੋਂ 1.88 ਲੱਖ ਭਾਰਤੀ ਵਿਦਿਆਰਥੀ ਸਨ। ਇਸ ਕਾਰਨ ਇਥੇ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਲਗਪਗ 40 ਫ਼ੀਸਦੀ ਘਟ ਗਈ ਹੈ।

ਕੈਨੇਡਾ ਵਿਚ ਰਹਿ ਰਹੇ ਵਿਦਿਆਰਥੀ ਦੱਸਦੇ ਹਨ ਕਿ ਇੱਥੇ ਵਿਦਿਆਰਥੀ ਜੀਵਨ ਬਹੁਤ ਸੰਘਰਸ਼ਮਈ ਹੈ। ਭਾਰਤ ਦੇ ਵਿਦਿਆਰਥੀਆਂ ਵਿਚੋਂ ਸਭ ਤੋਂ ਵੱਧ ਗਿਣਤੀ ਪੰਜਾਬ ਅਤੇ ਗੁਜਰਾਤ ਦੇ ਵਿਦਿਆਰਥੀਆਂ ਦੀ ਹੈ। ਇੱਥੇ ਦੀ ਸਰਕਾਰ ਦੇ ਅਧਿਕਾਰਤ ਅੰਕੜਿਆਂ ਮੁਤਾਬਕ 2022 ਦੇ ਮੁਕਾਬਲੇ 2023 ਵਿਚ ਐਕਟਿਵ ਸਟੂਡੈਂਟ ਵੀਜ਼ਿਆਂ ਦੀ ਗਿਣਤੀ ਤਕਰੀਬਨ 29 ਫ਼ੀਸਦੀ ਵਧ ਕੇ ਕਰੀਬ 10 ਲੱਖ 40 ਹਜ਼ਾਰ ਹੋ ਗਈ। ਇਨ੍ਹਾਂ ਵਿਚੋਂ ਕਰੀਬ ਚਾਰ ਲੱਖ 87 ਹਜ਼ਾਰ ਭਾਰਤੀ ਵਿਦਿਆਰਥੀ ਸਨ। ਇਸ ਤੋਂ ਇਲਾਵਾ ਭਾਰਤੀ ਖਾਸ ਕਰ ਕੇ ਪੰਜਾਬੀ ਵਿਦਿਆਰਥੀਆਂ ਵਿਚ ਇਕ-ਦੂਜੇ ਦੀ ਦੇਖਾ-ਦੇਖੀ ਵੀ ਕੈਨੇਡਾ ਜਾਣ ਦਾ ਰੁਝਾਨ ਵਧਦਾ ਜਾ ਰਿਹਾ ਹੈ। ਕਈ ਵਿਦਿਆਰਥੀ ਅਜਿਹੇ ਹਨ ਜਿਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਵਿਦੇਸ਼ ਜਾਣ ਦੀ ਥਾਂ ਭਾਰਤ ਵਿਚ ਰਹਿ ਕੇ ਹੀ ਉਚੇਰੀ ਪੜ੍ਹਾਈ ਕਰਨ ਲਈ ਕਹਿੰਦੇ ਹਨ ਪਰ ਵਿਦਿਆਰਥੀਆਂ ਵਿਚ ਵਿਦੇਸ਼ ਜਾਣ ਦੀ ਇੱਛਾ ਕਰਕੇ ਮਾਪਿਆਂ ਨੂੰ ਨਾ ਚਾਹੁੰਦਿਆਂ ਵੀ ਆਪਣੇ ਧੀਆਂ-ਪੁੱਤਰਾਂ ਨੂੰ ਉਚੇਰੀ ਪੜ੍ਹਾਈ ਲਈ ਦੂਸਰੇ ਮੁਲਕ ਭੇਜਣਾ ਪੈਂਦਾ ਹੈ।

ਇਸ ਸਮੇਂ ਪੂਰੀ ਦੁਨੀਆਂ ਕਿਸੇ ਨਾ ਕਿਸੇ ਰੂਪ ਵਿਚ ਆਰਥਿਕ ਤੰਗੀ ਨਾਲ ਜੂਝ ਰਹੀ ਹੈ ਤੇ ਸੁਭਾਵਿਕ ਹੈ ਕਿ ਇਸ ਦਾ ਅਸਰ ਕੈਨੇਡਾ ਵਿਚ ਵੀ ਹੋ ਰਿਹਾ ਹੈ। ਮਹਿੰਗਾਈ ਵਿਚ ਵਾਧਾ ਹੋਣ ਕਾਰਨ ਅਨੇਕਾਂ ਭਾਰਤੀ ਲੋਕ ਇਸ ਦੇਸ਼ ਨੂੰ ਛੱਡ ਕੇ ਅਮਰੀਕਾ, ਆਸਟ੍ਰੇਲੀਆ ਅਤੇ ਹੋਰ ਦੇਸ਼ਾਂ ਵਿਚ ਜਾਣ ਲੱਗੇ ਹਨ। ਕੈਨੇਡਾ ਵਿਖੇ ਉਨ੍ਹਾਂ ਵਿਦਿਆਰਥੀਆਂ ਦੀ ਵੀ ਵੱਡੀ ਗਿਣਤੀ ਹੈ ਜੋ ਇੱਥੇ ਦੀਆਂ ਤਲਖ਼ ਹਕੀਕਤਾਂ ਦਾ ਸਾਹਮਣਾ ਕਰਨ ਤੋਂ ਬਾਅਦ ਵਾਪਸ ਭਾਰਤ ਪਰਤਣਾ ਚਾਹੁੰਦੇ ਹਨ ਪਰ ਉਹ ਇਹ ਸੋਚ ਕੇ ਵਾਪਸ ਨਹੀਂ ਜਾਂਦੇ ਕਿ ਉਨ੍ਹਾਂ ਦੇ ਰਿਸ਼ਤੇਦਾਰ ਅਤੇ ਪਿੰਡ ਵਾਸੀ ਕੀ ਕਹਿਣਗੇ?

ਕੈਨੇਡਾ ਰਹਿ ਰਹੇ ਕੌਮਾਂਤਰੀ ਵਿਦਿਆਰਥੀ ਕਹਿੰਦੇ ਹਨ ਕਿ ਇਹ ਤਾਂ ਉਨ੍ਹਾਂ ਲਈ ਮਿੱਠੀ ਜੇਲ੍ਹ ਹੈ ਜਿੱਥੇ ਹਰ ਚੀਜ਼ ਮਿਲ ਜਾਂਦੀ ਹੈ ਪਰ ਅਪਣੱਤ ਨਹੀਂ ਮਿਲਦੀ। ਇੱਥੇ ਇਹ ਗੱਲ ਕਹਿਣ ਵਾਲਾ ਕੋਈ ਨਹੀਂ ਹੁੰਦਾ ਕਿ ‘ਪੁੱਤਰ ਰੋਟੀ ਖਾ ਲਈ ਹੈ ਕਿ ਨਹੀਂ?’। ਇੱਥੇ ਸਭ ਕੁਝ ਮਸ਼ੀਨੀ ਹੋ ਗਿਆ ਹੈ ਅਤੇ ਕੌਮਾਂਤਰੀ ਵਿਦਿਆਰਥੀਆਂ ਨੂੰ ਮਸ਼ੀਨਾਂ ਨਾਲ ਮਸ਼ੀਨਾਂ ਵਰਗਾ ਹੋ ਕੇ ਹੀ ਕੰਮ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ ਰੋਜ਼ੀ-ਰੋਟੀ ਕਮਾਉਣ ਵਿਦੇਸ਼ਾਂ ਵਿਚ ਗਏ ਬੱਚਿਆਂ ਦੀਆਂ ਮੌਤਾਂ ਦੀਆਂ ਖ਼ਬਰਾਂ ਸੁਣ ਕੇ ਵੀ ਦਿਲ ਦੁਖੀ ਹੋ ਜਾਂਦਾ ਹੈ। ਕੁਝ ਸਮਾਂ ਪਹਿਲਾਂ ਵਿਦੇਸ਼ ਰਾਜ ਮੰਤਰੀ ਨੇ ਰਾਜ ਸਭਾ ਵਿਚ ਪੁੱਛੇ ਗਏ ਇਕ ਸਵਾਲ ਦਾ ਲਿਖਤੀ ਜਵਾਬ ਦਿੰਦੇ ਹੋਏ ਦੱਸਿਆ ਸੀ ਕਿ 2018 ਤੋਂ ਲੈ ਕੇ 2023 ਦੇ ਦਸੰਬਰ ਮਹੀਨੇ ਤੱਕ ਵਿਦੇਸ਼ ਵਿਚ 403 ਭਾਰਤੀ ਵਿਦਿਆਰਥੀਆਂ ਦੀ ਮੌਤ ਹੋਈ, ਇਸ ਵਿਚੋਂ ਸਭ ਤੋਂ ਜ਼ਿਆਦਾ 91 ਮੌਤਾਂ ਕੈਨੇਡਾ ਵਿਚ ਹੋਈਆਂ। ਕੁਝ ਮੌਤਾਂ ਕੁਦਰਤੀ ਪਰ ਕੁਝ ਦਾ ਕਾਰਨ ਚਿੰਤਾ ਵੀ ਮੰਨਿਆ ਜਾ ਰਿਹਾ ਹੈ।

ਇਨ੍ਹਾਂ ਹਾਲਾਤ ਦੇ ਬਾਵਜੂਦ ਨੌਜਵਾਨ ਜਾਇਜ਼ ਤੇ ਨਾਜਾਇਜ਼ ਦੋਵਾਂ ਤਰੀਕਿਆਂ ਨਾਲ ਵਿਦੇਸ਼ ਜਾਣਾ ਚਾਹੁੰਦੇ ਹਨ। ਕੈਨੇਡਾ ਜਾਂ ਹੋਰ ਦੇਸ਼ ਜਾਣ ਦੇ ਚਾਹਵਾਨ ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਪੈਸਿਆਂ ਨਾਲ ਪੰਜਾਬ ’ਚ ਹੀ ਕੋਈ ਕੰਮ ਸ਼ੁਰੂ ਕਰਨ। ਇਸ ਨਾਲ ਉਨ੍ਹਾਂ ਨੂੰ ਚੰਗੀ ਆਮਦਨੀ ਵੀ ਹੋਵੇਗੀ ਅਤੇ ਉਨ੍ਹਾਂ ਨੂੰ ਆਪਣੇ ਪਰਿਵਾਰ ਅਤੇ ਜੱਦੀ ਘਰਾਂ ਤੋਂ ਦੂਰ ਵੀ ਨਹੀਂ ਹੋਣਾ ਪਵੇਗਾ। ਪੰਜਾਬ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰੇ।

## ਸਤੰਬਰ ’ਚ ਵੀ ਪਵੇਗਾ ਜ਼ਬਰਦਸਤ ਮੀਂਹ

ਨਵੀਂ ਦਿੱਲੀ- ਜ਼ਬਰਦਸਤ ਮੀਂਹ ਕਾਰਨ ਦੇਸ਼ ਦੇ ਕਈ ਹਿੱਸੇ ਕੁਦਰਤੀ ਆਫਤਾਂ ਨਾਲ ਜੂਝ ਰਹੇ ਹਨ। ਮੌਸਮ ਵਿਭਾਗ ਮੁਤਾਬਕ, ਸਤੰਬਰ ਵਿਚ ਵੀ ਆਮ ਨਾਲੋਂ ਜ਼ਿਆਦਾ ਮੀਂਹ ਪੈਣ ਦੀ ਸੰਭਾਵਨਾ ਹੈ। ਇਸ ਕਾਰਨ ਇਸ ਮਹੀਨੇ ਵੀ ਉੱਤਰਾਖੰਡ ’ਚ ਜ਼ਮੀਨ ਖਿਸਕਣ ਅਤੇ ਬੱਦਲ ਫਟਣ ਨਾਲ ਅਚਾਨਕ ਹੜ੍ਹ ਆ ਸਕਦਾ ਹੈ। ਇਸ ਦੇ ਨਾਲ ਹੀ ਦੱਖਣੀ ਹਰਿਆਣਾ, ਦਿੱਲੀ ਤੇ ਉੱਤਰੀ ਰਾਜਸਥਾਨ ਵਿਚ ਆਮ ਜੀਵਨ ਪ੍ਰਭਾਵਿਤ ਹੋ ਸਕਦਾ ਹੈ। ਭਾਰਤੀ ਮੌਸਮ ਵਿਗਿਆਨ ਵਿਭਾਗ ਨੇ ਐਤਵਾਰ ਨੂੰ ਕਿਹਾ ਕਿ ਸਤੰਬਰ 2025 ਵਿਚ ਮਹੀਨਾਵਾਰ ਔਸਤ ਮੀਂਹ ਲੰਬੇ ਸਮੇਂ ਦੀ ਔਸਤ 167l9 ਮਿਲੀਮੀਟਰ ਦੇ 109 ਫ਼ੀਸਦੀ ਤੋਂ ਜ਼ਿਆਦਾ ਪੈਣ ਦੀ ਸੰਭਾਵਨਾ ਹੈ। ਵਿਭਾਗ ਦੇ ਡਾਇਰੈਕਟਰ ਜਨਰਲ ਮ੍ਰਿਤੁੰਜਯ ਮਹਾਪਾਤਰ ਨੇ ਚਿਤਾਵਨੀ ਦਿੱਤੀ ਕਿ ਕਈ ਨਦੀਆਂ ਉੱਤਰਾਖੰਡ ਤੋਂ ਨਿਕਲਦੀਆਂ ਹਨ। ਇਸ ਲਈ ਜ਼ਬਰਦਸਤ ਮੀਂਹ ਦਾ ਮਤਲਬ ਹੈ ਕਿ ਕਈ ਨਦੀਆਂ ਆਫਰੀਆ ਹੋਣਗੀਆਂ ਤੇ ਇਸ ਦਾ ਅਸਰ ਨੀਵੇਂ ਇਲਾਕਿਆਂ ਦੇ ਸ਼ਹਿਰਾਂ ਤੇ ਕਸਬਿਆਂ ’ਤੇ ਪਵੇਗਾ। ਸਾਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਛੱਤੀਸਗੜ੍ਹ ਵਿਚ ਮਹਾਨਦੀ ਦੇ ਉੱਪਰਲੇ ਕੈਚਮੈਂਟ ਖੇਤਰ ਵਿਚ ਵੀ ਜ਼ਬਰਦਸਤ ਮੀਂਹ ਪੈਣ ਦੀ ਸੰਭਾਵਨਾ ਹੈ।

## ‘ਪਰਦੇਸ ਟਾਇਮਜ਼’ ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਰਣਜੀਤ ਕੰਦੋਲਾ
(2) ਅਵਤਾਰ ਸਿੰਘ ਸਹੋਤਾ
(3) ਇੰਦਰਜੀਤ ਸਿੰਘ, ਹੇਵਰਡ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਡਾ. ਚਰਨਜੀਤ ਸਿੰਘ ਉਪਲ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਭੁਪਿੰਦਰ ਸਿੰਘ ਪਦਮ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਪ੍ਰੋ. ਜਸਪਾਲ ਸਿੰਘ ਸੈਣੀ
(18) ਜਸਵੀਰ ਸਿੰਘ ਤੱਖਰ
(19) ਸੁਖਵਿੰਦਰ ਭੇਲਾ
(20) ਰਵਿੰਦਰ ਪਾਲ
(21) ਅਟਾਰਨੀ ਤਨਵੀਰ ਜੋਸ਼ੀ
(22) ਰੋਜ਼ੀ ਕਮਲ ਕੌਰ
(23) ਦਵਿੰਦਰ ਸਿੰਘ ਪਾਬਲਾ










'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ ਸੰਪਰਕ ਕਰੋ: **510-938-7771** **shaadi@pardestimes.com**

### ਲੜਕੀ ਦੀ ਲੋੜ

ਅਮਰੀਕਾ ਦਾ ਜੰਮਪਲ, 27 ਸਾਲਾ, ਕੱਦ 6 ਫੁੱਟ 1 ਇੰਚ, ਸਿੱਖ (ਰਾਮਗੜ੍ਹੀਆ), Bachelor in Biochemistry n Molecular Biology, Masters in Bioinformatics, ਸਾਇੰਟਿਸਟ ਲਈ ਪੜ੍ਹੀ-ਲਿਖੀ, ਸੁੰਦਰ ਲੜਕੀ ਦੀ ਲੋੜ ਹੈ। ਸੰਪਰਕ ਕਰੋ: (510) 774-7006 ਜਾਂ (510) 485-1133

### ਲੜਕੀ ਦੀ ਲੋੜ

27 ਸਾਲਾ ਲੜਕਾ, ਕੱਦ 5 ਫੁੱਟ 7 ਇੰਚ, ਸ਼ਰਾਬ ਸਿਗਰਟਨੋਸ਼ੀ ਰਹਿਤ, Bachelor's in physiotherapy, ਇਸ ਵਕਤ ਲੈਥਰੋਪ (ਕੈਲੇਫੋਰਨੀਆ) ਰਹਿ ਰਿਹਾ ਹੈ। ਗ੍ਰੀਨ ਕਾਰਡ ਹੋਲਡਰ, ਆਪਣਾ ਘਰ, ਲਈ ਪੜ੍ਹੀ-ਲਿਖੀ ਅਤੇ ਚੰਗੇ ਪਰਿਵਾਰਕ ਮਾਹੌਲ ਦੀ ਲੜਕੀ ਦੀ ਲੋੜ ਹੈ।
ਸੰਪਰਕ ਕਰੋ: 510-434-4263

### ਲੜਕੀ ਦੀ ਲੋੜ

ਬਹੁਤ ਹੀ ਸੋਹਣਾ ਸੁਨੱਖਾ ਲੜਕਾ, ਉਮਰ 33 ਸਾਲ, ਕੱਦ 6 ਫੁੱਟ, ਸੰਗਰ ਗੋਤ, ਨਰਸਿੰਗ ਪਾਸ, ਕੈਲੇਫੋਰਨੀਆ 'ਚ ਗੈਸ ਸਟੇਸ਼ਨ ਤੇ ਹੋਰ ਸਟੋਰਾਂ ਦਾ ਮਾਲਕ, ਲਈ ਬਰਾਬਰ ਦੀ ਪੜ੍ਹਾਈ ਵਾਲੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸੁਰਜੀਤ ਜੀ ਨੂੰ 707-291-2901 ਤੇ ਸੰਪਰਕ ਕਰੋ ਜੀ।

### ਲੜਕੀ ਦੀ ਲੋੜ

31 ਸਾਲਾ ਰਾਮਗੜ੍ਹੀਆ ਸਿੱਖ ਸਿਟੀਜ਼ਨ, ਕੱਦ 5 ਫੁੱਟ 8 ਇੰਚ, ਸੋਹਣਾ-ਸੁਨੱਖਾ, ਬੀ. ਐਸ.: ਹੈਲਥ ਸਾਇੰਸ, ਐਮਰਜੈਂਸੀ ਰੂਮ ਟੈਕਨੀਸ਼ੀਅਨ, ਕੈਲੇਫੋਰਨੀਆ ਦੇ ਬੇਅ-ਏਰੀਆ 'ਚ ਰਹਿੰਦੇ ਲੜਕੇ ਲਈ ਖ਼ੂਬਸੂਰਤ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਪਿਤਾ ਹਰਮਿੰਦਰ ਸਿੰਘ ਲੱਲ ਨਾਲ 510-468-5436 'ਤੇ ਸੰਪਰਕ ਕਰੋ।

### ਵਰ ਦੀ ਲੋੜ

38 ਸਾਲਾ, ਕਨੇਡੀਅਨ ਸਿਟੀਜ਼ਨ (ਤਲਾਕਸ਼ੁਦਾ, ਕੋਈ ਬੱਚਾ ਨਹੀਂ), ਕੱਦ 5 ਫੁੱਟ 6 ਇੰਚ, ਹੁਣ ਲੀਗਲ ਪ੍ਰੋਫੈਸਨਲ ਵਜੋਂ ਕੰਮ ਕਰਦੀ, ਬੀ. ਕਾਮ, ਐਮ. ਕਾਮ ਅਤੇ ਐਮ. ਬੀ.ਏ., 8 ਸਾਲ 6 ਮਹੀਨੇ ਯੂਨੀਵਰਸਿਟੀ ਪ੍ਰੋਫੈਸਰ ਵਜੋਂ ਕੰਮ ਕੀਤਾ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ: 510-828-4541

### ਵਰ ਦੀ ਲੋੜ

ਗੁਰਸਿੱਖ ਲੜਕੀ ਅਮਰੀਕਨ ਸਿਟੀਜ਼ਨ, ਉਮਰ 28 ਸਾਲ, ਕੱਦ 5 ਫੁੱਟ 7 ਇੰਚ, ਲਈ, ਜਿਸਨੇ ਐਚ. ਆਰ. ਦੀ ਗ੍ਰੈਜੂਏਸ਼ਨ ਕੈਲੇਫੋਰਨੀਆ ਤੋਂ ਕੀਤੀ ਹੋਈ ਹੈ ਅਤੇ ਸੀ.ਪੀ.ਏ. ਦਾ ਕੰਮ ਕਰ ਰਹੀ ਹੈ, ਲਈ ਬਰਾਬਰ ਦੀ ਪੜ੍ਹਾਈ ਵਾਲੇ ਲੜਕੇ ਦੀ ਲੋੜ ਹੈ। ਹੋਰ ਜਾਣਕਾਰੀ ਲਈ 747-243-8263 ਤੇ ਸੰਪਰਕ ਕਰੋ।

### ਵਰ ਦੀ ਲੋੜ

36 ਸਾਲਾ, ਤਲਾਕਸ਼ੁਦਾ, ਚੰਡੀਗੜ੍ਹ ਦੀ ਰਹਿਣ ਵਾਲੀ, (ਨਾਂ ਅਮਨਪ੍ਰੀਤ ਕੌਰ) ਮਾਪੇ ਕੈਲੇਫੋਰਨੀਆ ਰਹਿ ਰਹੇ ਹਨ, ਲਈ ਪੜ੍ਹਿਆ-ਲਿਖਿਆ, ਅਮਰੀਕਾ ਸੈਟਲਡ, ਸਿਗਰਟਨੋਸ਼ੀ ਤੋਂ ਦੂਰ, ਚੰਗੇ ਪਰਿਵਾਰ ਦੇ ਲੜਕੇ ਦੀ ਲੋੜ ਹੈ। ਸੰਪਰਕ ਕਰੋ: ਵਟਸਐਪ 91-79734-381880, +1 (408) 422, 8585 (ਵਟਸਐਪ)

# ਭਾਰਤ 'ਚ ਅਵਾਰਾ ਕੁੱਤਿਆਂ ਦੀ ਸਮੱਸਿਆ

ਅਵਾਰਾ ਕੁੱਤਿਆਂ ਬਾਰੇ ਸੁਪਰੀਮ ਕੋਰਟ ਦੇ ਹਾਲੀਆ ਫ਼ੈਸਲੇ ਨੇ ਕਥਿਤ 'ਪਸ਼ੂ ਪ੍ਰੇਮੀਆਂ' ਦੀ ਨੀਂਦ ਉਡਾ ਦਿੱਤੀ ਹੈ। ਉਹ ਇਕ ਅਜਿਹੇ ਮੁੱਦੇ 'ਤੇ ਉੱਚੀ-ਉੱਚੀ ਰੌਲ਼ਾ ਪਾ ਰਹੇ ਹਨ ਜਿਸ ਬਾਰੇ ਉਨ੍ਹਾਂ ਨੂੰ ਕੁਝ ਨਹੀਂ ਪਤਾ। ਕੀ ਉਨ੍ਹਾਂ ਵਿੱਚੋਂ ਕਿਸੇ 'ਤੇ ਜਾਂ ਉਨ੍ਹਾਂ ਦੇ ਕਿਸੇ ਕਰੀਬੀ 'ਤੇ ਕਦੇ ਅਵਾਰਾ ਕੁੱਤਿਆਂ ਦੇ ਝੁੰਡ ਨੇ ਬੇਰਹਿਮੀ ਨਾਲ ਹਮਲਾ ਕੀਤਾ ਹੈ, ਨੋਚਿਆ ਜਾਂ ਜ਼ੀਂਦਾ ਖਾਧਾ ਹੈ? ਜਾਂ ਕਿਸੇ ਬਲਦ ਜਾਂ ਗਾਂ ਨੇ ਸਿੰਙਾਂ ਨਾਲ ਮਾਰ ਕੇ ਹਵਾ ਵਿਚ ਉਛਾਲ ਦਿੱਤਾ ਹੋਵੇ ਅਤੇ ਉਹ ਤੁਰੰਤ ਅਗਲੀ ਦੁਨੀਆ ਵਿਚ ਚਲੇ ਗਏ ਹੋਣ?



ਮੈਂ ਮਾਸਾਹਾਰੀ (ਚਿਕਨ ਖਾਣ ਵਾਲੇ) ਕੁੱਤਾ ਪ੍ਰੇਮੀਆਂ ਲਈ ਕਹਿਣਾ ਚਾਹਾਂਗਾ ਕਿ ਤੁਸੀਂ ਮੁਰਗੀਆਂ, ਬੱਕਰੀਆਂ ਜਾਂ ਭੇਡਾਂ ਅਤੇ ਝੀਂਗਾ ਦੀ ਜ਼ਿੰਦਗੀ ਪ੍ਰਤੀ ਕੋਈ ਸਨਮਾਨ ਨਹੀਂ ਰੱਖਦੇ ਜਿਨ੍ਹਾਂ ਨੂੰ ਤੁਸੀਂ ਬਹੁਤ ਮਜ਼ੇ ਨਾਲ ਖਾਂਦੇ ਹੋ।

ਕੀ ਤੁਸੀਂ ਸੋਚਦੇ ਹੋ ਕਿ ਅਵਾਰਾ ਕੁੱਤੇ ਮੁਰਗੀਆਂ, ਭੇਡਾਂ, ਬੱਕਰੀਆਂ ਅਤੇ ਮੱਛੀਆਂ ਨਾਲੋਂ ਜ਼ਿਆਦਾ ਮਹੱਤਵਪੂਰਨ ਹਨ? ਉਨ੍ਹਾਂ ਸ਼ਾਕਾਹਾਰੀ ਕੁੱਤਾ ਪ੍ਰੇਮੀਆਂ ਲਈ ਵੀ ਕਹਾਂਗਾ ਕਿ ਤੁਸੀਂ ਆਪਣੀਆਂ ਤਲੀਆਂ ਦੇ ਵਿਚਕਾਰ ਇਕ ਮੱਛਰ ਨੂੰ ਮਸਲਣ ਤੋਂ ਪਹਿਲਾਂ ਦੋ ਵਾਰ ਨਹੀਂ ਸੋਚਦੇ। ਤੁਸੀਂ ਮੱਖੀਆਂ ਨੂੰ ਘਰ ਵਿਚ ਆਉਣ ਤੋਂ ਰੋਕਣ ਲਈ ਜਾਲੀ ਲਗਾਉਂਦੇ ਹੋ ਜਦਕਿ ਮੱਖੀਆਂ ਨੂੰ ਵੀ ਘਰ ਵਿਚ ਰਹਿਣ ਦਾ ਅਧਿਕਾਰ ਹੈ। ਕੀ ਤੁਸੀਂ ਮੱਛਰਾਂ, ਮੱਖੀਆਂ ਨੂੰ ਕੁਆਇਲ ਅਤੇ ਰਿਪੇਲੈਂਟ ਦੇ ਧੂੰਏਂ ਨਾਲ ਤੜਫਦੇ ਅਤੇ ਮਰਦੇ ਹੋਏ ਦੇਖਿਆ ਹੈ? ਤੁਹਾਨੂੰ ਕਾਕਰੋਚ ਅਤੇ ਕਿਰਲੀਆਂ ਨੂੰ ਮਾਰਨ ਲਈ ਹਿੱਟ ਸਪਰੇਅ ਦੀ ਵਰਤੋਂ ਕਰਨ ਵਿਚ ਕੋਈ ਝਿਜਕ ਨਹੀਂ ਹੁੰਦੀ। ਤਾਂ, ਕੀ ਤੁਸੀਂ ਸੋਚਦੇ ਹੋ ਕਿ ਅਵਾਰਾ ਜਾਨਵਰਾਂ ਨੂੰ ਕੁਦਰਤ ਦੀਆਂ ਇਨ੍ਹਾਂ ਰਚਨਾਵਾਂ ਨਾਲੋਂ ਜ਼ਿਆਦਾ ਅਧਿਕਾਰ ਹਨ? ਜੇਕਰ ਹਾਂ, ਤਾਂ ਇਨਸਾਨਾਂ ਨੂੰ ਵੀ ਹਨ।

ਜੋ ਲੋਕ ਦਾਅਵਾ ਕਰਦੇ ਹਨ ਕਿ ਉਹ ਕੀੜਿਆਂ ਨੂੰ ਵੀ ਨੁਕਸਾਨ ਨਹੀਂ ਪਹੁੰਚਾਉਂਦੇ, ਕੀ ਉਹ ਆਪਣੇ ਮਨਪਸੰਦ ਗਮਲਿਆਂ ਵਿੱਚੋਂ ਇਕ ਨਦੀਨ ਕੱਢਣ ਤੋਂ ਪਹਿਲਾਂ ਦੋ ਵਾਰ ਸੋਚਦੇ ਹਨ? ਨਦੀਨ ਵੀ ਰੱਬ ਦੀਆਂ ਰਚਨਾਵਾਂ ਹਨ; ਕੀ ਉਨ੍ਹਾਂ ਨੂੰ ਜਿਉਣ ਦਾ ਅਧਿਕਾਰ ਨਹੀਂ ਹੈ? ਭਾਰਤ ਭਾਵੇਂ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥ-ਵਿਵਸਥਾ ਹੋਣ ਦਾ ਦਾਅਵਾ ਕਰੇ ਪਰ ਸਾਡੇ ਕੋਲ ਤਾਂ ਇਨਸਾਨਾਂ ਲਈ ਵੀ ਆਸਰਾ ਅਤੇ ਘਰਾਂ ਲਈ ਫੰਡ ਨਹੀਂ ਹਨ। ਤਾਂ, ਕੀ ਅਸੀਂ ਸੱਚਮੁੱਚ ਜਾਨਵਰਾਂ ਦੇ ਆਸਰਿਆਂ 'ਤੇ ਪੈਸੇ ਬਰਬਾਦ ਕਰ ਰਹੇ ਹਾਂ? ਜਾਂ ਕੀ ਅਵਾਰਾ ਜਾਨਵਰਾਂ ਨੂੰ ਸੜਕਾਂ 'ਤੇ ਅਤੇ ਗਲੀ-ਕੂਚੇ 'ਚ ਰਹਿਣਾ ਚਾਹੀਦਾ ਹੈ? ਜੇਕਰ ਜਵਾਬ ਨਹੀਂ ਹੈ ਤਾਂ ਤੁਸੀਂ ਇਕ ਸੱਚੇ ਪਸ਼ੂ ਪ੍ਰੇਮੀ ਹੋ। ਜੇਕਰ ਤੁਸੀਂ ਅਜੇ ਵੀ ਖ਼ੂੰਖਾਰ ਅਵਾਰਾ ਕੁੱਤਿਆਂ ਦੇ ਕੱਟੜ ਪ੍ਰੇਮੀ ਹੋ ਤਾਂ ਇੱਥੇ ਇਕ ਰਸਤਾ ਹੈ। ਤੁਸੀਂ ਆਪਣੀ ਜਾਇਦਾਦ ਇਨ੍ਹਾਂ ਅਵਾਰਾ ਜਾਨਵਰਾਂ ਦੇ ਲੇਖੇ ਲਾ ਸਕਦੇ ਹੋ। ਇਹ ਉਹੀ ਲੋਕ ਹਨ ਜੋ ਤੁਹਾਨੂੰ ਕੁੱਤਿਆਂ ਦੇ ਜੀਵਨ ਦੇ ਅਧਿਕਾਰ ਬਾਰੇ ਭਾਸ਼ਣ ਦੇਣਗੇ ਪਰ ਨੇੜੇ ਕਿਸੇ ਗ਼ਰੀਬ ਨੂੰ ਝੁੱਗੀ ਪਾਉਣ ਦੀ ਆਗਿਆ ਨਹੀਂ ਦੇਣਗੇ।

**-ਜਤਿੰਦਰਪਾਲ ਸਿੰਘ**

# ਹਰੀ ਕ੍ਰਾਂਤੀ ਦਾ ਝੰਡਾਬਰਦਾਰ ਪੰਜਾਬ ਆਖਿਰ ਪੱਛੜ ਕਿਉਂ ਗਿਆ !

**ਸ਼੍ਰੀਸਰ ਗੁਪਤਾ ਅਤੇ ਰਿਸ਼ੀਤਾ ਸਚਦੇਵਾ**

ਕਿਸੇ ਵੇਲੇ ਪੰਜਾਬ ਭਾਰਤ ਵਿੱਚ ਹਰੀ ਕ੍ਰਾਂਤੀ ਦੀ ਸਫਲਤਾ ਦੀ ਕਹਾਣੀ ਦੀ ਮੋਹਰੀ ਮਿਸਾਲ ਬਣਿਆ ਪਰ ਹੁਣ ਇਸ ਦਾ ਆਰਥਿਕ ਵਿਕਾਸ ਡਾਵਾਂਡੋਲ ਹੈ। ਇਸ ਤਰ੍ਹਾਂ ਇਹ ਮੁਲਕ ਦੇ ਸਭ ਤੋਂ ਮੱਠੀ ਰਫ਼ਤਾਰ ਨਾਲ ਵਿਕਾਸ ਕਰਨ ਵਾਲੇ ਸੂਬਿਆਂ ਵਿੱਚ ਸ਼ਾਮਿਲ ਹੋ ਗਿਆ ਹੈ। 1981 ਤੋਂ 1984 ਤੱਕ ਪੰਜਾਬ ਦੀ ਅਸਲ ਪ੍ਰਤੀ ਜੀਅ ਕੁੱਲ ਘਰੇਲੂ ਪੈਦਾਵਾਰ (ਜੀਡੀਪੀ) 3.2 ਫ਼ੀਸਦ ਸੀ, ਉਦੋਂ ਕੌਮੀ ਔਸਤ 3.1 ਸੀ। 1994 ਤੋਂ 2020 ਤੱਕ ਦੀ ਕਹਾਣੀ ਵੱਖਰੀ ਹੈ: ਪੰਜਾਬ ਦੀ ਪ੍ਰਤੀ ਜੀਅ ਜੀਡੀਪੀ ਸਾਲਾਨਾ 4.1 ਫ਼ੀਸਦ ਦੀ ਮਾਮੂਲੀ ਦਰ ਨਾਲ ਵਧੀ ਹੈ ਜੋ 4.9 ਫ਼ੀਸਦ ਦੀ ਕੌਮੀ ਔਸਤ ਨਾਲੋਂ ਕਾਫ਼ੀ ਨੀਵੀਂ ਹੈ। ਸਿੱਟੇ ਵਜੋਂ ਇਸ ਦੀ ਪ੍ਰਤੀ ਜੀਅ ਜੀਡੀਪੀ ਜੋ 1994 ਵਿੱਚ ਕੌਮੀ ਔਸਤ ਨਾਲੋਂ 65 ਫ਼ੀਸਦ ਜ਼ਿਆਦਾ ਸੀ, ਹੁਣ ਮਹਿਜ਼ 20 ਫ਼ੀਸਦ ਜ਼ਿਆਦਾ ਰਹਿ ਗਈ ਹੈ। ਵਿਕਾਸ ਦੇ ਜ਼ਿਆਦਾਤਰ ਲੱਛਣਾਂ ਜਿਵੇਂ ਭੌਤਿਕ ਬੁਨਿਆਦੀ ਢਾਂਚਾ, ਸਮਾਜਿਕ ਬੁਨਿਆਦੀ ਢਾਂਚਾ ਤੇ ਸ਼ਾਸਨ (ਸਾਲ 2020 ਲਈ ਅਤੇ ਦੇਰਪਾ ਇਤਿਹਾਸਕ ਔਸਤ ਦੇ ਲਿਹਾਜ਼ ਤੋਂ ਵੀ), ਪੱਖੋਂ ਪੰਜਾਬ ਦੀ ਕਾਫ਼ੀ ਮਜ਼ਬੂਤ ਕਾਰਗੁਜ਼ਾਰੀ ਦੇ ਮੱਦੇਨਜ਼ਰ ਇਸ ਦੀ ਸਮੁੱਚੀ ਆਰਥਿਕ ਮਾੜੀ ਕਾਰਗੁਜ਼ਾਰੀ ਸਮਝ ਤੋਂ ਬਾਹਰ ਹੈ।ਮਿਸਾਲ ਦੇ ਤੌਰ ’ਤੇ 2020 ਵਿੱਚ ਪੰਜਾਬ ਵਿੱਚ ਘਰਾਂ ਦੀਆਂ ਔਸਤ ਕੀਮਤਾਂ 20 ਮੁੱਖ ਸੂਬਿਆਂ ਦੀ ਔਸਤ ਨਾਲੋਂ 20 ਫ਼ੀਸਦ ਘੱਟ ਸਨ, ਮੁੱਢਲੀ ਸਿੱਖਿਆ ਵਿੱਚ ਇਸ ਦੇ ਕੁੱਲ ਦਾਖ਼ਲਿਆਂ ਦਾ ਅਨੁਪਾਤ 29.5 ਫ਼ੀਸਦ ਸੀ ਜੋ ਭਾਰਤ ਦੀ 27.5 ਫ਼ੀਸਦ ਕੌਮੀ ਔਸਤ ਨਾਲੋਂ ਜ਼ਿਆਦਾ ਹੈ, ਸਰੀਰ ਦੇ ਹੇਠਲੇ ਹਿੱਸਿਆਂ ਦੇ ਮਧਰੇਪਣ (ਸਟੰਟਿੰਗ) ਦਾ ਅਨੁਪਾਤ 26 ਫ਼ੀਸਦ ਹੈ; ਕੁੱਲ ਹਿੰਦ ਔਸਤ 35 ਫ਼ੀਸਦ ਹੈ। ਇਸ ਤੋਂ ਇਲਾਵਾ ਕਿਰਤ ਲਚਕਤਾ ਗਣਨਾ ਵਿੱਚ ਪੰਜਾਬ ਚੋਟੀ ਦੇ ਪੰਜ-ਛੇ ਰਾਜਾਂ ਵਿੱਚ ਆਉਂਦਾ ਹੈ। ਕੁਝ ਮਾਮਲਿਆਂ ਵਿੱਚ ਚੁਣੌਤੀਆਂ ਮੌਜੂਦ ਹਨ ਜਿਵੇਂ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੀ ਕਵਰੇਜ ਜੋ ਪੰਜਾਬ ਵਿੱਚ ਮਹਿਜ਼ 73 ਫ਼ੀਸਦ ਹੈ; ਬਹੁਤ ਸਾਰੇ ਸੂਬਿਆਂ ਵਿੱਚ ਇਹ 90 ਫ਼ੀਸਦ ਤੋਂ ਜ਼ਿਆਦਾ ਹੈ। ਜੀਡੀਪੀ ਦੇ ਅਨੁਪਾਤ ਵਿੱਚ ਔਸਤ ਰਾਜਕੋਸ਼ੀ ਘਾਟਾ 4 ਫ਼ੀਸਦ ਹੈ ਜੋ ਕਾਫ਼ੀ ਜ਼ਿਆਦਾ ਹੈ ਜਿਸ ਨੂੰ ਮੁਖ਼ਾਤਿਬ ਹੋਣ ਦੀ ਲੋੜ ਹੈ। ਇਸ ਤੋਂ ਬੁਨਿਆਦੀ ਸਵਾਲ ਉੱਠਦਾ ਹੈ- ਪੰਜਾਬ ਵਿਕਾਸ ਪੱਖੋਂ ਪੱਛੜ ਕਿਉਂ ਰਿਹਾ ਹੈ ਅਤੇ ਇਸ ਨੂੰ ਮੁੜ ਪੈਰਾਂ ’ਤੇ ਖੜ੍ਹੇ ਕਰਨ ਲਈ ਕੀ ਕੁਝ ਕੀਤਾ ਜਾ ਸਕਦਾ ਹੈ? ਪੰਜਾਬ ਖੇਤੀ ਤੇ ਕਿਰਤ ਮੁਖੀ ਨਿਰਮਾਣ ਖੇਤਰ ਦੀ ਵੱਡੀ ਸ਼ਕਤੀ ਹੈ। ਇਸ ਦੀ ਮੱਠੀ ਪੈ ਰਹੀ ਕਾਰਗੁਜ਼ਾਰੀ ਨੂੰ ਸਮਝਣ ਦਾ ਮਤਲਬ ਹੈ, ਇਨ੍ਹਾਂ ਦੋ ਖੇਤਰਾਂ ਵਿੱਚ ਵਿਕਾਸ ਕਾਰਗੁਜ਼ਾਰੀ ਉੱਤੇ ਠੋਸ ਤਰੀਕੇ ਨਾਲ ਕਾਬੂ ਪਾਉਣਾ।

ਪੰਜਾਬ ਦੀ ਕੁੱਲ ਘਰੇਲੂ ਪੈਦਾਵਾਰ ਵਿੱਚ ਅਜੇ ਵੀ ਖੇਤੀਬਾੜੀ ਦਾ ਯੋਗਦਾਨ 20 ਫ਼ੀਸਦ ਹੈ ਜੋ 15 ਫ਼ੀਸਦ ਦੀ ਕੌਮੀ ਔਸਤ ਨਾਲ ਕਾਫ਼ੀ ਜ਼ਿਆਦਾ ਹੈ। ਫਿਰ ਵੀ 2012 ਤੋਂ ਇਸ ਖੇਤਰ ਵਿੱਚ ਵੀ ਪੰਜਾਬ ਸਭ ਤੋਂ ਮੱਠੀ ਰਫ਼ਤਾਰ ਨਾਲ ਵਿਕਾਸ ਕਰਨ ਵਾਲਾ ਖ਼ਿੱਤਾ ਹੈ ਜੋ ਸਾਲਾਨਾ ਮਹਿਜ਼ 2 ਫ਼ੀਸਦ ਦੀ ਦਰ ਨਾਲ ਵਧ ਰਿਹਾ ਹੈ; ਕੌਮੀ ਔਸਤ (2012-14) ਨਾਲੋਂ ਅੱਧੀ ਹੈ। ਆਮ ਧਾਰਨਾ ਦੇ ਉਲਟ ਇਸ ਦੀ ਮਾੜੀ ਕਾਰਕਰਦਗੀ ਦਾ ਤਾਣਾ-ਪੇਟਾ ਇਸ ਦੇ ਖੇਤੀਬਾੜੀ ਖੇਤਰ ਵਿੱਚ ਨਿਹਿਤ ਨਹੀਂ। ਮੱਧ ਪ੍ਰਦੇਸ਼ ਤੇ ਆਂਧਰਾ ਪ੍ਰਦੇਸ਼ ਜਿਹੇ ਸੂਬੇ 2012 ਤੋਂ ਸਾਲਾਨਾ 7 ਫ਼ੀਸਦ ਦੀ ਦਰ ਨਾਲ ਖੇਤੀਬਾੜੀ ਵਿਕਾਸ ਕਰ ਰਹੇ ਹਨ ਜਿਸ ਦੀ ਰਣਨੀਤਕ ਵਿਸ਼ੇਸ਼ਤਾ ਕਣਕ ਤੇ ਸੋਇਆਬੀਨ (ਮੱਧ ਪ੍ਰਦੇਸ਼) ਅਤੇ ਝੀਂਗਾ ਮੱਛੀ ਪਾਲਣ (ਆਂਧਰਾ) ’ਤੇ ਹੈ। ਇਸ ਸ਼ਾਨਦਾਰ ਵਿਕਾਸ ਦੇ ਸਿੱਟੇ ਵਜੋਂ ਇਨ੍ਹਾਂ ਸੂਬਿਆਂ ਵਿੱਚ ਖੇਤੀਬਾੜੀ ਇਨ੍ਹਾਂ ਦੀ ਕੁੱਲ ਘਰੇਲੂ ਪੈਦਾਵਾਰ ਵਿਚ ਤੀਜੇ ਹਿੱਸੇ ਦਾ ਯੋਗਦਾਨ ਦੇ ਰਹੀ ਹੈ। ਪੰਜਾਬ ਵਿੱਚ ਖੇਤੀਬਾੜੀ ਦਾ ਸੰਕਟ ਝੋਨੇ ਤੇ ਕਣਕ ਦੇ ਫ਼ਸਲੀ ਚੱਕਰ ਉੱਪਰ ਲੋੜੋਂ ਵੱਧ ਟੇਕ ’ਚੋਂ ਉਪਜਿਆ ਹੈ ਅਤੇ ਕੁੱਲ ਫ਼ਸਲੀ ਰਕਬੇ ਦਾ 80 ਫ਼ੀਸਦੀ ਇਨ੍ਹਾਂ ਫ਼ਸਲਾਂ ਹੇਠ ਆ ਜਾਂਦਾ ਹੈ। ਇਸ ਦੇ ਨਾਲ ਹੀ ਉਤਪਾਦਕਤਾ ਘਟ ਰਹੀ ਹੈ ਜੋ ਕੌਮੀ ਕਣਕ ਉਤਪਾਦਨ ਵਿੱਚ ਪੰਜਾਬ ਦੇ ਘਟ ਰਹੇ ਯੋਗਦਾਨ ਤੋਂ ਦੇਖਿਆ ਜਾ ਸਕਦਾ ਹੈ; ਇਹ 2005 ਤੋਂ 2024 ਤੱਕ 21 ਫ਼ੀਸਦ ਤੋਂ ਘਟ ਕੇ 16 ਫ਼ੀਸਦ ਅਤੇ ਝੋਨੇ ਵਿੱਚ ਇਹ 12 ਫ਼ੀਸਦ ਤੋਂ ਘਟ ਕੇ 10 ਫ਼ੀਸਦ ਰਹਿ ਗਿਆ ਹੈ।

ਇਨ੍ਹਾਂ ਦੋਵੇਂ ਫ਼ਸਲਾਂ ਦੀ ਬਹੁਤ ਜ਼ਿਆਦਾ ਕਾਸ਼ਤ ਨਾਲ ਜ਼ਮੀਨ ਹੇਠਲੇ ਪਾਣੀ ਦੇ ਮੁੱਕਣ ਕੰਢੇ ਚਲੇ ਜਾਣ, ਜ਼ਮੀਨ ’ਚੋਂ ਪੋਸ਼ਕ ਤੱਤਾਂ ਦੀ ਬੇਹੱਦ ਘਾਟ ਆਉਣ ਅਤੇ ਦੀਰਘਕਾਲੀ ਰੂਪ ਵਿੱਚ ਖੇਤੀਬਾੜੀ ਦੀ ਹੰਢਣਸਾਰਤਾ ਤੇ ਮੁਕਾਬਲੇਬਾਜ਼ੀ ਨੂੰ ਢਾਹ ਲੱਗਣ ਜਿਹੇ ਮੂਲ ਸਵਾਲ ਪੈਦਾ ਹੋ ਗਏ ਹਨ। ਪੰਜਾਬ ਦੇ ਕਿਸਾਨਾਂ ਨੂੰ ਕਣਕ ਅਤੇ ਝੋਨੇ ਦੇ ਫ਼ਸਲੀ ਚੱਕਰ ਨੂੰ ਬਦਲਣ ਤੋਂ ਰੋਕਣ ਵਾਲੇ ਕੁਝ ਹੋਰਨਾਂ ਕਾਰਕਾਂ ਵਿੱਚ ਮੁੱਖ ਤੌਰ ’ਤੇ ਇਨ੍ਹਾਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ’ਤੇ ਯਕੀਨੀ ਖਰੀਦ, ਕੇਂਦਰ ਤੇ ਰਾਜ ਸਰਕਾਰ ਵੱਲੋਂ ਝੋਨੇ ਤੇ ਕਣਕ ਦੀ ਕਾਸ਼ਤ ਲਈ ਹੱਲਾਸ਼ੇਰੀ ਦੇਣ ਲਈ ਵਰਤੋਂ ਸਮੱਗਰੀ ’ਤੇ ਦਿੱਤੀਆਂ ਜਾਂਦੀਆਂ ਸਬਸਿਡੀਆਂ ਸ਼ਾਮਿਲ ਹਨ। ਕੁੱਲ ਮਿਲਾ ਕੇ ਇਨ੍ਹਾਂ ਕਾਰਕਾਂ ਸਦਕਾ ਕਣਕ ਤੇ ਝੋਨੇ ਦੀ ਲਾਹੇਵੰਦੀ ਸਾਉਣੀ ਦੀਆਂ ਹੋਰਨਾਂ ਫ਼ਸਲਾਂ ਨਾਲੋਂ 1.1 ਤੋਂ 4 ਗੁਣਾ ਜ਼ਿਆਦਾ ਰਹਿੰਦੀ ਹੈ (ਸਿੰਘ, ਥੰਗਰਾਜ, ਜੁਨੇਜਾ ਐਂਡ ਗੁਲਾਟੀ, 2024)।

ਉਤਪਾਦਨ ਦੀ ਗੱਲ ਕਰੀਏ ਤਾਂ ਰਾਜ ਦੇ ਮੁੱਖ ਆਰਥਿਕ ਕੇਂਦਰ- ਲੁਧਿਆਣਾ ਤੇ ਅੰਮ੍ਰਿਤਸਰ, ਦੋਵੇਂ ਮਿਲ ਕੇ ਪੰਜਾਬ ਦੀ ਜੀਡੀਪੀ ਵਿੱਚ 27 ਫ਼ੀਸਦ ਹਿੱਸਾ ਪਾਉਂਦੇ ਹਨ। ਔਸਤਨ, ਭਾਰਤ ਭਰ ਦੇ ਮੁੱਖ ਆਰਥਿਕ ਕੇਂਦਰ ਆਪੋ-ਆਪਣੇ ਰਾਜ ਦੀ ਜੀਡੀਪੀ ਨਾਲੋਂ 1-3 ਫ਼ੀਸਦ ਦੀ ਤੇਜ਼ੀ ਨਾਲ ਵਧਦੇ ਹਨ। ਪੰਜਾਬ ਦੇ ਆਰਥਿਕ ਕੇਂਦਰ ਇਸ ਰੁਝਾਨ ਤੋਂ ਉਲਟ ਚੱਲ ਰਹੇ ਹਨ; ਸੰਨ 2000 ਤੇ 2020 ਦੇ ਵਿਚਕਾਰ ਇਨ੍ਹਾਂ ਦੀ ਔਸਤ ਵਿਕਾਸ ਦਰ 5.4 ਫ਼ੀਸਦ ਸੀ, ਜੋ ਰਾਜ ਦੀ ਸਮੁੱਚੀ ਵਿਕਾਸ ਦਰ 5.7 ਫ਼ੀਸਦ ਤੋਂ ਘੱਟ ਹੈ। ਲੁਧਿਆਣਾ ਕੱਪੜਾ ਉਦਯੋਗ ਵਿੱਚ ਮੁਹਾਰਤ ਰੱਖਦਾ ਹੈ, ਜਿਸ ਦੇ ਮੱਦੇਨਜ਼ਰ ਇਹ ਖ਼ਰਾਬ ਕਾਰਗੁਜ਼ਾਰੀ ਹੋਰ ਵੀ ਹੈਰਾਨੀਜਨਕ ਹੈ। ਪ੍ਰਚਲਿਤ ਧਾਰਨਾ ਦੇ ਉਲਟ, ਕੱਪੜਾ ਉਦਯੋਗ ਸਹਿਜ ਰੂਪ ’ਚ ਸੁਸਤ ਵਿਕਾਸ ਵਾਲਾ ਖੇਤਰ ਨਹੀਂ। ਚੀਨ ’ਚ ਗੁਆਂਗ-ਡੋਂਗ ਸੂਬੇ ਦਾ ਪਰਲ ਰਿਵਰ ਡੈਲਟਾ (ਪੀਆਰਡੀ) ਮਜ਼ਦੂਰੀ ਆਧਾਰਿਤ ਕਲੱਸਟਰ ਦੇ ਮਾਮਲੇ ’ਚ ਸੰਸਾਰ ਦੀ ਮੁੱਖ ਮਿਸਾਲ ਹੈ ਤੇ ਦੁਨੀਆ ਭਰ ਵਿਚ ਮੋਹਰੀ ਹੈ ਜਿਸ ਨੇ ਚੀਨ ਦੀ ਜੀਡੀਪੀ ਤੇ ਬਰਾਮਦ ਨੂੰ ਕਾਫ਼ੀ ਹੱਦ ਤੱਕ ਵਧਾਇਆ ਹੈ। ਪੀਆਰਡੀ ਦਾ ਚੀਨ ਦੀ ਜੀਡੀਪੀ ਵਿੱਚ ਹਿੱਸਾ 1990 ਤੋਂ 2011 ਦੇ ਵਿਚਕਾਰ 5 ਤੋਂ 9 ਫ਼ੀਸਦ ਤੱਕ ਵਧਿਆ ਹੈ ਜੋ 2013 ਤੱਕ ਚੀਨ ਦੀਆਂ ਬਰਾਮਦਾਂ ਦਾ 27 ਫ਼ੀਸਦ ਤੇ ਚੀਨ ਦੇ ਵਿਦੇਸ਼ੀ ਨਿਵੇਸ਼ ਦਾ 19 ਫ਼ੀਸਦ ਬਣਦਾ ਸੀ (ਚੇਂਗ, 2018)। ਭਾਰਤ ਵਿੱਚ ਕੋਇੰਬਟੂਰ ਜੋ ਕੱਪੜਾ ਉਦਯੋਗ ’ਚ ਵੀ ਮੋਹਰੀ ਹੈ, ਨੇ 2000 ਤੋਂ 2020 ਦੇ ਵਿਚਕਾਰ ਆਪਣੀ ਜੀਡੀਪੀ ਵਿੱਚ 6.9 ਫ਼ੀਸਦ ਦੀ ਮਜ਼ਬੂਤ ਵਿਕਾਸ ਦਰ ਦੇਖੀ ਹੈ। ਇਹ ਤੁਲਨਾ ਉਭਾਰਦੀ ਹੈ ਕਿ ਪੰਜਾਬ ਵਿੱਚ ਸਮੱਸਿਆ ਉਦਯੋਗ ਦੀ ਨਹੀਂ, ਸਗੋਂ ਇਸ ਦੇ ਸਥਾਨਕ ਕਲੱਸਟਰਾਂ ਅੰਦਰ ਖ਼ਾਸ ਅੜਿੱਕਿਆਂ ਅਤੇ ਨਾਲਾਇਕੀਆਂ ਦੀ ਹੈ ਜੋ ਉਨ੍ਹਾਂ ਨੂੰ ਵਿਸ਼ਵਵਿਆਪੀ ਮੁਕਾਬਲੇਬਾਜ਼ੀ ’ਚ ਉਤਰਨ ਤੇ ਆਰਥਿਕ ਵਿਸਥਾਰ ਦੇ ਅਸਲ ਇੰਜਣਾਂ ਵਜੋਂ ਕੰਮ ਕਰਨ ਤੋਂ ਰੋਕਦੇ ਹਨ। ਮਜ਼ਦੂਰੀ ਆਧਾਰਿਤ ਸਨਅਤਾਂ ਦੀ ਮਾੜੀ ਕਾਰਗੁਜ਼ਾਰੀ ਪੰਜਾਬ ਦੇ ਰਫ਼ਤਾਰ ਨਾਲ ਤਰੱਕੀ ਕਰਨ ਵਿੱਚ ਰੁਕਾਵਟ ਬਣਦੀ ਹੈ। ਇਹ ਵੱਡੀ ਨੀਤੀਗਤ ਬੁਝਾਰਤ ਬਣੀ ਹੋਈ ਹੈ ਜਿਸ ਨੂੰ ਸਿਖਰਲੇ ਪੱਧਰ ’ਤੇ ਹੱਲ ਕਰਨ ਦੀ ਲੋੜ ਹੈ। ਇਸ ਚੁਣੌਤੀਪੂਰਨ ਆਰਥਿਕ ਢਾਂਚੇ ਦੇ ਵਿਚਕਾਰ ਮੁਹਾਲੀ (ਐੱਸਏਐੱਸ ਨਗਰ) ਆਸ ਦੀ ਕਿਰਨ ਹੈ। ਪੰਜਾਬ ਦੇ ਜ਼ਿਲ੍ਹਿਆਂ ਦੇ ਜੀਡੀਪੀ ਅੰਕੜਿਆਂ ਦਾ ਡੂੰਘਾਈ ਨਾਲ ਕੀਤਾ ਵਿਸ਼ਲੇਸ਼ਣ ਦੱਸਦਾ ਹੈ ਕਿ ਮੁਹਾਲੀ ਦਾ ਰਾਜ ਦੀ ਜੀਡੀਪੀ ਵਿੱਚ ਹਿੱਸਾ, 2006 ਵਿੱਚ ਇਸ ਦੇ ਗਠਨ ਤੋਂ ਲੈ ਕੇ 2018 ਤੱਕ ਦੇ ਤਾਜ਼ਾ ਅੰਕੜਿਆਂ ਮੁਤਾਬਕ, 6.5 ਤੋਂ ਵਧ ਕੇ 11.5 ਫ਼ੀਸਦ, ਲਗਭਗ ਦੁੱਗਣਾ ਹੋ ਗਿਆ ਹੈ। ਇਸ ਤੇਜ਼ ਤਰੱਕੀ ਦਾ ਕਾਰਨ ਇਸ ਨੂੰ ਆਈਟੀ (ਸੂਚਨਾ ਤਕਨੀਕ) ਕੇਂਦਰ ਦੇ ਰੂਪ ਵਿੱਚ ਵਿਕਸਤ ਕਰਨਾ ਹੈ ਜਿਸ ਨੂੰ ਇੰਫੋਸਿਸ ਕੈਂਪਸ ਅਤੇ ਇੰਡੀਅਨ ਸਕੂਲ ਆਫ ਬਿਜ਼ਨਸ ਵਰਗੇ ਵੱਕਾਰੀ ਵਿਦਿਅਕ ਅਦਾਰਿਆਂ ਦੀ ਸਥਾਪਨਾ ਰਾਹੀਂ ਦਰਸਾਇਆ ਗਿਆ ਹੈ। ਸੇਵਾ ਖੇਤਰ ਦੇ ਧੁਰੇ ਵਜੋਂ ਮੁਹਾਲੀ ਦੀ ਪੂਰੀ ਸਮਰੱਥਾ ਦੀ ਵਰਤੋਂ ਨਹੀਂ ਹੋ ਸਕੀ, ਜਿਸ ਦਾ ਇੱਕ ਕਾਰਨ ਚੰਡੀਗੜ੍ਹ ਵਿੱਚ ਮੁਕੰਮਲ ਕੌਮਾਂਤਰੀ ਹਵਾਈ ਅੱਡੇ ਦੀ ਘਾਟ ਹੈ, ਜੋ ਇਸ ਦੀ ਪਹੁੰਚ ਤੇ ਵਿਸ਼ਵਵਿਆਪੀ ਸੰਪਰਕ ਨੂੰ ਸੀਮਤ ਕਰਦੀ ਹੈ। ਇਸ ਨੂੰ ਪਿਛਲੇ 20 ਸਾਲਾਂ ਵਿੱਚ ਗੁਰੂਗ੍ਰਾਮ ਦੇ ਤੇਜ਼ੀ ਨਾਲ ਹੋਏ ਵਿਕਾਸ ਦੇ ਪੱਖ ਤੋਂ ਵੀ ਸਮਝਿਆ ਜਾ ਸਕਦਾ ਹੈ।

ਪੰਜਾਬ ਨੂੰ ਆਪਣੀ ਅਸਲ ਆਰਥਿਕ ਸਮਰੱਥਾ ਨੂੰ ਪੂਰੀ ਤਰ੍ਹਾਂ ਵਰਤਣ ਲਈ ਬਹੁ-ਪੱਖੀ ਰਣਨੀਤੀ ਅਪਣਾਉਣੀ ਚਾਹੀਦੀ ਹੈ। ਪਹਿਲਾਂ ਤਾਂ ਇਸ ਨੂੰ ਆਪਣੀ ਖੇਤੀ ਨੂੰ ਕਣਕ ਤੇ ਚੌਲਾਂ ਤੋਂ ਇਲਾਵਾ ਪਸ਼ੂਧਨ ਤੇ ਡੇਅਰੀ ਵਰਗੇ ਵਧੇਰੇ ਮੁੱਲ ਜੋੜਨ ਵਾਲੇ ਉਤਪਾਦਾਂ ਵੱਲ ਤੋਰ ਕੇ ਵੰਨ-ਸਵੰਨਤਾ ਲਿਆਉਣ ਦੀ ਲੋੜ ਹੈ। ਦੂਜਾ, ਲੁਧਿਆਣਾ ਵਿੱਚ ਕੱਪੜਾ ਉਦਯੋਗ ਦੇ ਵਿਸ਼ੇਸ਼ ਅੜਿੱਕਿਆਂ ਨੂੰ ਦੂਰ ਕਰਨਾ, ਕੋਇੰਬਟੂਰ ਤੇ ਪੀਆਰਡੀ ਵਰਗੇ ਸਫਲ ਕਲੱਸਟਰਾਂ ਤੋਂ ਸਿੱਖਣਾ ਤਾਂ ਜੋ ਉਤਪਾਦਨ, ਕਾਢ ਤੇ ਬਾਜ਼ਾਰ ਤੱਕ ਪਹੁੰਚ ਵਧਾਈ ਜਾ ਸਕੇ। ਆਖ਼ਿਰ ’ਚ, ਮੁਹਾਲੀ ਨੂੰ ਸੇਵਾ ਖੇਤਰ ਦੇ ਕੇਂਦਰ ਵਜੋਂ ਵਿਕਸਿਤ ਕਰਨਾ ਹੈ। ਆਪਣੇ ਵਿੱਤੀ ਪੱਖਾਂ ਨੂੰ ਰਣਨੀਤਕ ਤੌਰ ’ਤੇ ਵੰਨ-ਸਵੰਨਾ ਬਣਾ ਕੇ, ਮੁਕਾਬਲੇ ਦੇ ਉਦਯੋਗਿਕ ਕਲੱਸਟਰਾਂ ਨੂੰ ਉਤਸ਼ਾਹਿਤ ਕਰ ਕੇ ਅਤੇ ਵਿਕਾਸ ਦੇ ਗੁਣਾਂ ’ਚ ਆਪਣੀ ਵਰਤਮਾਨ ਸਮਰੱਥਾ ਦਾ ਫਾਇਦਾ ਚੁੱਕ ਕੇ, ਪੰਜਾਬ ਵਿਕਾਸ ਦੀ ਸੁਸਤ ਯਾਤਰਾ ਨੂੰ ਤੇਜ਼ ਕਰ ਸਕਦਾ ਹੈ ਤੇ ਉਦਯੋਗੀ ਅਤੇ ਖ਼ੁਸ਼ਹਾਲ ਰਾਜ ਦਾ ਗੁਆਚਾ ਦਰਜਾ ਮੁੜ ਹਾਸਲ ਕਰ ਸਕਦਾ ਹੈ।

# ਸਾਮ, ਦਾਮ, ਦੰਡ, ਭੇਦ, ਪੰਜਾਬ ’ਚ ਸਵੀਕਾਰ ਨਹੀਂ

**ਜਯੋਤੀ ਮਲਹੋਤਰਾ**

ਇਹ ਸਾਮ, ਦਾਮ, ਦੰਡ, ਭੇਦ ਦੀ ਰੁੱਤ ਹੈ। ਇਹ ਕਹਾਵਤ ਮਹਾਨ ਰਣਨੀਤੀਕਾਰ ਚਾਣਕਿਆ ਨਾਲ ਜੁੜੀ ਹੋਈ ਹੈ। ਕਿਹਾ ਜਾਂਦਾ ਹੈ ਕਿ ਉਸ ਨੇ ਈਸਾ ਪੂਰਵ ਤੀਜੀ ਸਦੀ ’ਚ ਨੰਦ ਰਾਜੇ ਨੂੰ ਲਾਂਭੇ ਕਰਨ ਅਤੇ ਚੰਦਰਗੁਪਤ ਮੌਰੀਆ ਨੂੰ ਸੱਤਾ ’ਤੇ ਬਿਠਾਉਣ ਲਈ ਗਹਿਰੀ ਚਾਲ ਚੱਲੀ ਸੀ। ਮੌਰੀਆ ਰਾਜਵੰਸ਼ ਨੇ 135 ਸਾਲ ਰਾਜ ਕੀਤਾ, ਜਿਸ ਦੇ ਰਾਜੇ ਇਸ ਨਾਅਰੇ ਦੀ ਸਹੁੰ ਖਾਂਦੇ ਸਨ ਜਿਸ ਦਾ ਅਰਥ ਹੈ- “ਵਿਚਾਰ-ਚਰਚਾ, ਰਿਸ਼ਵਤਖੋਰੀ, ਸਜ਼ਾ ਅਤੇ ਕਮਜ਼ੋਰੀ ਦੀ ਸ਼ਨਾਖ਼ਤ।” ਸਿਹਰਾ ਆਮ ਆਦਮੀ ਪਾਰਟੀ (ਆਪ) ਦੇ ਆਗੂ ਮਨੀਸ਼ ਸਿਸੋਦੀਆ ਨੂੰ ਦੇਣਾ ਬਣਦਾ ਹੈ ਜਿਨ੍ਹਾਂ ਅਗਸਤ ਦੇ ਸ਼ੁਰੂ ’ਚ ਇਹ ਕਹਾਵਤ ਵਰਤੀ। ਇਸ ਤੋਂ ਕੁਝ ਦਿਨ ਪਹਿਲਾਂ ਹੀ ਪੰਜਾਬ ਵਿੱਚ ‘ਆਪ’ ਸਰਕਾਰ ਨੇ ਆਪਣੀ ਸਭ ਤੋਂ ਚੁਣੌਤੀਪੂਰਨ ਨੀਤੀ (ਲੈਂਡ ਪੂਲਿੰਗ ਨੀਤੀ) ਜੋ ਰਾਜ ਵਿੱਚ ਸ਼ਹਿਰੀਕਰਨ ਨੂੰ ਉਤਸ਼ਾਹਿਤ ਕਰਨ ਲਈ ਲਿਆਂਦੀ ਗਈ ਸੀ, ਵਾਪਸ ਲੈ ਲਈ ਸੀ। ਹਾਈ ਕੋਰਟ ਨੇ ਇਸ ਨੀਤੀ ’ਤੇ ਸੱਤਾਧਾਰੀ ਪਾਰਟੀ ਨੂੰ ਝਾੜ ਪਾਈ ਸੀ। ਇਸ ਤੋਂ ਵੀ ਬਦਤਰ, ਗੁੱਸੇ ਵਿੱਚ ਆਏ ਪਿੰਡਾਂ ਦੇ ਲੋਕਾਂ ਨੇ ‘ਆਪ’ ਵਿਧਾਇਕਾਂ ਨੂੰ ਕਾਲੇ ਝੰਡੇ ਦਿਖਾਉਣੇ ਸ਼ੁਰੂ ਕਰ ਦਿੱਤੇ ਸਨ; ਕੁਝ ਉਸੇ ਤਰ੍ਹਾਂ ਜਿਵੇਂ ਪਿਛਲੇ ਸਾਲ ਲੋਕ ਸਭਾ ਚੋਣਾਂ ਦੌਰਾਨ ਗੁੱਸੇ ’ਚ ਆਏ ਪਿੰਡਾਂ ਵਾਲਿਆਂ ਨੇ ਭਾਜਪਾ ਦੇ ਉਮੀਦਵਾਰਾਂ ਨਾਲ ਕੀਤਾ ਸੀ ਅਤੇ ਪਾਰਟੀ ਅੰਦਰ ਵੱਖਰੀ ਤਰ੍ਹਾਂ ਦੀ ਘਬਰਾਹਟ ਸ਼ੁਰੂ ਹੋ ਗਈ ਸੀ।

ਇਹ ਉਦੋਂ ਦੀ ਗੱਲ ਹੈ ਜਦੋਂ ਸਿਸੋਦੀਆ ਪਾਰਟੀ ਵਰਕਰਾਂ ਨੂੰ ਮੁਖਾਤਬ ਹੋ ਰਹੇ ਸਨ। ਉਨ੍ਹਾਂ ਕਿਹਾ, “2027 ਦੀਆਂ ਵਿਧਾਨ ਸਭਾ ਚੋਣਾਂ ਜਿੱਤਣ ਲਈ ਸਾਮ, ਦਾਮ, ਦੰਡ, ਭੇਦ.. ਸੱਚ-ਝੂਠ, ਸਵਾਲ-ਜਵਾਬ, ਲੜਾਈ-ਝਗੜਾ ਜੋ ਵੀ ਕਰਨਾ ਪਿਆ, ਕਰਾਂਗੇ। ਬੋਲੋ ਤਿਆਰ ਹੋ? ਜੋਸ਼ ਨਾਲ ਬੋਲੋ!” 2027 ਦੀਆਂ ਚੋਣਾਂ ਜਿੱਤਣ ਲਈ, ਹਰ ਚਾਲ ਚੱਲਣੀ ਪਏਗੀ, ਭਾਵੇਂ ਉਹ ਸਜ਼ਾ ਹੋਵੇ, ਲਾਲਚ ਹੋਵੇ, ਸੱਚ ਹੋਵੇ, ਝੂਠ ਹੋਵੇ ਜਾਂ ਲੜਾਈ। ਇਸ ਨਾਲ ਖੇਤਰ ਦੇ ਰਾਜਨੀਤਕ ਤੌਰ ’ਤੇ ਪੱਕ ਚੁੱਕੇ ਮਾਹੌਲ ਵਿੱਚ ਸਨਸਨੀ ਜਿਹੀ ਫੈਲ ਗਈ। ਇਸ ਤਰ੍ਹਾਂ ਪਹਿਲਾਂ ਕੌਣ ਬੋਲਿਆ ਸੀ, ਉਹ ਵੀ ਐਨਾ ਖੁੱਲ੍ਹੇਆਮ? ਭਾਜਪਾ ਦੇ ਸੁਨੀਲ ਜਾਖੜ ਨੇ ਚਾਣਕਿਆ ਦੇ ਮੰਤਰ ਬਾਰੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ, ਪਰ ‘ਆਪ’ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਇਸ ਦਾ ਜਵਾਬ ਦਿੱਤਾ। ਅਰੋੜਾ ਨੇ ਪੁੱਛਿਆ ਕਿ ਕੀ ਹਰ ਰਾਜਨੀਤਕ ਪਾਰਟੀ ਨਿੱਜੀ ਤੌਰ ’ਤੇ ਉਹ ਨਹੀਂ ਕਰਦੀ ਜੋ ਆਮ ਆਦਮੀ ਪਾਰਟੀ ਨੇ ਜਨਤਕ ਤੌਰ ’ਤੇ ਕਬੂਲਿਆ ਹੈ? ਅਰੋੜਾ ਦਾ ਕਹਿਣਾ ਸਹੀ ਹੈ। ਸਿਵਾਏ ਕਾਂਗਰਸ ਨੇਤਾ ਰਾਹੁਲ ਗਾਂਧੀ ਦੇ, ਜਿਨ੍ਹਾਂ ਦੀ ਰਾਜਨੀਤੀ ਆਮ ਤੌਰ ’ਤੇ ਉਨ੍ਹਾਂ ਲੋਕਾਂ ’ਤੇ ਕੇਂਦਰਤ ਹੁੰਦੀ ਹੈ, ਜਿਨ੍ਹਾਂ ਨਾਲ ਉਹ ਸਭ ਤੋਂ ਵੱਧ ਜੁੜੇ ਹੋਏ ਹਨ; ਸਭ ਤੋਂ ਗਰੀਬ, ਪੱਛੜੇ ਤੇ ਬਹੁਤ ਜ਼ਿਆਦਾ ਪੱਛੜੇ ਲੋਕ, ਜਿਵੇਂ ਬਿਹਾਰ ਦੇ ਕਟਿਹਾਰ ਖੇਤਰ ਦੇ ਮਖਾਣਾ ਕਿਸਾਨ, ਜਿੱਥੋਂ ਉਨ੍ਹਾਂ ਦੀ ਵੋਟ ਅਧਿਕਾਰ ਰੈਲੀ ਹੁਣੇ-ਹੁਣੇ ਲੰਘੀ ਹੈ। ਰਾਜਨੀਤੀ ਇਨ੍ਹੀਂ ਦਿਨੀਂ ਦੇਸ਼ ਤੇ ਦੇਸ਼ ਤੋਂ ਬਾਹਰ, ਦੋਹੀਂ ਥਾਈਂ ਖ਼ੁਦ ਨੂੰ ਨਿਰੋਲ ਤਾਕਤ ਦੀ ਵਰਤੋਂ ਲਈ ਤਿਆਰ ਕਰ ਰਹੀ ਹੈ। ਆਰਐੱਸਐੱਸ ਮੁਖੀ ਮੋਹਨ ਭਾਗਵਤ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ, ਦੋਵੇਂ ਇਸ ਦੀ ਮਿਸਾਲ ਹਨ। ਮੋਹਨ ਭਾਗਵਤ ਜੋ ਅਗਲੇ ਮਹੀਨੇ 75 ਸਾਲਾਂ ਦੇ ਹੋ ਰਹੇ ਹਨ, ਨੇ ਸ਼ੁੱਕਰਵਾਰੀ ਇੱਕ ਵਿਰਲੀ-ਟਾਵੀਂ ਪ੍ਰੈੱਸ ਕਾਨਫਰੰਸ ਵਿੱਚ ਕਈ ਦਿਲਚਸਪ ਗੱਲਾਂ ਕੀਤੀਆਂ। ਸਭ ਤੋਂ ਦਿਲਚਸਪ ਇਹ ਸੀ ਕਿ ਭਾਜਪਾ ਦੀ ਰਾਜਨੀਤੀ ਵਿੱਚ 75 ਸਾਲ ਦੀ ਉਮਰ ਪੂਰੀ ਕਰ ਕੇ ‘ਮਾਰਗ ਦਰਸ਼ਕ ਮੰਡਲ’ ਨਾਮਕ ਬਿਰਧ ਆਸ਼ਰਮ ਵਿੱਚ ਭੇਜਣ ਦੀ ਅਣ-ਅਧਿਕਾਰਤ ਸਮਾਂ ਸੀਮਾ, ਜਿਵੇਂ ਐੱਲਕੇ ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਤੇ ਨਜਮਾ ਹੈਪਤੁੱਲਾ ਨਾਲ ਹੋਇਆ ਸੀ, ਵਧਾ ਦਿੱਤੀ ਹੈ।

ਇਸ ਦਾ ਮਤਲਬ ਹੈ ਕਿ ਉਹ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਦੋਵੇਂ ਅਜੇ ਰਹਿਣਗੇ। ਦੋਵੇਂ ਅਗਲੇ ਮਹੀਨੇ 75 ਸਾਲ ਦੇ ਹੋ ਰਹੇ ਹਨ। ਆਰਐੱਸਐੱਸ ਨੇਤਾ ਮੋਰੋਪੰਤ ਪਿੰਗਲੇ ਦੀ ‘ਵਾਣਪ੍ਰਸਥ’ ਬਾਰੇ ਗੱਲ ਕਰਦਿਆਂ ਦੀ ਨਿੱਕੀ ਜਿਹੀ ਮਨੋਹਰ ਕਹਾਣੀ ਹੈ, ਜਦ 75ਵੇਂ ਜਨਮ ਦਿਨ ’ਤੇ ਉਨ੍ਹਾਂ ਨੂੰ ਸ਼ਾਲ ਤੋਹਫ਼ੇ ਵਜੋਂ ਮਿਲਿਆ ਸੀ। ਇਹ ਕਹਾਣੀ ਹੁਣ ਬਿਲਕੁਲ ਉਵੇਂ ਹੀ ਰਹਿਣੀ ਚਾਹੀਦੀ ਹੈ- ਆਰਐੱਸਐੱਸ ਦੇ ਪੁਰਾਲੇਖਾਂ ਲਈ ਪਿਆਰੀ ਜਿਹੀ ਕਹਾਣੀ ਵਾਂਗ। ਸਾਮ, ਦਾਮ, ਦੰਡ, ਭੇਦ।

ਮੋਹਨ ਭਾਗਵਤ ਜਾਣਦੇ ਹਨ ਕਿ ਆਰ ਐੱਸ ਐੱਸ ਦਾ ਰਸੂਖ਼ ਵਧਾਉਣ ਲਈ, ਖਾਸ ਕਰ ਕੇ ਇਸ ਦੇ 100ਵੇਂ ਵਰ੍ਹੇ ਵਿੱਚ, ਮੋਦੀ ਤੋਂ ਵੱਧ ਕੰਮ ਕੋਈ ਨਹੀਂ ਕਰ ਸਕਿਆ। ਸਾਲ ਭਰ ਤੋਂ ਲਟਕੇ ਹੋਏ ਭਾਜਪਾ ਪ੍ਰਧਾਨ ਦੇ ਨਾਂ ਨੂੰ ਲੈ ਕੇ ਭਾਵੇਂ ਭਾਗਵਤ ਦੇ ਮੋਦੀ ਨਾਲ ਕੁਝ ਵਖਰੇਵੇਂ ਰਹੇ ਸਨ ਜਾਂ ਨਹੀਂ, ਉਹ ਵੀ ਹੁਣ ਜਲਦੀ ਸੁਲਝ ਜਾਣੇ ਚਾਹੀਦੇ ਹਨ। ਆਰਐੱਸਐੱਸ ਮੁਖੀ ਨੇ ਮੋਦੀ ਦੇ ਪੱਖ ’ਚ ਕਾਫ਼ੀ ਕੁਝ ਸਵੀਕਾਰ ਲਿਆ ਹੈ। ਡੋਨਲਡ ਟਰੰਪ ਵੀ ਬਹੁਤੇ ਅਲੱਗ ਨਹੀਂ। ਲਗਭਗ ਪੰਜ ਸਾਲ ਪਹਿਲਾਂ ਪ੍ਰਧਾਨ ਮੰਤਰੀ ਦੇ ਸਭ ਤੋਂ ਚੰਗੇ ਦੋਸਤ ਬਣਨ ਤੋਂ ਬਾਅਦ, ਟਰੰਪ ਤੇ ਉਸ ਦੇ ਸਲਾਹਕਾਰਾਂ ਨੇ ਮੋਦੀ ਅਤੇ ਭਾਰਤ ’ਤੇ ਹਮਲਾ ਸ਼ੁਰੂ ਕਰ ਦਿੱਤਾ ਹੈ। ਜਿਵੇਂ ਫਰਾਂਸ ਦੇ ਮੰਨੇ-ਪ੍ਰਮੰਨੇ ਸਾਬਕਾ ਰਾਜਦੂਤ ਜਾਵੇਦ ਅਸ਼ਰਫ ਨੇ ਬਿਆਨਿਆ ਹੈ- ਟਰੰਪ ਦੀ ਭਾਰਤ ਪ੍ਰਤੀ ਦੁਸ਼ਮਣੀ ਅਸਲ ਵਿੱਚ ਨਿਰੋਲ ਤਾਕਤ ਦਾ ਪ੍ਰਗਟਾਵਾ ਹੈ। ਟਰੰਪ ਚਾਹੁੰਦੇ ਹਨ ਕਿ ਦੁਨੀਆ ਨੂੰ ‘ਬਿਗ ਥ੍ਰੀ’ (ਅਮਰੀਕਾ, ਚੀਨ ਤੇ ਰੂਸ) ਚਲਾਉਣ ਤੇ ਉਹ ਇਹ ਸਮਝ ਨਹੀਂ ਸਕੇ ਕਿ ਭਾਰਤ ਵਰਗਾ ਕਿਤੇ ਜ਼ਿਆਦਾ ਕਮਜ਼ੋਰ ਦੇਸ਼ ਹਾਰ ਕਿਉਂ ਨਹੀਂ ਮੰਨ ਰਿਹਾ। ਇਸ ਲਈ ਉਹ (ਟਰੰਪ) ਭਾਰਤ ਨੂੰ ਸਜ਼ਾ ਦੇ ਰਿਹਾ ਹੈ ਜੋ ਉਸ ਦੇ ਅਧੀਨ ਨਹੀਂ ਹੋਣਾ ਚਾਹੁੰਦਾ। ਸਾਮ, ਦਾਮ, ਦੰਡ, ਭੇਦ। ਯਕੀਨਨ, ਟਰੰਪ ਦੇ ਬੰਦਿਆਂ ਨੂੰ ਭਾਰਤੀ ਮਾਨਸਿਕਤਾ ਦੀ ਸਮਝ ਬਹੁਤ ਘੱਟ ਹੈ। ਯੂਕਰੇਨ ਯੁੱਧ ਲਈ ਮੋਦੀ ਨੂੰ ਜ਼ਿੰਮੇਵਾਰ ਠਹਿਰਾ ਕੇ (ਇਸ ਨੂੰ ‘ਮੋਦੀ ਦਾ ਯੁੱਧ’ ਕਹਿ ਕੇ, ਇਹ ਦੋਸ਼ ਬਹੁਤ ਬੇਹੂਦਾ ਅਤੇ ਅਹਿਮਕਾਨਾ ਹੈ) ਉਨ੍ਹਾਂ ਦੇਸ਼ ਨੂੰ ਮੋਦੀ ਪਿੱਛੇ ਇੱਕਜੁੱਟ ਕਰ ਕੇ ਖੜ੍ਹਾ ਕਰ ਦਿੱਤਾ ਹੈ, ਜਿਹੜਾ ਉਨ੍ਹਾਂ ਦੇ ਗਿਆਰਾਂ ਸਾਲਾਂ ਦੇ ਪ੍ਰਧਾਨ ਮੰਤਰੀ ਕਾਰਜਕਾਲ ਵਿੱਚ ਪਹਿਲਾਂ ਕਦੇ ਨਹੀਂ ਹੋਇਆ। ਹੁਣ ਰਤਾ ਕੁ ਰੁਟੀਨ ਤੋਂ ਹਟ ਕੇ- ‘ਵਿਦੇਸ਼ੀ ਹੱਥ’ ਵਾਲਾ ਸਿਧਾਂਤ ਇੰਦਰਾ ਗਾਂਧੀ ਤੋਂ ਲੈ ਕੇ ਮੋਦੀ ਤੱਕ ਬਹੁਤ ਸਾਰੇ ਪ੍ਰਧਾਨ ਮੰਤਰੀਆਂ ਨੇ ਪਸੰਦ ਕੀਤਾ; ਬੱਸ ਇਸ ਇੱਕ ਨੂੰ ਛੱਡ ਕੇ, ਜੋ ਬੇਤੁਕਾ ਵੀ ਹੈ ਤੇ ਸ਼ਰਮਨਾਕ ਵੀ। ਮਈ ਵਿੱਚ ਭਾਰਤ-ਪਾਕਿਸਤਾਨ ਟਕਰਾਅ (ਅਪਰੇਸ਼ਨ ਸਿੰਧੂਰ) ਦੌਰਾਨ ਵਿਚੋਲਗੀ ਦਾ ਸਿਹਰਾ ਲੈਣ ਦੀ ਅਮਰੀਕੀ ਮੰਗ ਨੂੰ ਮੰਨਣ ਤੋਂ ਮੋਦੀ ਦਾ ਇਨਕਾਰ, ਉਹ ਕੰਮ ਹੈ ਜੋ ਕੋਈ ਕਮਜ਼ੋਰ ਸ਼ਕਤੀ ਆਪਣਾ ਮਾਣ ਬਚਾਉਣ ਲਈ ਕਰਦੀ ਹੈ। ਜਦੋਂ ਤੁਹਾਡੇ ਕੋਲ ਧਰਤੀ ਦੇ ਸਭ ਤੋਂ ਸ਼ਕਤੀਸ਼ਾਲੀ ਰਾਸ਼ਟਰ ਦਾ ਮੁਕਾਬਲਾ ਕਰਨ ਲਈ ਹਥਿਆਰ ਨਹੀਂ ਹੁੰਦੇ ਤਾਂ ਤੁਸੀਂ ਬਸ ਪਿੱਛੇ ਹਟ ਜਾਂਦੇ ਹੋ। ਜਿਵੇਂ ਸਾਰੇ ਭਾਰਤੀ ਜਾਣਦੇ ਹਨ, ਸੰਜਮ ਹੀ ਤੁਹਾਡਾ ਸਭ ਤੋਂ ਵੱਡਾ ਹਥਿਆਰ ਹੈ। ਮਹਾਤਮਾ ਗਾਂਧੀ ਨੇ ਇਸ ਨੂੰ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਰਾਸ਼ਟਰ ਵਿਰੁੱਧ ਵਰਤਿਆ ਸੀ। ਮੋਦੀ ਇਸ ਨੂੰ ਦੁਨੀਆ ਦੀ ਸਭ ਤੋਂ ਸ਼ਕਤੀਸ਼ਾਲੀ ਤਾਕਤ ਵਿਰੁੱਧ ਵਰਤ ਰਹੇ ਹਨ। ਇਹੀ ਕਾਰਨ ਹੈ ਕਿ ਉਹ ਬਿਨਾਂ ਕਿਸੇ ਸਮਝੌਤੇ ਤੋਂ ਤਿਆਨਜਿਨ ’ਚ ਡਰੈਗਨ ਦੀ ਗੁਫ਼ਾ ਵੱਲ ਜਾ ਰਹੇ ਹਨ। ਚੀਨੀ ਅਤੇ ਭਾਰਤੀ ਸੈਨਿਕ ਤੇ ਉਨ੍ਹਾਂ ਦੇ ਬਖਤਰਬੰਦ ਕਾਲਮ ਪੂਰਬੀ ਲੱਦਾਖ ਵਿੱਚ ਅਸਲ ਕੰਟਰੋਲ ਰੇਖਾ ਦੇ ਪਾਰ ਇੱਕ-ਦੂਜੇ ਦੇ ਸਾਹਮਣੇ ਖੜ੍ਹੇ ਹਨ, ਪਰ ਮੋਦੀ ਪਹਿਲਾਂ ਹੀ ਜਿੱਤ ਗਏ ਹਨ। ਉਨ੍ਹਾਂ ਨੇ ਅਮਰੀਕੀਆਂ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ ਹੈ, ਭਾਵੇਂ ਉਨ੍ਹਾਂ ਦੇ ਅਧਿਕਾਰੀਆਂ ਨੇ ਵਾਸ਼ਿੰਗਟਨ ਡੀਸੀ ਵਿੱਚ ਆਪਣੇ ਹਮਰੁਤਬਾ ਨਾਲ ਸੰਪਰਕ ਕੀਤਾ ਹੈ, ਸ਼ਿਸ਼ਟਾਚਾਰ ਨਾਲ ਸਮਝੌਤੇ ਦੀ ਪੇਸ਼ਕਸ਼ ਕੀਤੀ ਹੈ। ਮੋਦੀ ਦੇ ਕਰੀਬੀ ਹਾਲ ਹੀ ਵਿੱਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਵੀ ਮਿਲੇ ਹਨ, ਜੋ ਰਿਸ਼ਤਿਆਂ ਦੀ ਮੁੜ ਪੁਸ਼ਟੀ ਕਰਦਾ ਹੈ। ਯੂਰੋਪੀਅਨ ਯੂਨੀਅਨ ਨਾਲ ਮੁਕਤ ਵਪਾਰ ਸੰਧੀ ਲਈ ਨਵੇਂ ਸਿਰਿਓਂ ਗੌਰ ਕੀਤੀ ਜਾ ਰਹੀ ਹੈ। ਸਾਮ, ਦਾਮ, ਦੰਡ, ਭੇਦ। ਮਿਹਨਤ ਉਦੋਂ ਲੱਗਦੀ ਹੈ ਜਦੋਂ ਮੋਦੀ ਘਰ ਵੱਲ ਆਉਂਦੇ ਹਨ- ਭਾਰਤ-ਅਮਰੀਕਾ ਅਤੇ ਚੀਨ-ਭਾਰਤ ਸਬੰਧ ਕਿਵੇਂ ਸਹੀ ਕਰਨੇ ਹਨ।

ਅਮਰੀਕੀ ਇੰਨੇ ਸ਼ਕਤੀਸ਼ਾਲੀ ਹਨ ਕਿ ਤੁਸੀਂ ਉਨ੍ਹਾਂ ਨੂੰ ਇੱਕ ਹੱਦ ਤੋਂ ਵੱਧ ਨਾਰਾਜ਼ ਨਹੀਂ ਕਰ ਸਕਦੇ। ਭਾਰਤ ਵੀ ਇਹ ਜਾਣਦਾ ਹੈ। ਇਸ ਸਭ ’ਚ ਕੁਝ ਚਲਾਕੀ ਤੇ ਖੁਸ਼ਾਮਦ ਲੱਗੇਗੀ ਜਿਸ ’ਚ ਭਾਰਤੀ ਬਹੁਤ ਮਾਹਿਰ ਹਨ, ਤਾਂ ਜੋ ‘ਮਾਈ-ਬਾਪ’ ਟਰੰਪ ਨੂੰ ਮਨਾਇਆ ਜਾ ਸਕੇ। ਜਿੱਥੋਂ ਤੱਕ ਮੋਦੀ ਦੇ ਮੁੱਖ ਵਿਰੋਧੀ ਰਾਹੁਲ ਗਾਂਧੀ ਦੀ ਗੱਲ ਹੈ, ਭਾਜਪਾ ਖੁਸ਼ ਹੋਵੇਗੀ ਕਿ ਉਹ ਰਾਜਨੀਤੀ ਨੂੰ ਨਵੀਂ ਦਿੱਖ ਦੇਣ ਦੀ ਲੰਮੀ ਪਾਰੀ ਖੇਡ ਰਿਹਾ ਹੈ, ਜਿਸ ਵਿੱਚ ਮਖਾਣਿਆਂ ਦੇ ਖੇਤਾਂ ਦੇ ਪੱਛੜੇ ਲਾਭਪਾਤਰੀ ਵੀ ਸ਼ਾਮਿਲ ਹਨ। ਲਗਾਤਾਰ ਤਿੰਨ ਆਮ ਚੋਣਾਂ ਅਤੇ ਕਈ ਸੂਬਾਈ ਚੋਣਾਂ ਹਾਰਨ ਤੋਂ ਬਾਅਦ ਰਾਹੁਲ ਗਾਂਧੀ ਦੀ ਇਹ ਅਗਨੀ ਪ੍ਰੀਖਿਆ ਹੈ। ਜੇ ਬਿਹਾਰ ਵਿੱਚ ਕਾਂਗਰਸ-ਆਰ ਜੇ ਡੀ ਕਾਮਯਾਬ ਨਹੀਂ ਹੁੰਦੇ ਤਾਂ ਨਾਰਾਜ਼ ਕਾਂਗਰਸੀ ਚੁੱਪ-ਚਾਪ ਇਹੀ ਪੁੱਛਣਗੇ ਕਿ ਕਿਸੇ ਪਾਰਟੀ ਨੂੰ ਜਿੱਤਣ ਤੋਂ ਪਹਿਲਾਂ ਹੋਰ ਕਿੰਨੀਆਂ ਚੋਣਾਂ ਹਾਰਨੀਆਂ ਚਾਹੀਦੀਆਂ ਹਨ? ਪੰਜਾਬ ’ਚ ‘ਆਪ’ ਸਿਰ ਅਜਿਹਾ ਕੋਈ ਭਾਰ ਨਹੀਂ। ਇਹੀ ਕਾਰਨ ਹੈ ਕਿ ਲੈਂਡ ਪੂਲਿੰਗ ਨੀਤੀ ਵਾਪਸ ਲੈਣ ਤੋਂ ਬਾਅਦ ਇਹ ਆਪਣੀ ਸਰਕਾਰ ਵਾਲੇ ਇੱਕੋ-ਇੱਕ ਰਾਜ ਵਿੱਚ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਪੂਰੀ ਕੋਸ਼ਿਸ਼ ਕਰ ਰਹੀ ਹੈ।

ਉਨ੍ਹਾਂ ਨੂੰ ਕੇਂਦਰ ਦੇ ਰਾਜਨੀਤਕ ਸੰਦੇਸ਼ਾਂ ਦਾ ਗਿਆਨ ਹੈ। 1.53 ਕਰੋੜ ਲਾਭਪਾਤਰੀਆਂ ਨੂੰ ਬਹੁਤ ਘੱਟ ਕੀਮਤ ’ਤੇ ਕਣਕ ਦਾ ਲਾਭ ਲੈਣ ਤੋਂ ਰੋਕਣਾ ਅਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ, ਪ੍ਰਧਾਨ ਮੰਤਰੀ ਕਿਸਾਨ ਅਤੇ ਆਯੂਸ਼ਮਾਨ ਭਾਰਤ ਵਰਗੀਆਂ ਕੇਂਦਰੀ ਯੋਜਨਾਵਾਂ ਨੂੰ ਉਤਸ਼ਾਹਿਤ ਕਰਨਾ ਰਾਜ ਵਿੱਚ ਭਾਜਪਾ ਦੇ ਰਸੂਖ਼ ਨੂੰ ਵਧਾਉਣ ਦੇ ਤਰੀਕੇ ਅਤੇ ਸਾਧਨ ਹਨ।

# 1993 ਤੋਂ ਬਾਅਦ ਹੁਣ ਫਿਰ ਪੰਜਾਬ ’ਚ ਹੜ੍ਹਾਂ ਨੇ ਮਚਾਇਆ ਕੋਹਰਾਮ



ਦਰਬਾਰਾ ਸਿੰਘ ਕਾਹਲੋਂ

ਬਹੁਤਾ ਦੂਰ ਕੀ ਜਾਣਾ, ਦੇਸ਼ ਦੀ ਵੰਡ ਤੋਂ ਬਾਅਦ ਪੰਜਾਬ ਅੰਦਰ ਹੜ੍ਹਾਂ ਦੁਆਰਾ ਵਾਰ-ਵਾਰ ਮਚਾਏ ਜਾਂਦੇ ਕੋਹਰਾਮ ਦੀ ਦਾਸਤਾਨ ਅਤਿ ਪੀੜਾ ਜਨਕ, ਦੁਖਦਾਈ ਅਤੇ ਬਰਬਾਦੀ ਭਰੀ ਹੈ। ਨਾ ਹੀ ਸੂਬਾ ਅਤੇ ਨਾ ਕੇਂਦਰ ਸਰਕਾਰਾਂ ਇਨ੍ਹਾਂ ਦੀ ਰੋਕਥਾਮ ਲਈ ਕੋਈ ਸਥਾਈ ਅਤੇ ਪੁਖ਼ਤਾ ਪ੍ਰਬੰਧ ਕਰ ਸਕੀਆਂ।

ਮੈਨੂੰ ਯਾਦ ਹੈ ਕਿ ਜਦੋਂ ਮੈਂ ਛੋਟਾ ਜਿਹਾ ਬੱਚਾ ਹੁੰਦਾ ਸੀ ਤਾਂ ਸੰਨ 1955 ਦੇ ਹੜ੍ਹ ਵੇਲੇ ਠਾਠਾਂ ਮਾਰਦਾ ਪਾਣੀ ਦਾ ਸਮੁੰਦਰ ਪਿੰਡ ਪਾਹੜਾ, ਜ਼ਿਲ੍ਹਾ ਗੁਰਦਾਸਪੁਰ ਦੇ ਲਹਿੰਦੇ ਪਾਸੇ ਵੱਡੇ ਗੁਰਦੁਆਰੇ ਵਿਚ ਵੜ੍ਹ ਗਿਆ ਸੀ ਜਿੱਥੇ ਸਕੂਲ ਵੀ ਸੀ। ਗੁਰਦੁਆਰੇ ਦੀ ਲੈਂਟਰ ਵਾਲੀ ਛੱਤ ਚੋਣ ਲੱਗ ਪਈ ਸੀ। ਗ਼ਰੀਬਾਂ ਦੇ ਕੱਚੇ ਘਰ ਢਹਿ ਗਏ ਸਨ। ਉਹ ਪਿੰਡ ਦੇ ਜ਼ਿਮੀਂਦਾਰਾਂ ਤੋਂ ਛੱਤਾਂ ਨੂੰ ਠੁੰਮ੍ਹਣੇ ਦੇਣ ਲਈ ਥੰਮੀਆਂ, ਅਨਾਜ, ਦੁੱਧ ਜਾਂ ਹਵੇਲੀਆਂ ਵਿਚ ਬਸੇਰੇ ਦੀ ਮੰਗ ਕਰ ਰਹੇ ਸਨ। ਉਨ੍ਹਾਂ ਕੋਲ ਬਿਮਾਰ ਬੱਚਿਆਂ ਦੇ ਇਲਾਜ ਲਈ ਕੋਈ ਧੇਲਾ ਨਹੀਂ ਸੀ।

ਸੰਨ 1955 ਦੇ ਹੜ੍ਹਾਂ ਵਿਚ ਉੱਤਰੀ ਭਾਰਤ ਵਿਚ ਕਾਫ਼ੀ ਨੁਕਸਾਨ ਹੋਇਆ ਸੀ। ਪਰ ਉਸ ਸਮੇਂ ਸਾਂਝੇ ਪੂਰਬੀ ਪੰਜਾਬ ਦਾ ਬਹੁਤ ਵੱਡਾ ਨੁਕਸਾਨ ਹੋਇਆ ਸੀ। ਉਦੋਂ ਵੀ ਰਾਵੀ, ਬਿਆਸ, ਸਤਲੁਜ ਅਤੇ ਘੱਗਰ ਆਦਿ ਦਰਿਆਵਾਂ ਨੇ ਪੰਜਾਬ ਦੀ ਬਰਬਾਦੀ ਦੇ ਦੁਆਰ ਖੋਲ੍ਹ ਕੇ ਰੱਖ ਦਿੱਤੇ ਸਨ। ਭਾਰਤੀ ਹਵਾਈ ਸੈਨਾ ਨੂੰ ਹੜ੍ਹ ਪੀੜਤਾਂ, ਦੂਰ-ਦੁਰੇਡੇ ਅਤੇ ਪਿੰਡਾਂ ਵਿਚ ਫਸੇ ਹੋਏ ਲੋਕਾਂ ਨੂੰ ਖਾਣ-ਪੀਣ ਦੀਆਂ ਵਸਤਾਂ ਦੇ ਪੈਕਟ ਪਹੁੰਚਾਉਣ, ਘਰਾਂ ਦੀਆਂ ਛੱਤਾਂ, ਦਰਖ਼ਤਾਂ ਅਤੇ ਟਿੱਬਿਆਂ ’ਤੇ ਚੜ੍ਹੇ ਭੁੱਖੇ-ਭਾਣੇ ਲੋਕਾਂ, ਬੱਚਿਆਂ, ਬਿਰਧਾਂ ਨੂੰ ਬਚਾਉਣ ਲਈ ਸੱਦਿਆ ਗਿਆ ਸੀ। ਦੇਸ਼ ਦੇ ਤਤਕਾਲੀ ਪ੍ਰਧਾਨ ਮੰਤਰੀ ਪੰਡਿਤ ਜਵਾਹਰਲਾਲ ਨਹਿਰੂ ਨੇ ਖ਼ੁਦ ਹਵਾਈ ਜਹਾਜ਼ ਵਿਚ ਹੜ੍ਹ ਮਾਰੇ ਇਲਾਕਿਆਂ, ਲੋਕਾਂ ਅਤੇ ਪ੍ਰਸ਼ਾਸਨਿਕ ਪ੍ਰਬੰਧਾਂ ਦਾ ਜਾਇਜ਼ਾ ਲਿਆ ਸੀ।

ਸੰਨ 1955 ਦੇ ਹੜ੍ਹਾਂ ਵਿਚ ਪੰਜਾਬ ਦੀਆਂ ਕਪਾਹ, ਝੋਨਾ, ਕਮਾਦ ਦੀਆਂ ਫ਼ਸਲਾਂ ਬਰਬਾਦ ਹੋ ਗਈਆਂ ਸਨ। ਲਗਪਗ 30,00000 ਡਾਲਰ ਦਾ ਉਦੋਂ ਨੁਕਸਾਨ ਹੋਇਆ ਤੇ 1175 ਲੋਕ ਮਾਰੇ ਗਏ ਸਨ। ਲਗਪਗ 8000 ਪਸ਼ੂ ਰੁੜ੍ਹ ਗਏ ਸਨ।

ਸੰਨ 1988 ਵਿਚ ਮੁੜ ਭਿਆਨਕ ਹੜ੍ਹਾਂ ਦਾ ਪੰਜਾਬ ਨੂੰ ਸਾਹਮਣਾ ਕਰਨਾ ਪਿਆ। ਉਸ ਸਮੇਂ ਪੰਜਾਬ ਵਿਚ ਰਾਜਕੀ ਅਤੇ ਗ਼ੈਰ-ਰਾਜਕੀ ਅੱਤਵਾਦ ਭਾਰੂ ਸੀ। ਪੂਰਾ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਅਰਧ ਫ਼ੌਜੀ ਬਲਾਂ ਸਮੇਤ ਇਸ ਭਿਆਨਕ ਅੱਤਵਾਦੀ ਦੁਖਾਂਤ ਵਿਚ ਮਸਰੂਫ਼ ਸਨ। ਉਸ ਸਮੇਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦਾ ਚੇਅਰਮੈਨ ਮੇਜਰ ਜਨਰਲ ਬੀਐੱਨ ਕੁਮਾਰ ਸੀ। ਉਸ ’ਤੇ ਦੋਸ਼ ਸਨ ਕਿ ਉਸ ਨੇ ਗ਼ਲਤ ਢੰਗ ਨਾਲ ਭਾਖੜਾ ਅਤੇ ਪੌਂਗ ਡੈਮ ਵਿੱਚੋਂ



ਪਾਣੀ ਛੱਡਿਆ। ਭਾਰੀ ਬਾਰਿਸ਼ਾਂ ਅਤੇ ਇਸ ਅਣ-ਉਚਿੱਤ ਪਾਣੀ ਨੇ ਪੰਜਾਬ ਦੇ ਤਤਕਾਲੀ 12989 ਪਿੰਡਾਂ ਵਿੱਚੋਂ 9000 ਨੂੰ ਪਾਣੀ ਵਿਚ ਡੁਬੋ ਕੇ ਰੱਖ ਦਿੱਤਾ ਸੀ। ਕਰੀਬ 2500 ਪਿੰਡ ਤਾਂ ਪੂਰੀ ਤਰ੍ਹਾਂ ਮਲੀਆਮੇਟ ਹੋ ਗਏ ਸਨ। ਚੌਤੀ ਲੱਖ ਪੰਜਾਬੀਆਂ ਨੂੰ ਘਰ-ਬਾਰ ਛੱਡਣੇ ਪਏ ਸਨ। ਪੰਜਾਬ ਦੇ ਜਰਖੇਜ਼ ਜ਼ਿਲ੍ਹੇ ਜਲੰਧਰ, ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜ਼ਪੁਰ, ਕਪੂਰਥਲਾ ਆਦਿ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ। ਪੰਜ ਸੌ ਲੋਕ ਇਨ੍ਹਾਂ ਹੜ੍ਹਾਂ ਦੀ ਭੇਟ ਚੜ੍ਹੇ। ਹਜ਼ਾਰਾਂ ਪਸ਼ੂ ਹੜ੍ਹ ਗਏ ਅਤੇ ਮਰ ਗਏ ਸਨ।

ਸੰਨ 1993 ਵਿਚ ਪਟਿਆਲਾ, ਸੰਗਰੂਰ, ਫ਼ਤਿਹਗੜ੍ਹ ਸਾਹਿਬ, ਮਾਨਸਾ, ਗੁਰਦਾਸਪੁਰ ਵਿਚ ਭਾਰੀ ਹੜ੍ਹਾਂ ਕਰਕੇ ਲਗਪਗ 4000 ਪਿੰਡ ਨੁਕਸਾਨੇ ਗਏ। ਵੱਡੇ ਪੱਧਰ ’ਤੇ ਸੜਕਾਂ ਰੁੜ੍ਹ ਗਈਆਂ। ਵੱਡਾ ਜਾਨੀ-ਮਾਲੀ ਅਤੇ ਫ਼ਸਲਾਂ ਦਾ ਨੁਕਸਾਨ ਹੋਇਆ। ਸੰਨ 2013 ਵਿਚ ਹੜ੍ਹਾਂ ਕਰਕੇ ਨਵਾਂਸ਼ਹਿਰ, ਮੁਕਤਸਰ, ਗੁਰਦਾਸਪੁਰ, ਕਪੂਰਥਲਾ, ਤਰਨਤਾਰਨ, ਰੋਪੜ ਅਤੇ ਮੋਗਾ ਜ਼ਿਲ੍ਹੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ। ਸੰਨ 2023 ਵਿਚ ਹੜ੍ਹਾਂ ਕਰਕੇ ਪੰਜਾਬ ਦੇ 19 ਜ਼ਿਲ੍ਹੇ ਮਾਰ ਹੇਠ ਆਏ। ਸਤਲੁਜ, ਬਿਆਸ, ਰਾਵੀ ਦਰਿਆਵਾਂ ਦੇ ਹੜ੍ਹਾਂ ਨੇ ਹਜ਼ਾਰਾਂ ਏਕੜ ਫ਼ਸਲਾਂ ਨੂੰ ਬਰਬਾਦ ਕੀਤਾ।

ਅਗਸਤ 2025 ਵਿਚ ਲਗਾਤਾਰ ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਅਤੇ ਪੰਜਾਬ ਵਿਚ ਭਾਰੀ ਬਾਰਿਸ਼ਾਂ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਵਿਚ ਬਦਲ ਫਟਣ ਦੀਆਂ ਘਟਨਾਵਾਂ ਨੇ ਪੰਜਾਬ ਵਿਚ ਹੜ੍ਹਾਂ ਨੂੰ ਮਾਰੂ ਆਫ਼ਤ ਵਿਚ ਬਦਲ ਦਿੱਤਾ ਹੈ। ਪੰਜਾਬ ਦੇ 9 ਜ਼ਿਲ੍ਹਿਆਂ ਜਿਵੇਂ ਗੁਰਦਾਸਪੁਰ, ਹੁਸ਼ਿਆਰਪੁਰ, ਪਠਾਨਕੋਟ, ਕਪੂਰਥਲਾ, ਫਿਰੋਜ਼ਪੁਰ, ਫਾਜ਼ਿਲਕਾ, ਤਰਨਤਾਰਨ, ਰੋਪੜ ਅਤੇ ਮੋਗਾ ਆਦਿ ਨੂੰ ਵੱਡੇ ਪੱਧਰ ’ਤੇ ਰਾਵੀ, ਬਿਆਸ, ਸਤਲੁਜ ਤੇ ਉੱਜ ਆਦਿ ਦਰਿਆਵਾਂ ਨੇ ਲਪੇਟ ਵਿਚ ਲੈ ਲਿਆ ਹੈ।

ਵੈਸੇ ਪੰਜਾਬ ਦੇ 23 ਜ਼ਿਲ੍ਹਿਆਂ ਵਿੱਚੋਂ 16 ਜ਼ਿਲ੍ਹਿਆਂ ਦਾ 44899 ਹੈਕਟੇਅਰ ਫ਼ਸਲਾਂ ਭਰਪੂਰ ਇਲਾਕਾ ਬੁਰੀ ਤਰ੍ਹਾਂ ਲਪੇਟ ਵਿਚ ਹੈ। ਕਪੂਰਥਲਾ, ਹੁਸ਼ਿਆਰਪੁਰ, ਗੁਰਦਾਸਪੁਰ, ਫਾਜ਼ਿਲਕਾ ਵਿਚ ਕਰੀਬ 9000 ਏਕੜ ਫ਼ਸਲ ਪਾਣੀ ਵਿਚ ਡੁੱਬੀ ਹੋਈ ਹੈ। ਸੁਲਤਾਨਪੁਰ ਲੋਧੀ ਖੇਤਰ ਵਿਚ ਸੰਨ 2023 ਦੇ ਹੜ੍ਹਾਂ ਵਾਲੀ ਧੁੱਸੀ ਟੁੱਟਣ ਕਰਕੇ 30-35 ਪਿੰਡਾਂ ਦੀ 10,000 ਏਕੜ ਫ਼ਸਲ ਪ੍ਰਭਾਵਿਤ ਹੋਈ ਹੈ। ਪਠਾਨਕੋਟ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਦੀ ਬਰਬਾਦੀ ਕਈ ਸਾਲ ਭੁੱਲਣ ਵਾਲੀ ਨਹੀਂ। ਮਾਧੋਪੁਰ ਹੈੱਡਵਰਕਸ ਦੇ 4 ਗੇਟਾਂ ਦਾ ਟੁੱਟਣਾ, ਇਕ ਫੋਰਮੈਨ ਦਾ ਰੁੜ੍ਹ ਜਾਣਾ ਹੜ੍ਹ ਦੀ ਭਿਆਨਕਤਾ ਬਿਆਨਦਾ ਹੈ ਜਦਕਿ 50 ਲੋਕ ਸੁਰੱਖਿਅਤ ਕੱਢੇ ਗਏ। ਦੀਨਾਨਗਰ ਦੇ ਰਾਵੀ ਪਾਰਲੇ ਪਿੰਡਾਂ ਦਾ ਸੰਪਰਕ ਭਾਰਤ ਨਾਲੋਂ ਟੁੱਟ ਗਿਆ। ਦੇਸ਼ ਦੀ ਵੰਡ ਤੋਂ ਬਾਅਦ ਅਜੇ ਤੱਕ ਕੋਈ ਸਰਕਾਰ ਉਨ੍ਹਾਂ ਨੂੰ ਜੋੜਨ ਲਈ ਪੱਕਾ ਪੁਲ ਨਹੀਂ ਉਸਾਰ ਸਕੀ। ਡੇਰਾ ਬਾਬਾ ਨਾਨਕ ਖੇਤਰ ਪਾਣੀ ਵਿਚ ਡੁੱਬ ਗਿਆ।

ਪਾਕਿਸਤਾਨ ਵਿਚਲਾ ਕਰਤਾਰਪੁਰ ਸਾਹਿਬ ਗੁਰਦੁਆਰਾ 7-8 ਫੁੱਟ ਪਾਣੀ ਦੀ ਲਪੇਟ ਵਿਚ ਆ ਗਿਆ। ਬਠਿੰਡਾ ਜ਼ਿਲ੍ਹੇ ਵਿਚ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਚ ਭਾਰੀ ਮੀਂਹ ਕਰਕੇ ਰਸਤੇ ਬੰਦ ਹੋ ਗਏ। ਸਰਕਾਰੀ ਹਸਪਤਾਲ ਦੇ ਡਾਕਟਰਾਂ ਨੂੰ ਖ਼ਾਲਸਾ ਸਕੂਲ ਦੀ ਛੱਤ ’ਤੇ ਚੜ੍ਹ ਕੇ ਹਸਪਤਾਲ ’ਚ ਮਰੀਜ਼ਾਂ ਦੀ ਦੇਖਭਾਲ ਲਈ ਜਾਣਾ ਪਿਆ। ਪਾਤੜਾਂ ਵਿਚ ਚੋਅ ਦੇ ਟੁੱਟੇ ਬੰਨ੍ਹ ਨੇ ਸੈਂਕੜੇ ਏਕੜ ਫ਼ਸਲ ਬਰਬਾਦ ਕਰ ਦਿੱਤੀ। ਹੁਸ਼ਿਆਰਪੁਰ ਵਿਚ ਟਾਂਡਾ, ਮੁਕੇਰੀਆਂ, ਫਿਰੋਜ਼ਪੁਰ ਵਿਚ ਸਤਲੁਜ ਪਾਰਲੇ 12 ਪਿੰਡ ਜਲ-ਥਲ ਹੋ ਗਏ। ਦਰਜਨਾਂ ਪਿੰਡਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਆਦਰ ਸਹਿਤ ਸੁਰੱਖਿਅਤ ਥਾਵਾਂ ’ਤੇ ਪਹੁੰਚਾਏ ਗਏ। ਪਸ਼ੂਆਂ ਲਈ ਚਾਰਾ ਨਾ ਹੋਣ ਕਰਕੇ ਭਾਰੀ ਮੁਸੀਬਤ ਬਣੀ ਪਈ ਹੈ। ਹਜ਼ਾਰਾਂ ਲੋਕ ਘਰ ਛੱਡਣ ਲਈ ਮਜਬੂਰ ਹਨ। ਥਾਂ-ਥਾਂ ਲੋਕਾਂ ਨੂੰ ਰੰਜ ਹੈ ਕਿ ਕੋਈ ਪ੍ਰਸ਼ਾਸਨਿਕ ਅਧਿਕਾਰੀ, ਨੇਤਾ ਅਤੇ ਸਰਕਾਰ ਉਨ੍ਹਾਂ ਦੇ ਬਚਾਅ, ਰਾਹਤ ਕਾਰਜ, ਖਾਣ-ਪੀਣ ਦਾ ਸਾਮਾਨ ਮੁਹੱਈਆ ਕਰਨ ਅਤੇ ਪਸ਼ੂਆਂ ਦੇ ਚਾਰੇ ਲਈ ਅੱਗੇ ਨਹੀਂ ਆਏ। ਬਿਮਾਰ ਲੋਕਾਂ ਅਤੇ ਪਸ਼ੂਆਂ ਦੇ ਇਲਾਜ ਲਈ ਡਾਕਟਰੀ ਅਮਲਾ ਨਦਾਰਦ ਰਿਹਾ। ਡੇਰੇਦਾਰ, ਬਾਬੇ, ਖਾਲਸਾ ਏਡ ਨਦਾਰਦ ਹਨ। ਹੁਣ ਤੱਕ ਅਨੇਕ ਲੋਕਾਂ ਦੀ ਜਾਨ ਜਾ ਚੁੱਕੀ ਹੈ। ਲੱਖ ਟਕੇ ਦਾ ਸਵਾਲ ਹੈ ਕਿ ਜਦ ਆਏ ਸਾਲ ਹੜ੍ਹ ਪੰਜਾਬ ਦੀ ਬਰਬਾਦੀ ਕਰਦੇ ਹਨ ਤਾਂ ਇਨ੍ਹਾਂ ਦੀ ਰੋਕਥਾਮ ਸਥਾਈ ਤੌਰ ’ਤੇ ਕਿਉਂ ਨਹੀਂ ਕੀਤੀ ਜਾਂਦੀ? ਲਹਿੰਦੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਸ਼ਰੀਫ ਨੇ ਲਗਾਤਾਰ ਹੜ੍ਹ ਮਾਰੇ ਇਲਾਕਿਆਂ ਦਾ ਦੌਰਾ ਕਰਕੇ ਦੱਸਿਆ ਕਿ ਉਨ੍ਹਾਂ ਰਾਵੀ ਵਿਚ ਕਦੇ ਐਨਾ ਪਾਣੀ ਨਹੀਂ ਤੱਕਿਆ। ਉਨ੍ਹਾਂ ਨੇ ਭਵਿੱਖ ਵਿਚ ਹੜ੍ਹ ਰੋਕਣ ਲਈ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਹੈ ਜੋ ਭਵਿੱਖ ਵਿਚ ਸਥਾਈ ਰੋਕਥਾਮ ਲਈ ਰਿਪੋਰਟ ਕਰਨਗੀਆਂ। ਅਗਲੇ ਸਾਲ ਤੋਂ ਪਹਿਲਾਂ-ਪਹਿਲਾਂ ਇਸ ’ਤੇ ਅਮਲ ਕੀਤਾ ਜਾਵੇਗਾ। ਭਾਰਤੀ ਪੰਜਾਬ ਵਿਚ ਵੀ ਅਜਿਹੀ ਸਥਾਈ ਰੋਕਥਾਮ ਯੋਜਨਾ ਦੀ ਲੋੜ ਹੈ। ਕੇਂਦਰ ਅਤੇ ਪੰਜਾਬ ਸਰਕਾਰ ਇਸ ਲਈ ਧਨ ਜੁਟਾਉਣ।

ਸਰਕਾਰ, ਸਬੰਧਤ ਸਿੰਚਾਈ ਮੰਤਰੀ, ਅਮਲਾ ਮਈ ਮਹੀਨੇ ਤੋਂ ਪਹਿਲਾਂ ਧੁੱਸੀਆਂ, ਡੈਮਾਂ, ਨਹਿਰਾਂ, ਦਰਿਆਵਾਂ ਦੇ ਦੌਰੇ ਕਰ ਕੇ ਕਮਜ਼ੋਰੀਆਂ ਦੂਰ ਨਹੀਂ ਕਰਦੇ। ਡੈਮਾਂ, ਬੈਰਾਜਾਂ ਦੇ ਗੇਟ ਚੈੱਕ ਨਹੀਂ ਕੀਤੇ ਜਾਂਦੇ। ਉਨ੍ਹਾਂ ਦੀ ਗਰੀਸਿੰਗ ਨਹੀਂ ਕਰਦੇ। ਧੁੱਧੀ ਬੰਨ੍ਹ ਲਗਾਤਾਰ ਨਜ਼ਰ ਵਿਚ ਨਹੀਂ ਰੱਖੇ ਜਾਂਦੇ। ਕੇਂਦਰ ਅਤੇ ਰਾਜ ਆਫ਼ਤ ਪ੍ਰਬੰਧਨ ਅਥਾਰਟੀ ਮਜ਼ਬੂਤ ਕੀਤੀ ਜਾਣੀ ਜ਼ਰੂਰੀ ਹੈ। ਗਲੋਬਲ ਵਾਰਮਿੰਗ ਸਿਰ ਚੜ੍ਹ ਕੇ ਨੱਚ ਰਹੀ ਹੈ ਜੋ ਹੜ੍ਹਾਂ, ਸੋਕੇ, ਤੂਫ਼ਾਨਾਂ, ਅੱਗਾਂ ਦਾ ਕਾਰਨ ਹੈ। ਢੱਠੇ ਮਕਾਨਾਂ, ਫ਼ਸਲ ਖ਼ਰਾਬੇ, ਮਰੇ ਪਸ਼ੂਆਂ, ਘਰ ਛੱਡਣ ਲਈ ਮਜਬੂਰੀ ਦਾ ਪੂਰਾ ਮੁਆਵਜ਼ਾ ਸਰਕਾਰਾਂ ਭਰਨ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਸਰਕਾਰ ਨੂੰ ਚਿੱਠੀ ਲਿਖ ਕੇ ਹਰ ਮਦਦ ਦਾ ਭਰੋਸਾ ਦਿੱਤਾ ਹੈ ਜੋ ਸਲਾਹੁਣਯੋਗ ਕਦਮ ਹੈ। ਸੰਨ 1988 ਵਾਂਗ ਇਸ ਵਾਰ ਡੈਮਾਂ ਵਿੱਚੋਂ ਪਾਣੀ ਛੱਡਣ ਵਿਚ ਕੁਤਾਹੀ ਪੰਜਾਬ ਲਈ ਮਾਰੂ ਸਾਬਿਤ ਹੋਈ ਹੈ। ਪੌਂਗ ਡੈਮ ਵਿੱਚੋਂ ਪਾਣੀ ਛੱਡਣ ਦਾ ਸਖ਼ਤ ਨੋਟਿਸ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਲਿਆ ਹੈ। ਭਵਿੱਖ ਵਿਚ ਹੜ੍ਹ ਰੋਕਣ ਲਈ ਸਥਾਈ ਯੋਜਨਾ ਅਤੇ ਹੜ੍ਹ ਰੋਕੂ ਬੋਰਡ ਗਠਿਤ ਕੀਤਾ ਜਾਣਾ ਚਾਹੀਦਾ ਹੈ।

# ਭਾਰਤ-ਚੀਨ ਸਹਿਯੋਗ, ਇੰਨਾ ਆਸਾਨ ਨਹੀਂ

ਇਹ ਸੁਭਾਵਿਕ ਹੀ ਸੀ ਕਿ ਤਿਆਨਜਿਨ ’ਚ ਸ਼ੰਘਾਈ ਸਹਿਯੋਗ ਸੰਗਠਨ ਦੇ ਸਿਖਰ ਸੰਮਲੇਨ ’ਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਮੁਲਾਕਾਤ ਵਿਸ਼ਵ ਦਾ ਧਿਆਨ ਆਪਣੇ ਵੱਲ ਖਿੱਚੇਗੀ। ਇਸ ਦਾ ਇਕ ਵੱਡਾ ਕਾਰਨ ਅਮਰੀਕੀ ਰਾਸ਼ਟਰ-ਪਤੀ ਟਰੰਪ ਵੱਲੋਂ ਆਪਣੀ ਮਨਮਰਜ਼ੀ ਤੇ ਬੇਤੁਕੀ ਟੈਰਿਫ ਨੀਤੀ ਨਾਲ ਦੁਨੀਆ ਨੂੰ ਤੰਗ ਕਰਨਾ ਤੇ ਭਾਰਤ ਨੂੰ ਖ਼ਾਸ ਤੌਰ ’ਤੇ ਨਿਸ਼ਾਨੇ ’ਤੇ ਲੈਣਾ ਹੈ। ਇਹ ਇਕ ਚੰਗਾ ਸੰਕੇਤ ਹੈ ਕਿ ਭਾਰਤੀ ਪ੍ਰਧਾਨ ਮੰਤਰੀ ਤੇ ਚੀਨੀ ਰਾਸ਼ਟਰਪਤੀ ਨੇ ਸਬੰਧਾਂ ਨੂੰ ਸੁਧਾਰਨ ਤੇ ਆਪਸੀ ਸਹਿਯੋਗ ਵਧਾਉਣ ਦੀ ਗੱਲ ਕੀਤੀ। ਇਸ ਤੋਂ ਅਜਿਹਾ ਲੱਗਦਾ ਹੈ ਕਿ ਦੋਵਾਂ ਦੇਸ਼ਾਂ ਵਿਚਾਲੇ ਨਵੇਂ ਸਿਰੇ ਤੋਂ ਸਮਝ ਕਾਇਮ ਹੋਈ ਹੈ। ਦੋਵਾਂ ਦੇਸ਼ਾਂ ਵਿਚਾਲੇ ਸਰਹੱਦੀ ਵਿਵਾਦ ਦਾ ਹੱਲ ਲੱਭਣ ਲਈ ਵਚਨਬੱਧਤਾ ਪ੍ਰਗਟਾਈ ਗਈ। ਇਸ ਤੋਂ ਇਲਾਵਾ ਦੁਵੱਲੇ ਹਿੱਤਾਂ ਨਾਲ ਜੁੜੇ ਹੋਰ ਮੁੱਦਿਆਂ ’ਤੇ ਵੀ ਗੱਲਬਾਤ ਹੋਈ। ਕੂਟਨੀਤਕ ਸੂਤਰਾਂ ਵੱਲੋਂ ਇਸ ਮੀਟਿੰਗ ਨੂੰ ਕਾਫ਼ੀ ਹਾਂ-ਪੱਖੀ ਦੱਸਿਆ ਜਾ ਰਿਹਾ ਹੈ। ਭਾਰਤ ਤੇ ਚੀਨ ਦੇ ਵਿਦੇਸ਼ ਮੰਤਰਾਲਿਆਂ ਨੇ ਵੀ ਇਸ ਮੁਲਾਕਾਤ ਨੂੰ ਭਾਰਤ-ਚੀਨ ਰਿਸ਼ਤਿਆਂ ਨੂੰ ਨਵੀਂ ਦਿਸ਼ਾ ਦੇਣ ਵਾਲਾ ਦੱਸਿਆ। ਦੋਵਾਂ ਦੇਸ਼ਾਂ ਨੇ ਮੰਨਿਆ ਕਿ ਮੌਜੂਦਾ ਵਿਸ਼ਵ ਪੱਧਰੀ ਮਾਹੌਲ ਵਿਚ ਸਥਿਰਤਾ ਲਿਆਉਣ ਲਈ ਭਾਰਤ ਤੇ ਚੀਨ ਦੀ ਭੂਮਿਕਾ ਅਹਿਮ ਹੈ। ਪਰ ਗੱਲ ਤਦ ਬਣੇਗੀ ਜਦ ਚੀਨੀ ਰਾਸ਼ਟਰਪਤੀ ਆਪਣੇ ਕਹੇ ਮੁਤਾਬਕ ਕੰਮ ਅਤੇ ਵਿਵਹਾਰ ਕਰਨਗੇ। ਚੀਨ ਅੱਤਵਾਦ ਖ਼ਿਲਾਫ਼ ਲੜਨ ਦੀ ਗੱਲ ਤਾਂ ਕਰਦਾ ਹੈ, ਪਰ ਭਾਰਤ ਦੀਆਂ ਕੋਸ਼ਿਸ਼ਾਂ ’ਚ ਅਕਸਰ ਉਲਟ ਰੁਖ਼ ਅਪਣਾਉਂਦਾ ਹੈ। ਚਾਹੇ ਹੀ ਸ਼ੰਘਾਈ ਸਹਿਯੋਗ ਸੰਗਠਨ ਦੇ ਏਜੰਡੇ ’ਚ ਅੱਤਵਾਦ ਨਾਲ ਲੜਨਾ ਵੀ ਸ਼ਾਮਲ ਹੋਵੇ, ਪਰ ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਚੀਨ ਨੇ ਇਸ ਮੁੱਦੇ ’ਤੇ ਕਿਸ ਤਰ੍ਹਾਂ ਭਾਰਤੀ ਹਿੱਤਾਂ ਖ਼ਿਲਾਫ਼ ਕੰਮ ਕੀਤਾ ਹੈ। ਪਾਕਿਸਤਾਨ ਖ਼ਿਲਾਫ਼ ਆਪ੍ਰੇਸ਼ਨ ਸਿੰਧੂਰ ਦੇ ਸਮੇਂ ਚੀਨ ਦੀ ਭੂਮਿਕਾ ਕੋਈ ਲੁਕੀ ਨਹੀਂ। ਚੀਨ ਨਾਲ ਜੋ ਸਮਝ ਬਣਦੀ ਹੋਈ ਦਿਖਾਈ ਦੇ ਰਹੀ ਹੈ, ਉਸ ਨੂੰ ਭਾਰਤ ਨੂੰ ਆਪਣੇ ਹਿੱਤ ’ਚ ਇਸਤੇਮਾਲ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਨ੍ਹਾਂ ਕੋਸ਼ਿਸ਼ਾਂ ਦਾ ਇਹ ਮਤਲਬ ਨਹੀਂ ਹੋ ਸਕਦਾ ਕਿ ਭਾਰਤ ਚੀਨੀ ਦਰਾਮਦ ’ਤੇ ਆਪਣੀ ਨਿਰਭਰਤਾ ਵਧਾ ਦੇਵੇ ਤੇ ਉਸ ਦੇ ਨਾਲ ਜੋ ਵਪਾਰ ਘਾਟਾ ਹੈ, ਉਸ ਨੂੰ ਘੱਟ ਕਰਨ ਦੀ ਕੋਸ਼ਿਸ਼ ਨਾ ਕਰੇ। ਅਜਿਹੀ ਕੋਸ਼ਿਸ਼ ਤਾਂ ਭਾਰਤ ਨੂੰ ਕਰਨੀ ਹੀ ਚਾਹੀਦੀ ਹੈ। ਹਾਂ, ਫ਼ਿਲਹਾਲ ਉਸ ਦੀ ਤਰਜੀਹ ਇਹ ਹੋਣੀ ਚਾਹੀਦੀ ਹੈ ਕਿ ਚੀਨ ਦੇ ਕੋਲ ਜੋ ਵੀ ਸਾਧਨ ਹਨ, ਉਨ੍ਹਾਂ ਦੀ ਵਰਤੋਂ ਉਹ ਆਪਣੇ ਆਰਥਿਕ ਵਿਕਾਸ ’ਚ ਕਿਸ ਤਰ੍ਹਾਂ ਕਰੇ? ਭਾਰਤ ਦਾ ਇੱਕੋ ਇਕ ਟੀਚਾ ਇਕ ਪਾਸੇ ਜਿੱਥੇ ਸ਼ੰਘਾਈ ਸਹਿਯੋਗ ਸੰਗਠਨ ਦੇ ਮੁਤਾਬਕ ਰਵੱਈਏ ਵਾਲੇ ਦੇਸ਼ਾਂ ਵਿਚਾਲੇ ਆਪਣੀ ਪੈਠ ਵਧਾਉਣ ਦਾ ਹੋਣਾ ਚਾਹੀਦਾ ਹੈ, ਉਥੇ ਦੂਜੇ ਪਾਸੇ ਹਿੱਤਾਂ ਦੀ ਪੂਰਤੀ ਲਈ ਚਲਾਕੀ ਨਾਲ ਚੀਨ ਦਾ ਸਹਿਯੋਗ ਲੈਣਾ ਵੀ। ਇਸ ਦਾ ਇਹ ਮਤਲਬ ਵੀ ਨਹੀਂ ਕਿ ਉਸ ਨੇ ਅਮਰੀਕਾ ਤੋਂ ਕੋਈ ਦੂਰੀ ਵਧਾਉਣੀ ਹੈ, ਕਿਉਂਕਿ ਅਜਿਹਾ ਕਰਨਾ ਵੀ ਭਾਰਤ ਦੇ ਆਰਥਿਕ ਹਿੱਤਾਂ ਲਈ ਨੁਕਸਾਨਦੇਹ ਸਾਬਿਤ ਹੋ ਸਕਦਾ ਹੈ। ਭਾਰਤ ਦੀ ਤਰਜੀਹ ਤਾਂ ਅਜਿਹੇ ਸਮੱਰਥ ਦੇਸ਼ਾਂ ਤੋਂ ਸਮਰਥਨ ਲੈ ਕੇ ਆਪਣਾ ਤੇਜ਼ ਆਰਥਿਕ ਵਿਕਾਸ ਕਰਨ ਦੀ ਹੋਣੀ ਚਾਹੀਦੀ ਹੈ ਕਿਉਂਕਿ ਜੇ ਅਸੀਂ ਅਸਲ ’ਚ ਇਕ ਮਹਾਸ਼ਕਤੀ ਬਣਨਾ ਹੈ ਤਾਂ ਅੱਠ ਫ਼ੀਸਦੀ ਤੋਂ ਵੱਧ ਵਿਕਾਸ ਦਰ ਹਾਸਲ ਕਰਨੀ ਪਵੇਗੀ।



# ਭਾਰਤ ਅਤੇ ਪਾਕਿਸਤਾਨ ਵਿਚ ਇਸ ਤਸਵੀਰ ਦੀ ਇੰਨੀ ਚਰਚਾ ਕਿਉਂ ਹੋਈ

ਨਵੀਂ ਦਿੱਲੀ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਸਮੇਂ ਚੀਨ ਦੇ ਦੋ ਦਿਨਾਂ ਦੌਰੇ 'ਤੇ ਹਨ। ਪੀਐਮ ਮੋਦੀ ਐਸਸੀ ਸੰਮੇਲਨ ਵਿੱਚ ਹਿੱਸਾ ਲੈ ਰਹੇ ਸਨ। ਪੀਐਮ ਮੋਦੀ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਮੁਲਾਕਾਤ ਕੀਤੀ ਸੀ। ਪੂਰੀ ਦੁਨੀਆ ਦੀਆਂ ਨਜ਼ਰਾਂ ਪੀਐਮ ਮੋਦੀ, ਰੂਸੀ ਰਾਸ਼ਟਰਪਤੀ ਅਤੇ ਚੀਨੀ ਰਾਸ਼ਟਰਪਤੀ ਦੀ ਇਸ ਮੁਲਾਕਾਤ 'ਤੇ ਟਿਕੀਆਂ ਹੋਈਆਂ ਸਨ। ਇਸ ਦੌਰਾਨ ਇੱਕ ਬਹੁਤ ਹੀ ਦਿਲਚਸਪ ਦ੍ਰਿਸ਼ ਸਾਹਮਣੇ ਆਇਆ ਹੈ। ਦਰਅਸਲ ਪਾਕਿਸਤਾਨ ਵੀ ਐਸਸੀ ਦਾ ਹਿੱਸਾ ਹੈ, ਇਸ ਲਈ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਵੀ ਇਸ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਪਹੁੰਚੇ ਸਨ। ਇਸ ਦੌਰਾਨ ਉਹ ਹਾਲ ਹੀ ਵਿੱਚ ਮੌਜੂਦ ਵੀ ਸਨ ਪਰ ਇਸ ਦੌਰਾਨ ਕੁਝ ਅਜਿਹਾ ਹੋਇਆ ਜਿਸ ਦੀ ਉਨ੍ਹਾਂ ਨੂੰ ਉਮੀਦ ਵੀ ਨਹੀਂ ਸੀ।

ਸੋਮਵਾਰ ਨੂੰ ਪੀਐਮ ਮੋਦੀ ਅਤੇ ਰੂਸੀ ਰਾਸ਼ਟਰਪਤੀ ਪੁਤਿਨ ਇੱਕ ਦੂਜੇ ਨਾਲ ਗੱਲ ਕਰਦੇ ਹੋਏ ਅੱਗੇ ਵਧ ਰਹੇ ਸਨ। ਇਸ ਦੌਰਾਨ ਸ਼ਾਹਬਾਜ਼ ਸ਼ਰੀਫ ਇੱਕ ਕੋਨੇ ਵਿੱਚ ਹੱਥ ਜੋੜ ਕੇ ਖੜ੍ਹੇ ਦਿਖਾਈ ਦਿੱਤੇ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਕੋਈ ਵੀ ਪਾਕਿਸਤਾਨੀ ਪ੍ਰਧਾਨ ਮੰਤਰੀ ਨਾਲ ਗੱਲ ਨਹੀਂ ਕਰ ਰਿਹਾ ਸੀ ਅਤੇ ਨਾ ਹੀ ਕੋਈ ਉਨ੍ਹਾਂ ਦੇ ਨੇੜੇ ਖੜ੍ਹਾ ਸੀ।



ਜਦੋਂ ਪੀਐਮ ਮੋਦੀ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅੱਗੇ ਵਧ ਰਹੇ ਸਨ ਤਾਂ ਪਾਕਿਸਤਾਨੀ ਪ੍ਰਧਾਨ ਮੰਤਰੀ ਸਿਰਫ਼ ਘੂਰਦੇ ਰਹੇ। ਜਿਸ ਦੀ ਵੀਡੀ ਹੁਣ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ।

# ਡਾ. ਜਸਵਿੰਦਰ ਭੱਲਾ ਨੂੰ ਮਨਮੋਹਨ ਸਿੰਘ ਗਰੇਵਾਲ, ਬਾਲ ਮੁਕੰਦ ਸ਼ਰਮਾ ਅਤੇ ਭੱਲਾ ਪਰਿਵਾਰਾਂ ਨੇ ਸ਼ਰਧਾਂਜਲੀਆਂ ਭੇਂਟ ਕੀਤੀਆਂ





Manmohan singh Grewal and Bal Mukand Sharma family and Bhalla family

ਥਰਮਲ (ਕੈਲੇਫੋਰਨੀਆ) ਬੀਤੀ 24 ਅਗਸਤ ਨੂੰ ਸਮਰਾ ਫਾਰਮ ਸਥਿਤ ਡਾ. ਜਸਵਿੰਦਰ ਸਿੰਘ ਭੱਲਾ ਦੇ ਬੇਵਕਤ ਚਲਾਣੇ ਸਬੰਧੀ ਇਕ ਸ਼ੋਕ ਸਭਾ ਕੀਤੀ ਗਈ, ਜਿਸ ਵਿਚ ਡਾ. ਜੀ. ਐਸ. ਮੋਮੀ ਸਾਬਕਾ ਮੁਖੀ ਪਸਾਰ ਸਿੱਖਿਆ ਪੀ. ਏ. ਯੂ., ਹਰਭਜਨ ਸਿੰਘ ਸਮਰਾ, ਡਾ. ਬੀ. ਐਸ. ਭੰਗੂ, ਹਰਵਿੰਦਰ ਸਿੰਘ ਚੰਦੀ, ਗੁਰਦੀਸਪਾਲ ਸਿੰਘ ਮੋਮੀ, ਜਸਵੀਰ ਸਿੰਘ, ਡਾ. ਜੀ. ਐਸ. ਦਿਓਲ, ਗੁਰਮੀਤ ਸਿੰਘ ਬਰਾੜ, ਹਰਮਨ ਸਿੰਘ ਔਜਲਾ ਨੇ ਭਾਗ ਲਿਆ।

ਇਸ ਮੀਟਿੰਗ ਵਿਚ ਡਾ. ਭੱਲਾ ਸਾਹਿਬ ਦੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿਣ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਤੇ ਇਸ ਨੂੰ ਪੰਜਾਬੀ ਬੋਲੀ ਲਈ ਵੱਡਾ ਘਾਟਾ ਮਹਿਸੂਸ ਕੀਤਾ ਗਿਆ।

ਸਮੂਹ ਮੈਂਬਰਾਂ ਵੱਲੋਂ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਵਾਹਿਗੁਰੂ ਅੱਗੇ ਵਿਛੜੀ ਰੂਹ ਨੂੰ ਸ਼ਾਂਤੀ ਅਤੇ ਚਰਨਾਂ ਵਿਚ ਨਿਵਾਸ ਲਈ ਅਰਦਾਸ ਕੀਤੀ ਗਈ।

*******

# ਆਮ ਆਦਮੀ ਪਾਰਟੀ ਦੇ ਵਿਧਾਇਕ ਹੀ ਹੋਏ ਮਾਨ ਸਰਕਾਰ ਦੇ ਖਿਲਾਫ, ਦਿੱਲੀ ਵਾਲਿਆਂ ਵਿਰੁੱਧ ਖੋਲਿਆ ਮੋਰਚਾ

ਪਟਿਆਲਾ- ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਖਿਲਾਫ ਲੋਕਾਂ ਵਿਚ ਰੋਸ ਤਾਂ ਪਹਿਲਾਂ ਹੀ ਬਹੁਤ ਵਧਿਆ ਹੋਇਆ ਹੈ ਪਰ ਇਸ ਵਿਚ 'ਅੱਗ 'ਚ ਘਿਓ' ਦਾ ਕੰਮ ਕੀਤਾ ਆਮ ਪਾਰਟੀ ਦੇ ਹੀ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ, ਜਦੋਂ ਉਹਨਾਂ ਇਹ ਬਿਆਨ ਦਿੱਤਾ ਕਿ ਪੰਜਾਬ ਵਿਚ ਹੜ੍ਹਾਂ ਲਈ ਕੋਈ ਹੋਰ ਜ਼ਿੰਮੇਵਾਰ ਨਹੀਂ ਬਲਕਿ ਪੰਜਾਬ ਸਰਕਾਰ ਦੇ ਹੀ ਅਫਸਰ ਕ੍ਰਿਸ਼ਨ ਕੁਮਾਰ ਜ਼ਿੰਮੇਵਾਰ ਹਨ, ਜਿਹਨਾਂ ਨੇ ਸਮਾਂ ਰਹਿੰਦੇ ਕਈ ਥਾਵਾਂ ਦੇ ਫਲੱਡ ਗੇਟ ਨਹੀਂ ਖੁੱਲ੍ਹਵਾਏ। ਇਹ ਬਿਆਨ ਆਉਣ ਤੋਂ ਬਾਅਦ ਇਸ ਦੇ ਖਿਲਾਫ ਬਲਾਤਕਾਰ ਦਾ ਕੇਸ ਦਰਜ ਕਰ ਦਿੱਤਾ ਅਤੇ ਗ੍ਰਿਫਤਾਰ ਵੀ ਕਰ ਲਿਆ ਗਿਆ।

ਪਠਾਣਮਾਜਰਾ ਸ਼ਰੇਆਮ ਦੋਸ਼ ਲਗਾ ਰਹੇ ਹਨ ਕਿ ਦਿੱਲੀ ਤੋਂ ਆਏ ਸਿਸੋਦੀਏ, ਕੇਜਰੀਵਾਲ ਅਤੇ ਹੋਰ ਲੋਕਾਂ ਨੇ ਪੰਜਾਬ ਸਰਕਾਰ ਦਾ ਭੱਠਾ ਬਿਠਾ ਦਿੱਤਾ ਹੈ। ਇਸ ਵਕਤ ਮੁੱਖ ਮੰਤਰੀ ਤਾਂ ਭਗਵੰਤ ਮਾਨ ਹੈ ਪਰ ਸਾਰੀ ਸਰਕਾਰ ਦਿੱਲੀ ਵਾਲਿਆਂ ਦੇ ਇਸ਼ਾਰੇ ਤੇ ਚਲਦੀ ਹੈ ਅਤੇ ਪੰਜਾਬ ਦੇ ਵਿਧਾਇਕ ਗਲੀ ਦੇ ਕੁੱਤੇ ਬਣਾ ਦਿੱਤੇ ਹਨ।



ਆਪਣੀ ਗ੍ਰਿਫ਼ਤਾਰੀ ਤੋਂ ਠੀਕ ਪਹਿਲਾਂ ਵੀ, ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮਜ਼ 'ਤੇ ਇੱਕ ਵੀਡੀ ਬਿਆਨ ਜਾਰੀ ਕੀਤਾ ਸੀ। ਇਸ ਵੀਡੀ ਬਿਆਨ ਵਿੱਚ ਉਨ੍ਹਾਂ ਨੇ ਆਪਣੇ ਸਮਰਥਕਾਂ ਨੂੰ ਪਟਿਆਲਾ ਦੇ ਡੀਸੀ ਅਤੇ ਐਸਐਸਪੀ ਦਫ਼ਤਰ ਦਾ ਘਿਰਾ ਕਰਨ ਦੀ ਗੱਲ ਆਖੀ ਸੀ। ਬੀਤੇ ਸ਼ਨੀਵਾਰ ਨੂੰ ਪਠਾਨਮਾਜਰਾ ਨੇ ਜਨਤਕ ਤੌਰ 'ਤੇ ਆਪਣੀ ਪਾਰਟੀ 'ਤੇ ਹੜ੍ਹ ਦੀ ਰੋਕਥਾਮ ਦਾ ਸਹੀ ਢੰਗ ਨਾਲ ਪ੍ਰਬੰਧਨ ਨਾ ਕਰਨ ਦਾ ਇਲਜ਼ਾਮ ਲਗਾਇਆ ਸੀ। ਉਨ੍ਹਾਂ ਨੇ ਇੱਕ ਜਨਤਕ ਬਿਆਨ 'ਚ ਖੁੱਲ੍ਹ ਕੇ ਸੀਨੀਅਰ ਸਿੰਚਾਈ ਅਧਿਕਾਰੀ ਦੀ ਆਲੋਚਨਾ ਕੀਤੀ ਸੀ। ਉਨ੍ਹਾਂ ਵੱਲੋਂ ਦਾਅਵਾ ਕੀਤਾ ਗਿਆ ਕਿ ਉਸ ਅਧਿਕਾਰੀ ਨੇ ਸਰਕਾਰ ਨੂੰ ਗੁੰਮਰਾਹ ਕੀਤਾ ਅਤੇ ਰੋਕਥਾਮ ਉਪਾਵਾਂ ਲਈ ਵਾਰ-ਵਾਰ ਬੇਨਤੀਆਂ ਨੂੰ ਅਣ-ਡਿੱਠਾ ਕੀਤਾ।

ਆਪਣੇ ਬਿਆਨ 'ਚ ਉਨ੍ਹਾਂ ਨੇ ਇਹ ਵੀ ਇਲਜ਼ਾਮ ਲਗਾਇਆ ਕਿ ਸਰਕਾਰੀ ਅਫਸਰਾਂ ਦੀ ਲਾਪਰਵਾਹੀ ਕਰਕੇ ਹੀ ਉਨ੍ਹਾਂ ਦੇ ਹਲਕੇ ਦੇ ਕਈ ਪਿੰਡਾਂ ਵਿੱਚ ਹੜ੍ਹ ਦੇ ਹਾਲਾਤ ਬਦਤਰ ਹੋ ਗਏ ਹਨ। ਪਠਾਨਮਾਜਰਾ ਨੇ ਕਿਹਾ, "ਜੇ ਅਸੀਂ ਸ਼ਹਿਰਾਂ ਵਿੱਚ ਅਧਿਕਾਰੀਆਂ ਦੀ ਗੱਲ ਸੁਣਦੇ ਰਹੇ, ਤਾਂ ਸੂਬਾ ਡੁੱਬ ਜਾਵੇਗਾ। ਮੈਂ ਆਪਣੇ ਹਲਕੇ ਦੇ ਲੋਕਾਂ ਨਾਲ ਖੜ੍ਹਾ ਰਹਾਂਗਾ, ਉਨ੍ਹਾਂ ਦੇ ਹੱਕ ਲਈ ਬੋਲਾਂਗਾ ਭਾਵੇਂ ਪਾਰਟੀ ਤੋਂ ਮੁਅੱਤਲ ਜਾਂ ਕੱਢ ਦਿੱਤਾ ਜਾਵੇ।

ਕਈ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਤਾਂ ਪੰਜਾਬ ਸਰਕਾਰ ਜਾਂ ਕਿਸੇ ਵਿਰੋਧੀ ਪਾਰਟੀ ਦੀ ਸ਼ਰਾਰਤ ਹੋ ਸਕਦੀ ਹੈ ਤਾਂ ਜੋ ਆਮ ਲੋਕਾਂ ਦਾ ਧਿਆਨ ਪੰਜਾਬ ਵਿਚ ਹੜ੍ਹਾਂ ਦੀ ਗੰਭੀਰ ਸਥਿਤੀ ਤੋਂ ਭਟਕਾਇਆ ਜਾ ਸਕੇ।

GLOBAL ADVISORS, LLC.
168 S. Hillview Drive, Milpitas, CA 95035
contact@globaladvisors.llcwww.globaladvisors.llc
Phone: 408-613-3876 / 408-600-9471

Legal Documentation Services:
Family Law, Estate Planning, Small Claims/ Civil Law, Unlawful Detainer, POA, Social Security Disability.



'Sara'- Saraswatee Consultant

**Income Tax Preparation:** Strategic individual and business tax filings, tax planning, IRS audit, sales & use tax, and new company formation.
**Financial Accounting & Management:** Strategic accounting & reporting services, which are scalable, tactical, and team-driven.
**Immigration Consulting:** Citizenship; Green Card; Investor EB5 Visa; Business/ Tourist Visa; Student Visa; Religious Visa; OCI, Passport & Others
**Live-Scan and Notary**

GLOBAL ADVISORS, LLC
contact@globaladvisors.llc 408-613-3876 / 408-600-9471

Eden's Liquor &
NEW YORK PIZZA
Phone:- 510-582-3333
1086 A ST, Hayward
HOME OF THE 30" SUPER KING KONG PIZZA
ADD Fries to any deal for $2.99

Slice Deal
1 Topping Slice
1 Bag of Chips
1 Can of Soda
$8.99 *
Upgrade to 2 Toppings for a $1 more

Everyday Special
1 Large 14" Toppings Pizza
$21.99 *
FREE 2LT SODA

Best Deal
1X-Large 18" 1 Topping Pizza
$22.99 *
FREE 2LT SODA

King Kong Deal
1 King Kong 2 Toppings PIZZA
$37.99 *
FREE 2LT SODA

* Minimum Delivery $30.00
* Price subject to change without notice
* Taxes applied on all prices and deals

Sun - Thu 11AM - 10PM
Fri - Sat 11AM - 11PM
EdensLiquorandPizza.com

# ਕਮਾਲ ਦਾ ਕਾਮੇਡੀਆਨ ਸੀ ਜਸਵਿੰਦਰ ਭੱਲਾ

ਪੰਜਾਬੀ ਫਿਲਮ 'ਵਿਆਹ 70 ਕਿਲੋਮੀਟਰ' (2013) ਦੇ ਇਕ ਸੀਨ ਵਿਚ ਮੈਰਿਜ ਬਿਊਰੋ ਵਾਲਾ ਇਕ ਬੰਦਾ ਜਸਵਿੰਦਰ ਭੱਲੇ ਨੂੰ ਘਰੋਂ ਭੱਜੀ ਮੱਝ ਦਾ ਚੁਟਕਲਾ ਸੁਣਾ ਕੇ ਰਿਝਾਉਣ ਦੀ ਕੋਸ਼ਿਸ਼ ਕਰਦਾ ਹੈ ਪਰ ਆਪਣੇ ਭਤੀਜੇ ਲਈ ਲੜਕੀ ਲੱਭਦਿਆਂ-ਲੱਭਦਿਆਂ ਅੱਕ-ਥੱਕ ਚੁੱਕਿਆ ਭੱਲਾ ਉਸ ਨੂੰ ਮੋੜ ਕੇ ਜਵਾਬ ਦਿੰਦਾ ਹੈ: "ਕਮੇਡੀ ਨਾ ਕਰ। ਕਮੇਡੀ ਮੈਂ ਬਥੇਰੀ ਕਰ ਲਊਂ। ਜਿਹੜਾ ਤੈਨੂੰ ਕੰਮ ਕਿਹਾ, ਉਹ ਕਰ।" ਇਹ ਕੋਈ ਫੜ੍ਹ ਨਹੀਂ ਸੀ। ਦਰਅਸਲ, ਭੱਲਾ ਅਜਿਹਾ ਕਮਾਲ ਦਾ ਕਾਮੇਡੀਅਨ ਸੀ ਜਿਸ ਦਾ ਪੰਜਾਬੀ ਸਿਨੇਮਾ ਵਿਚ ਕੋਈ ਸਾਨੀ ਨਹੀਂ ਸੀ; ਤੇ ਇਹ ਕੋਈ ਛੋਟੀ ਗੱਲ ਨਹੀਂ ਸੀ ਕਿਉਂਕਿ ਉਸ ਦੇ ਆਲੇ-ਦੁਆਲੇ ਕਈ ਅਦਾਕਾਰ ਮੌਜੂਦ ਸਨ ਜੋ ਕਿਸੇ ਵੀ ਮੌਕੇ 'ਤੇ ਤੁਹਾਨੂੰ ਹਸਾ-ਹਸਾ ਕੇ ਢਿੱਡੀਂ ਪੀੜਾਂ ਪਵਾ ਸਕਦੇ ਹਨ, ਜਿਵੇਂ ਗੁਰਪ੍ਰੀਤ ਘੁੱਗੀ, ਬੀਨੂੰ ਢਿੱਲੋਂ, ਬੀਐੱਨ ਸ਼ਰਮਾ ਜਾਂ ਕਰਮਜੀਤ ਅਨਮੋਲ ਪਰ ਭੱਲਾ, ਭੱਲਾ ਹੀ ਸੀ। 2012 ਦਾ ਸਾਲ ਪੰਜਾਬੀ ਫਿਲਮ ਜਗਤ ਲਈ ਯੁੱਗ ਬਦਲੂ ਵਰ੍ਹਾ ਹੋ ਨਿੱਬੜਿਆ ਕਿਉਂਕਿ



ਇਸ ਤੋਂ ਪਹਿਲਾਂ ਇਸ ਨੂੰ ਦੇਸ਼ ਵਿਦੇਸ਼ ਵਿਚ ਦਰਸ਼ਕਾਂ ਦੀ ਤੋਟ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਚਾਰ ਹਫ਼ਤਿਆਂ ਦੇ ਅੰਦਰ ਅੰਦਰ ਦੋ ਫਿਲਮਾਂ ਰਿਲੀਜ਼ ਹੋਈਆਂ- 'ਜੱਟ ਐਂਡ ਜੂਲੀਅਟ' ਅਤੇ 'ਕੈਰੀ ਆਨ ਜੱਟਾ'। ਇਨ੍ਹਾਂ ਦੋਵਾਂ ਫਿਲਮਾਂ ਨੇ ਦੁਨੀਆ ਭਰ ਵਿਚ ਗਾਹ ਪਾ ਦਿੱਤਾ ਅਤੇ ਦਰਸ਼ਕਾਂ ਦੀਆਂ ਸਿਨਮਾ ਘਰਾਂ ਅੱਗੇ ਕਤਾਰਾਂ ਲੱਗ ਗਈਆਂ। ਇਨ੍ਹਾਂ ਦੀ ਸਫਲਤਾ ਵਿਚ ਭੱਲੇ ਦਾ ਬਹੁਤ ਵੱਡਾ ਯੋਗਦਾਨ ਸੀ। 'ਜੱਟ ਐਂਡ ਜੂਲੀਅਟ' ਵਿੱਚ ਉਹ ਚੰਡੀਗੜ੍ਹ ਦੀ ਪਾਏਦਾਰੀ ਦੀ ਗੱਲ ਕਰਦੇ ਹੋਏ ਕਹਿੰਦਾ ਹੈ: "ਚੰਡੀਗੜ੍ਹ ਢਹਿ ਜੂ, ਪਿੰਡਾਂ ਵਰਗਾ ਤਾਂ ਰਹਿ ਜੂ, ਜੇ ਪਿੰਡ ਹੀ ਢਹਿ ਜੂ ਤਾਂ ਫੇਰ ਪਿੱਛੇ ਕੀ ਰਹਿ ਜੂ।"

'ਕੈਰੀ ਆਨ ਜੱਟਾ' ਵਿਚ ਉਸ ਦਾ ਜਾਦੂ ਸਿਰ ਚੜ੍ਹ ਕੇ ਬੋਲਦਾ ਹੈ ਜਿਸ ਵਿਚ ਉਸ ਨੇ ਪ੍ਰੇਸ਼ਾਨਹਾਲ ਵਕੀਲ ਦਾ ਕਿਰਦਾਰ ਨਿਭਾਇਆ ਸੀ ਜੋ ਅਦਾਲਤੀ ਕੇਸਾਂ ਦੀ ਬਜਾਏ ਆਪਣੇ ਵਿਗੜੇ ਹੋਏ ਪੁੱਤਰਾਂ ਨਾਲ ਸਿੱਝਣ ਵਿਚ ਜ਼ਿਆਦਾ ਰੁੱਝਿਆ ਰਹਿੰਦਾ ਹੈ। ਉਸ ਦਾ ਮਸ਼ਹੂਰ ਫਿਕਰਾ "ਗੰਦੀ ਔਲਾਦ, ਨਾ ਮਜ਼ਾ ਨਾ ਸਵਾਦ" ਹੈ ਜੋ ਪਿਓ ਵਜੋਂ ਉਸ ਦੇ ਮਾੜੇ ਤਜਰਬੇ ਨੂੰ ਕੁੱਜੇ ਵਿਚ ਬੰਦ ਕਰ ਦਿੰਦਾ ਹੈ। ਘਰ ਅਤੇ ਅਦਾਲਤ ਵਿਚ ਆਪਣੀਆਂ ਤਰ੍ਹਾਂ-ਤਰ੍ਹਾਂ ਦੀਆਂ ਮੁਸ਼ਕਿਲਾਂ ਦੇ ਬਾਵਜੂਦ ਉਹ ਠੋਕ ਵਜਾ ਕੇ ਦੱਸਦਾ ਹੈ: "ਐਡਵੋਕੇਟ ਢਿੱਲੋਂ ਨੇ ਕਾਲਾ ਕੋਟ ਐਵੇਂ ਹੀ ਨਈਂ ਪਾਇਆ।" ਆਪਣੇ ਪੁੱਤਰਾਂ 'ਤੇ ਰੋਅਬਦਾਬ ਪਾਉਣ ਦੀਆਂ ਉਸ ਦੀਆਂ ਅਕਸਰ ਨਾਕਾਮ ਰਹਿੰਦੀਆਂ ਕੋਸ਼ਿਸ਼ਾਂ ਦਰਸ਼ਕਾਂ ਨੂੰ ਹਸਾ-ਹਸਾ ਕੇ ਦੂਹਰਾ ਕਰ ਦਿੰਦੀਆਂ ਹਨ। ਪਿਛਲੇ ਇਕ ਦਹਾਕੇ ਜਾਂ ਇਸ ਤੋਂ ਕੁਝ ਵੱਧ ਸਮੇਂ ਦੌਰਾਨ ਹੀ ਜਸਵਿੰਦਰ ਭੱਲਾ ਦੀ ਮਸ਼ਹੂਰੀ ਨੇ ਸਿਖ਼ਰਾਂ ਛੂਹੀਆਂ ਸਨ, ਤੇ ਉਹ ਅਸਲੋਂ ਹਰ ਤਰ੍ਹਾਂ ਦੀ ਕਮੇਡੀ ਲਈ ਸੁਭਾਵਿਕ ਪਸੰਦ ਸਨ। ਅੱਸੀਵਿਆਂ ਦੇ ਅਖ਼ੀਰ ਦੀ ਗੱਲ ਹੈ ਜਦ ਉਹ ਆਡੀਓ ਕੈਸੇਟ 'ਛਣਕਾਟਾ' ਨਾਲ ਪੰਜਾਬੀ ਮਨੋਰੰਜਨ ਦੀ ਰੰਗਭੂਮੀ 'ਚ ਜ਼ੋਰਦਾਰ ਢੰਗ ਨਾਲ ਦਾਖਲ ਹੋਏ। ਖ਼ੁਦ ਨੂੰ ਉਨ੍ਹਾਂ 'ਚਾਚਾ ਚਤਰ ਸਿੰਘ' ਵਜੋਂ ਪੇਸ਼ ਕੀਤਾ, ਬਜ਼ੁਰਗ ਪੇਂਡੂ ਜਿਸ ਨੂੰ ਗੱਲਾਂ ਬਹੁਤ ਅਹੁੜਦੀਆਂ ਸਨ। ਜ਼ਮੀਨ ਨਾਲ ਜੁੜੀ ਸਿਆਣਪ ਨੂੰ ਮਸਖ਼ਰੇਪਨ 'ਚ ਮਿਲਾ ਕੇ, ਉਨ੍ਹਾਂ ਉਸ ਵੇਲੇ ਖ਼ੁਦ ਲਈ ਮਜ਼ਬੂਤ ਥਾਂ ਬਣਾਈ ਜਦ ਪੰਜਾਬੀ ਸਿਨੇਮਾ 'ਚ ਮੋਹਰੀ ਹਾਸਰਸ ਕਲਾਕਾਰ ਵਜੋਂ ਮਿਹਰ ਮਿੱਤਲ ਦੀ ਤੂਤੀ ਬੋਲਦੀ ਸੀ। ਛਣਕਾਟਾ ਜੋ ਸ਼ੁਰੂ-ਸ਼ੁਰੂ 'ਚ ਸਾਲਾਨਾ ਆਉਂਦਾ ਸੀ, ਐਨਾ ਜ਼ਿਆਦਾ ਮਸ਼ਹੂਰ ਹੋ ਗਿਆ ਕਿ ਭੱਲੇ ਤੇ ਉਸ ਦੀ ਟੀਮ ਨੂੰ ਕਈ ਵਾਰ ਇਹ ਸਾਲ ਵਿਚ ਦੋ ਵਾਰ ਵੀ ਕੱਢਣਾ ਪਿਆ। ਅਤਿਵਾਦ ਦੇ ਉਸ ਦੌਰ ਵਿਚ ਕਮੇਡੀ ਬਹੁਤ ਵੱਡੀ ਚੁਣੌਤੀ ਸੀ, ਜਦ ਪੰਜਾਬ 'ਚ ਤ੍ਰਾਸਦੀ ਤੇ ਖ਼ੂਨ-ਖਰਾਬੇ ਦੀ ਟੀਸ ਸੀ। ਹਰ ਚੰਗਾ ਚੁਟਕਲਾ ਸੋਨੇ ਵਰਗਾ ਸੀ ਕਿਉਂਕਿ ਇਸ ਨੇ ਲੋਕਾਂ ਦੀ ਉਨ੍ਹਾਂ ਦੇ ਦਰਦ ਨੂੰ ਭੁਲਾਉਣ ਵਿਚ ਮਦਦ ਕੀਤੀ, ਅਲਬੱਤਾ ਥੋੜ੍ਹੇ ਸਮੇਂ ਲਈ ਹੀ ਸਹੀ।

ਭਲਾ ਹੋਵੇ ਜਲੰਧਰ ਦੂਰਦਰਸ਼ਨ ਦਾ, ਭੱਲਾ ਟੀਵੀ ਦੇ ਦਰਸ਼ਕਾਂ ਤੱਕ ਪਹੁੰਚਿਆ। ਇਹ ਤੱਥ ਕਿ ਇਕ ਪ੍ਰੋਫੈਸਰ (ਉਨ੍ਹਾਂ ਆਪਣੇ ਹੀ ਵਿਦਿਅਕ ਅਦਾਰੇ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਚ ਪੜ੍ਹਾਇਆ) ਇੰਨੀ ਵਧੀਆ ਕਮੇਡੀ ਕਰ ਸਕਦਾ ਸੀ, ਹੈਰਾਨੀਜਨਕ ਸੀ। ਫਿਲਮਾਂ ਵਿਚ ਉਨ੍ਹਾਂ ਦੀ ਪਹਿਲੀ ਮੁੱਖ ਭੂਮਿਕਾ ਜਸਪਾਲ ਭੱਟੀ ਦੇ ਤਿੱਖੇ ਵਿਅੰਗ 'ਮਾਹੌਲ ਠੀਕ ਹੈ' (1999) ਵਿੱਚ ਸੀ। ਭੱਲਾ ਭ੍ਰਿਸ਼ਟਾਚਾਰੀ ਪੁਲੀਸ ਅਫਸਰ ਦੇ ਰੋਲ ਵਿਚ ਪੂਰੇ ਜਚ ਗਏ ਜੋ ਦੁਕਾਨਦਾਰਾਂ ਤੋਂ ਫਿਰੌਤੀ ਦੇ ਪੈਸੇ ਇਕੱਠੇ ਕਰਦਾ ਸੀ। ਹਾਸਰਸ ਦੇ ਮਹਾਰਥੀ ਭੱਟੀ ਨਾਲ ਉਨ੍ਹਾਂ 'ਜੀਜਾ ਜੀ' (2005), 'ਚੱਕ ਦੇ ਫੱਟੇ' (2008) ਤੇ 'ਪਾਵਰ ਕੱਟ' (2012) ਵਿਚ ਵੀ ਸਾਂਝ ਪਾਈ। ਦਿਲਚਸਪ ਹੈ ਕਿ ਦੋਵਾਂ ਦੇ ਆਪੋ-ਆਪਣੇ ਪਰਖੇ ਹੋਏ ਜੂਨੀਅਰ ਸਾਥੀ ਸਨ- ਭੱਟੀ ਦੇ ਕੇਸ ਵਿਚ ਇਹ ਵਿਵੇਕ ਸ਼ੌਕ ਸੀ, ਜਦਕਿ 'ਚਾਚੇ' ਭੱਲੇ ਕੋਲ 'ਭਤੀਜ' ਦੇ ਰੂਪ ਵਿਚ ਬਾਲ ਮੁਕੰਦ ਸ਼ਰਮਾ ਸੀ। ਸ਼ਰਮਾ, ਜੋ ਖ਼ੁਦ ਵੀ ਪੀਏਯੂ ਤੋਂ ਪੜ੍ਹੇ ਸਨ, ਨੇ ਮਾਰਕਫੈੱਡ ਅਤੇ ਪੰਜਾਬ ਰਾਜ ਖੁਰਾਕ ਕਮਿਸ਼ਨ ਵਿਚ ਸੀਨੀਅਰ ਅਹੁਦਿਆਂ ਉਤੇ ਕੰਮ ਕੀਤਾ।

ਭੱਲਾ ਦੀ ਕਮੇਡੀ ਦਾ ਕੇਂਦਰ ਪੰਜਾਬੀ ਸਮਾਜ ਅਤੇ ਸੱਭਿਆਚਾਰ ਸੀ। ਉਨ੍ਹਾਂ ਨਸ਼ਿਆਂ, ਭਰੂਣ ਹੱਤਿਆ, ਬੇਰੁਜ਼ਗਾਰੀ ਅਤੇ ਗੈਰ-ਕਾਨੂੰਨੀ ਪਰਵਾਸ ਵਰਗੇ ਗੰਭੀਰ ਮੁੱਦਿਆਂ 'ਤੇ ਚੋਟ ਕੀਤੀ। ਉਨ੍ਹਾਂ ਦੇ ਵਿਅੰਗ ਦਾ ਨਿਸ਼ਾਨਾ ਔਰਤ ਅਤੇ ਮਰਦ ਵਿਚਕਾਰ ਹੁੰਦੀ ਨੋਕ-ਝੋਕ ਵੀ ਬਣੀ। ਇਸ ਤੋਂ ਇਲਾਵਾ, ਉਹ ਸਮੇਂ-ਸਮੇਂ 'ਤੇ ਸਿਆਸੀ ਚੁਟਕਲੇ ਮਾਰਨ ਤੋਂ ਵੀ ਗੁਰੇਜ਼ ਨਹੀਂ ਕਰਦੇ ਸਨ। ਇਸੇ ਕਰ ਕੇ ਉਹ 2003 ਵਿੱਚ ਮੁਸੀਬਤ ਵਿੱਚ ਫਸ ਗਏ ਸਨ, ਜਦੋਂ ਪਟਿਆਲਾ ਵਿੱਚ ਇੱਕ ਸਮਾਗਮ ਦੌਰਾਨ ਉਨ੍ਹਾਂ ਵੱਲੋਂ ਮੁੱਖ ਮੰਤਰੀ 'ਤੇ ਚੁਟਕਲੇ ਮਾਰਨ ਤੋਂ ਬਾਅਦ ਚੰਡੀਗੜ੍ਹ ਵਿੱਚ ਪੰਜਾਬ ਸਿਵਲ ਸਕੱਤਰੇਤ ਵਿਖੇ ਇੱਕ ਸੀਨੀਅਰ ਅਧਿਕਾਰੀ ਨੇ ਉਨ੍ਹਾਂ ਦੀ ਤੇ ਸ਼ਰਮਾ ਦੀ 'ਕੁੱਟਮਾਰ' ਕੀਤੀ।

ਹਾਲਾਂਕਿ, ਭੱਲਾ ਨੇ ਇਸ ਤੂਫ਼ਾਨ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਇਸ ਬਾਰੇ 'ਛਣਕਾਟਾ 2003' (ਚਾਚਾ ਸੁਧਰ ਗਿਆ) ਵਿੱਚ ਮਜ਼ਾਕ ਵੀ ਕੀਤਾ। ਉਨ੍ਹਾਂ ਨੇ ਇਸ ਘਟਨਾ ਦੀ ਤੁਲਨਾ ਓਸਾਮਾ ਬਿਨ-ਲਾਦਿਨ ਦੁਆਰਾ ਅਮਰੀਕਾ 'ਤੇ ਕੀਤੇ ਹਮਲੇ ਨਾਲ ਕੀਤੀ ਜਿਸ ਦਾ ਖਮਿਆਜ਼ਾ ਸੱਦਾਮ ਹੁਸੈਨ ਨੂੰ ਭੁਗਤਣਾ ਪਿਆ (ਜਿਸ ਦਾ ਭਾਵ ਸੀ ਕਿ ਉਨ੍ਹਾਂ ਨੂੰ ਕਿਸੇ ਹੋਰ ਦੀ ਗ਼ਲਤੀ ਦੀ ਸਜ਼ਾ ਮਿਲੀ)। ਉਨ੍ਹਾਂ ਨੇ ਨਾ ਸਿਰਫ਼ ਸਰਕਾਰੀ ਤੰਤਰ ਨੂੰ ਨਿਸ਼ਾਨਾ ਬਣਾਇਆ, ਬਲਕਿ ਆਪਣੇ ਉਨ੍ਹਾਂ ਸਾਥੀ ਕਲਾਕਾਰਾਂ ਦਾ ਵੀ ਮਜ਼ਾਕ ਉਡਾਇਆ ਜਿਨ੍ਹਾਂ ਨੇ ਮੁਸ਼ਕਿਲ ਸਮੇਂ ਵਿੱਚ ਉਨ੍ਹਾਂ ਦਾ ਸਾਥ ਛੱਡ ਦਿੱਤਾ ਸੀ। ਜਸਪਾਲ ਭੱਟੀ ਅਤੇ ਗੁਰਪ੍ਰੀਤ ਘੁੱਗੀ ਦੀ ਅਗਵਾਈ ਵਿੱਚ ਪੰਜਾਬੀ ਕਲਾਕਾਰਾਂ ਨੇ ਭੱਲਾ ਅਤੇ ਸ਼ਰਮਾ ਦੇ ਹੱਕ ਵਿੱਚ ਵਿਅੰਗਮਈ ਬਿਆਨ ਜਾਰੀ ਕੀਤਾ, ਜਿਸ ਵਿੱਚ ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਹਾਸ-ਵਿਅੰਗ 'ਤੇ 'ਪਾਬੰਦੀ' ਲਗਾ ਦੇਣ ਜਾਂ ਲੋਕਾਂ ਸਾਹਮਣੇ ਪੇਸ਼ਕਾਰੀ ਤੋਂ ਪਹਿਲਾਂ ਸਾਰੇ ਗੀਤਾਂ ਅਤੇ ਨਾਟਕਾਂ ਨੂੰ ਮਨਜ਼ੂਰੀ ਦੇਣ ਲਈ ਪ੍ਰਮੁੱਖ ਸਕੱਤਰ ਨੂੰ ਨਿਯੁਕਤ ਕਰ ਦੇਣ। ਕੋਵਿਡ-19 ਦੇ ਲੌਕਡਾਊਨ ਦੌਰਾਨ ਭੱਲਾ ਨੇ ਮੁੱਖ ਮੰਤਰੀ ਵੱਲੋਂ ਸ਼ਰਾਬ ਦੇ ਠੇਕੇ ਮੁੜ ਖੋਲ੍ਹਣ ਦੀ ਮੰਗ 'ਤੇ ਚੁਟਕਲਾ ਮਾਰਿਆ ਅਤੇ ਇਸ ਵਾਰ ਉਹ ਬਚ ਕੇ ਨਿਕਲ ਗਏ।

ਪੰਜਾਬੀ ਸਿਨੇਮੇ ਦੀ ਖੁਸ਼ਕਿਸਮਤੀ ਹੈ ਕਿ ਇਸ ਨੂੰ ਕਈ ਮਹਾਨ ਕਲਾਕਾਰ ਮਿਲੇ ਹਨ- ਜਿਵੇਂ ਗੋਪਾਲ ਸਹਿਗਲ, ਖਰੈਤੀ ਭੈਂਗਾ, ਮਜਨੂੰ (ਜਿਨ੍ਹਾਂ ਦਾ ਅਸਲੀ ਨਾਮ ਹੈਰੋਲਡ ਲੁਇਸ ਸੀ) ਅਤੇ ਮਿਹਰ ਮਿੱਤਲ। ਹੁਣ ਭੱਲਾ ਵੀ ਮਸ਼ਹੂਰ ਹਸਤੀਆਂ ਦੇ ਇਸ ਦਲ ਦਾ ਹਿੱਸਾ ਬਣ ਚੁੱਕਾ ਹੈ ਜਿੱਥੇ ਉਹ ਜ਼ਰੂਰ ਦੇਵਤਿਆਂ ਨੂੰ ਹਸਾ-ਹਸਾ ਲੋਟ-ਪੋਟ ਕਰ ਰਹੇ ਹੋਣਗੇ।

# ਵਿਅੰਗਾਂ ਦੇ ਬਾਦਸ਼ਾਹ ਜਸਵਿੰਦਰ ਭੱਲਾ ਦਾ ਸਦੀਵੀ ਵਿਛੋੜਾ



ਉਜਾਗਰ ਸਿੰਘ

ਮਿਹਰ ਮਿੱਤਲ ਤੋਂ ਬਾਅਦ ਮਜ਼ਾਹੀਆ ਕਲਾਕਾਰ ਦੇ ਤੌਰ 'ਤੇ ਪੰਜਾਬੀਆਂ ਦੇ ਦਿਲਾਂ ਨੂੰ ਮੋਹ ਲੈਣ ਵਾਲਾ ਜਸਵਿੰਦਰ ਸਿੰਘ ਭੱਲਾ 65 ਸਾਲ ਸਾਢੇ ਤਿੰਨ ਮਹੀਨੇ ਦੀ ਉਮਰ ਭੋਗ ਕੇ ਅਚਾਨਕ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ ਹੈ। ਉਹ ਬਹੁ-ਪੱਖੀ, ਬਹੁ-ਪਰਤੀ, ਬਹੁ-ਵਿਧਾਵੀ, ਕਲਾਕਾਰ, ਅਦਾਕਾਰ ਅਤੇ ਡਾਇਰੈਕਟਰ ਸੀ। ਸੰਨ 1985 ਤੋਂ 2025 ਤੱਕ 40 ਸਾਲ ਉਹ ਪੰਜਾਬੀ ਫਿਲਮੀ, ਅਦਾਕਾਰੀ ਤੇ ਸੰਗੀਤ ਜਗਤ ਵਿਚ ਧਰੂ ਤਾਰੇ ਦੀ ਤਰ੍ਹਾਂ ਚਮਕਦਾ ਰਿਹਾ। ਭਾਵੇਂ ਜਸਵਿੰਦਰ ਭੱਲਾ ਇਸ ਸੰਸਾਰ ਵਿਚ ਸਰੀਰਕ ਤੌਰ 'ਤੇ ਨਹੀਂ ਰਿਹਾ ਪਰ ਉਸ ਦੇ ਵਿਅੰਗ ਤੇ ਹਾਸਿਆਂ ਦੇ ਫ਼ੁਹਾਰੇ ਰਹਿੰਦੀ ਦੁਨੀਆ ਤੱਕ ਪੰਜਾਬੀਆਂ ਨੂੰ ਉਸ ਦੀ ਯਾਦ ਤਾਜ਼ਾ ਕਰਵਾਉਂਦੇ ਰਹਿਣਗੇ। ਲੁਧਿਆਣਾ ਜ਼ਿਲ੍ਹੇ ਦੇ ਪਿੰਡ ਕੱਦੋਂ ਦੀ ਜਰਖੇਜ਼ ਸਾਹਿਤਕ ਤੇ ਸੰਗੀਤਕ ਧਰਤੀ ਦੇ ਪੁੱਤਰ ਜਸਵਿੰਦਰ ਸਿੰਘ ਭੱਲਾ ਦੇ ਸਮਾਜਿਕ ਕੁਰੀਤੀਆਂ ਜਿਵੇਂ ਕਿ ਭਰੂਣ ਹੱਤਿਆ, ਨਸ਼ੇ ਅਤੇ ਬੇਰੁਜ਼ਗਾਰੀ ਬਾਰੇ ਤਿੱਖੇ ਵਿਅੰਗਾਂ ਦੀ ਮਾਰ ਨੂੰ ਸਹਿਣਾ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਹੁੰਦਾ ਸੀ। ਉਸ ਦੇ ਵਿਅੰਗ ਦੇ ਤੀਰ ਢਿੱਡੀਂ ਪੀੜਾਂ ਪਾ ਦਿੰਦੇ ਸਨ। ਉਸ ਦਾ ਤਕੀਆ ਕਲਾਮ ਅਤੇ ਡਾਇਲਾਗ ਜਿਵੇਂ 'ਮੈਂ ਤਾਂ ਭੰਨ ਦਊਂ ਬੁੱਲਾਂ ਨਾਲ ਅਖਰੋਟ', 'ਜੇ ਚੰਡੀਗੜ੍ਹ ਢਹਿ ਜਾਊ ਤਾਂ ਪਿੰਡਾਂ ਵਰਗਾ ਤਾਂ ਰਹਿ ਜਾਊ' ਅਤੇ 'ਢਿੱਲੋਂ ਨੇ ਐਵੇਂ ਕਾਲਾ ਕੋਟ ਨਹੀਂ ਪਾਇਆ' ਆਦਿ ਦਰਸ਼ਕਾਂ ਨੂੰ ਹੱਸਣ ਲਈ ਮਜਬੂਰ ਕਰ ਦਿੰਦੇ ਸਨ। ਉਸ ਦੀਆਂ ਛਣਕਾਟਾ ਸੀਰੀਜ਼ ਦੀਆਂ ਹੁਣ ਤੱਕ 29 ਆਡੀਓਜ਼, ਵੀਡੀਓਜ਼ ਅਤੇ ਐਲਬਮਾਂ ਆ ਚੁੱਕੀਆਂ ਹਨ। ਇਸ ਤੋਂ ਇਲਾਵਾ ਭੱਲਾ ਨੇ 50 ਦੇ ਲਗਪਗ ਪੰਜਾਬੀ ਫਿਲਮਾਂ ਵਿਚ ਅਦਾਕਾਰੀ ਕੀਤੀ। ਚਾਚਾ ਚਤਰ ਸਿੰਘ ਜਸਵਿੰਦਰ ਭੱਲਾ ਦਾ ਕਰੈਕਟਰ ਬਹੁਤ ਹਰਮਨ ਪਿਆਰਾ ਹੋਇਆ ਸੀ। ਉਸ ਤੋਂ ਬਾਅਦ ਉਸ ਦਾ ਸਿਤਾਰਾ ਚੜ੍ਹਦਾ ਹੀ ਗਿਆ। ਜਸਵਿੰਦਰ ਸਿੰਘ ਭੱਲਾ ਸਰਲ ਸ਼ਬਦਾਵਲੀ 'ਚ ਡੂੰਘਾ ਵਿਅੰਗ ਕਰਨ ਦੇ ਮਾਹਿਰ ਦੇ ਤੌਰ 'ਤੇ ਜਾਣੇ ਜਾਂਦੇ ਰਹੇ। ਸੰਨ 1975 ਵਿਚ ਭੱਲਾ ਦੀ ਆਪਣੇ ਦੋ ਸਹਿਯੋਗੀ ਕਲਾਕਾਰਾਂ ਦੇ ਨਾਲ ਆਲ ਇੰਡੀਆ ਰੇਡੀਓ ਦੇ ਪ੍ਰੋਗਰਾਮਾਂ ਲਈ ਚੋਣ ਹੋ ਗਈ। ਸਾਹਿਤਕ, ਗਾਇਕੀ ਅਤੇ ਸੰਗੀਤਕ ਰੁਚੀਆਂ ਦੇ ਬਾਦਸ਼ਾਹ ਜਗਦੇਵ ਸਿੰਘ ਜੱਸੋਵਾਲ ਨੇ ਲੁਧਿਆਣਾ 'ਚ ਪ੍ਰੋ. ਮੋਹਨ ਸਿੰਘ ਮੇਲੇ ਆਯੋਜਿਤ ਕਰਨੇ ਸ਼ੁਰੂ ਕੀਤੇ ਤਾਂ ਉਨ੍ਹਾਂ ਨੇ ਜਸਵਿੰਦਰ ਸਿੰਘ ਭੱਲਾ ਅਤੇ ਬਾਲ ਮੁਕੰਦ ਸ਼ਰਮਾ ਨੂੰ ਵੀ ਉੱਥੇ ਆਪਣਾ ਪ੍ਰੋਗਰਾਮ ਕਰਨ ਲਈ ਬੁਲਾਇਆ ਸੀ। ਇਸ ਮੌਕੇ ਦੂਰਦਰਸ਼ਨ ਜਲੰਧਰ ਦੇ ਅਧਿਕਾਰੀ ਆਏ ਹੋਏ ਸਨ ਜਿਹੜੇ ਜਸਵਿੰਦਰ ਸਿੰਘ ਭੱਲਾ ਅਤੇ ਬਾਲ ਮੁਕੰਦ ਦੀ ਅਦਾਕਾਰੀ 'ਤੇ ਫਿਦਾ ਹੋ ਗਏ। ਫਿਰ ਉਨ੍ਹਾਂ ਦੇ ਪ੍ਰੋਗਰਾਮ ਦੂਰਦਰਸ਼ਨ ਜਲੰਧਰ ਤੋਂ ਟੈਲੀਕਾਸਟ ਹੋਣ ਲੱਗੇ। ਉਨ੍ਹਾਂ ਦੀ ਪਹਿਲੀ ਆਡੀਓ ਛਣਕਾਟਾ-88 ਸੰਨ 1988 ਵਿਚ ਮਾਰਕੀਟ ਵਿਚ ਆਈ ਸੀ। ਇਸ ਤੋਂ ਬਾਅਦ ਤਾਂ ਚੱਲ ਸੋ ਚੱਲ। 'ਦੁੱਲਾ ਭੱਟੀ' ਜਸਵਿੰਦਰ ਸਿੰਘ ਭੱਲਾ ਦੀ ਪਹਿਲੀ ਫਿਲਮ ਸੀ ਜਿਸ ਨੇ ਉਸ ਦੀ ਫਿਲਮ ਜਗਤ ਵਿਚ ਪਛਾਣ ਬਣਾ ਦਿੱਤੀ ਸੀ। ਉਸ ਤੋਂ ਬਾਅਦ 'ਜ਼ਰਾ ਸੱਜੇ ਖੱਬੇ', 'ਡੁਗ ਡੁਗੀ ਵੱਜਦੀ', 'ਝੁਮਕੇ', 'ਨਾਟੀ ਬਾਬਾ ਇਨ ਟਾਊਨ', 'ਮਾਹੌਲ ਠੀਕ ਹੈ', 'ਜਿਹਨੇ ਮੇਰਾ ਦਿਲ ਲੁੱਟਿਆ', 'ਜੀਜਾ ਜੀ', 'ਪਾਵਰ ਕੱਟ', 'ਕਬੱਡੀ ਵਨਸ ਅਗੇਨ', 'ਆਪਾਂ ਫਿਰ ਮਿਲਾਂਗੇ', 'ਮੇਲ ਕਰਾਦੇ ਰੱਬਾ' ਅਤੇ 'ਜੱਟ ਏਅਰਵੇਜ਼', 'ਕੈਰੀ ਆਨ ਜੱਟਾ', 'ਵਧਾਈਆਂ ਜੀ', 'ਕੈਰੀ ਆਨ ਜੱਟਾ-2', 'ਮਿਸਟਰ 420', 'ਜੱਟ ਐਂਡ ਜੂਲੀਅਟ' ਆਦਿ ਭੱਲਾ ਜੀ ਦੀਆਂ ਵਰਣਨਯੋਗ ਫਿਲਮਾਂ ਹਨ। ਇਸ ਤੋਂ ਬਾਅਦ ਦੇਸ਼-ਵਿਦੇਸ਼ ਵਿਚ ਉਨ੍ਹਾਂ ਦੀ ਮੰਗ ਵੱਧ ਗਈ। ਉਨ੍ਹਾਂ ਨੇ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਇੰਗਲੈਂਡ ਅਤੇ ਨਿਊਜ਼ੀਲੈਂਡ ਆਦਿ 'ਚ ਅਣਗਿਣਤ ਸ਼ੋਅ ਕੀਤੇ। ਪੰਜਾਬੀ ਅਦਾਕਾਰੀ ਦੇ ਖੇਤਰ ਵਿਚ ਸਭ ਤੋਂ ਵੱਧ ਮਾਣ-ਸਨਮਾਨ ਜਸਵਿੰਦਰ ਭੱਲਾ ਨੂੰ ਮਿਲੇ ਸਨ। ਇੰਨੀਆਂ ਬੁਲੰਦੀਆਂ 'ਤੇ ਪਹੁੰਚਣ ਤੋਂ ਬਾਅਦ ਵੀ ਉਹ ਜ਼ਮੀਨ ਨਾਲ ਜੁੜਿਆ ਕਲਾਕਾਰ ਤੇ ਅਦਾਕਾਰ ਸੀ। ਨਿਮਰਤਾ ਉਸ ਦਾ ਗਹਿਣਾ ਸੀ। ਉਸ ਦਾ ਲੜਕਾ ਪੁਖਰਾਜ ਉਨ੍ਹਾਂ ਦੀ ਵਿਰਾਸਤ ਦਾ ਪਹਿਰੇਦਾਰ ਬਣ ਰਿਹਾ ਹੈ।

ਜਸਵਿੰਦਰ ਭੱਲਾ ਨੂੰ ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਨੇ ਅਨੇਕ ਸਨਮਾਨ ਦਿੱਤੇ ਜਿਨ੍ਹਾਂ ਵਿਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਐਵਾਰਡ (1986-87), ਮੁਹੰਮਦ ਰਫੀ ਐਵਾਰਡ, ਪੰਜਾਬ ਬੈਸਟ ਕਾਮੇਡੀਅਨ (1990-91), ਬੈਸਟ ਕਾਮੇਡੀਅਨ ਐਵਾਰਡ ਏਸ਼ੀਅਨ ਮੂਵੀ (1991), 'ਪੰਜਾਬੀ ਕਾਮੇਡਅਨ ਐਵਾਰਡ ਕੈਨੇਡਾ (1993), ਗੁਰਨਾਮ ਸਿੰਘ ਤੀਰ ਹਾਸ ਵਿਅੰਗ ਪੁਰਸਕਾਰ (1996), ਪੰਜਾਬੀ ਸਾਹਿਤ ਅਤੇ ਕਲਾ ਕੇਂਦਰ ਫਗਵਾੜਾ ਵੱਲੋਂ ਸਰਬੋਤਮ ਕਾਮੇਡੀ ਐਵਾਰਡ (1998), ਨਿਊਯਾਰਕ ਵਿਖੇ ਸ਼ਾਨਦਾਰ ਕਾਮੇਡੀਅਨ ਐਵਾਰਡ (1999), ਪੀਟੀਸੀ ਵੱਲੋਂ 2012, 2013, 2014 ਅਤੇ 2015 ਵਿਚ ਚਾਰ ਵਾਰ ਫਿਲਮ ਐਵਾਰਡ ਅਤੇ ਪੀਏਯੂ ਅਲੂਮਨੀ ਵੱਲੋਂ ਸੱਭਿਆਚਾਰ ਅਤੇ ਅਕਾਦਮਿਕ ਪ੍ਰਾਪਤੀਆਂ ਲਈ ਪੁਰਸਕਾਰ ਆਦਿ ਸ਼ਾਮਲ ਹਨ। ਜਸਵਿੰਦਰ ਸਿੰਘ ਭੱਲਾ ਦਾ ਜਨਮ ਪਿਤਾ ਬਹਾਦਰ ਸਿੰਘ ਭੱਲਾ ਦੇ ਘਰ ਮਾਤਾ ਸਤਵੰਤ ਕੌਰ ਦੀ ਕੁੱਖੋਂ 4 ਮਈ 1960 ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਕੱਦੋਂ ਵਿਖੇ ਹੋਇਆ ਸੀ। ਉਸ ਦਾ ਵਿਆਹ ਪ੍ਰਮਿੰਦਰ ਕੌਰ (ਪਰਮਦੀਪ ਭੱਲਾ) ਨਾਲ ਹੋਇਆ। ਪ੍ਰਮਿੰਦਰ ਕੌਰ ਫਾਈਨ ਆਰਟਸ ਦੇ ਟੀਚਰ ਹਨ। ਉਨ੍ਹਾਂ ਦੇ ਦੋ ਬੱਚੇ ਲੜਕਾ ਪੁਖਰਾਜ ਸਿੰਘ ਭੱਲਾ ਅਤੇ ਲੜਕੀ ਅਰਸ਼ਪ੍ਰੀਤ ਕੌਰ ਭੱਲਾ ਹਨ। ਅਰਸ਼ਦੀਪ ਕੌਰ ਨਾਰਵੇ ਵਿਚ ਰਹਿ ਰਹੀ ਹੈ। ਜਸਵਿੰਦਰ ਭੱਲਾ ਦੇ ਪਿਤਾ ਬਹਾਦਰ ਸਿੰਘ ਭੱਲਾ ਅਧਿਆਪਕ ਸਨ। ਭੱਲਾ ਨੇ ਹਾਇਰ ਸੈਕੰਡਰੀ ਤੱਕ ਦੀ ਪੜ੍ਹਾਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਤੋਂ ਪ੍ਰਾਪਤ ਕੀਤੀ। ਦੋਰਾਹਾ ਸਕੂਲ 'ਚ ਪੜ੍ਹਦਿਆਂ ਹੀ ਉਹ ਮੋਨੋ ਐਕਟਿੰਗ ਅਤੇ ਨਾਟਕਾਂ ਵਿਚ ਅਦਾਕਾਰੀ ਕਰਨ ਲੱਗ ਪਿਆ ਸੀ। ਉਸ ਤੋਂ ਬਾਅਦ ਉਨ੍ਹਾਂ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਬੀਐੱਸਸੀ (ਖੇਤੀਬਾੜੀ ਆਨਰਜ਼) ਦੀ ਡਿਗਰੀ 1982 ਵਿਚ ਪ੍ਰਾਪਤ ਕੀਤੀ। ਇਸੇ ਯੂਨੀਵਰਸਿਟੀ ਵਿੱਚੋਂ ਐੱਮਐੱਸਸੀ ਐਕਸਟੈਨਸ਼ਨ ਐਜੂਕੇਸ਼ਨ ਦੀ ਡਿਗਰੀ 1985 ਵਿਚ ਪ੍ਰਾਪਤ ਕੀਤੀ। ਫਿਰ ਉਸ ਨੇ ਖੇਤੀਬਾੜੀ ਵਿਭਾਗ ਵਿਚ ਏਆਈ/ਏਡੀਓ ਦੀ ਅਸਾਮੀ 'ਤੇ ਪੰਜ ਸਾਲ ਨੌਕਰੀ ਕੀਤੀ। ਸੰਨ 1989 ਵਿਚ ਭੱਲਾ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਖੇਤੀ ਪਸਾਰ ਵਿਭਾਗ ਵਿਚ ਲੈਕਚਰਾਰ ਦੀ ਨੌਕਰੀ ਸ਼ੁਰੂ ਕੀਤੀ। ਇੱਥੇ ਹੀ ਉਹ ਪਹਿਲਾਂ ਐਸੋਸੀਏਟ ਪ੍ਰੋਫੈਸਰ ਅਤੇ 2020 ਵਿਚ ਪ੍ਰੋਫੈਸਰ ਅਤੇ ਵਿਭਾਗ ਦੇ ਮੁਖੀ ਬਣ ਗਏ। ਨੌਕਰੀ ਕਰਦਿਆਂ ਹੀ ਜਸਵਿੰਦਰ ਸਿੰਘ ਭੱਲਾ ਨੇ ਸਾਲ 2000 'ਚ ਡਾ. ਦਵਿੰਦਰ ਸਿੰਘ ਦੀ ਅਗਵਾਈ ਵਿਚ ਚੌਧਰੀ ਚਰਨ ਸਿੰਘ ਪੋਸਟ ਗ੍ਰੈਜੂਏਸ਼ਨ ਕਾਲਜ ਮੇਰਠ ਤੋਂ ਐਗਰੀਕਲਚਰ ਐਕਸਟੈਨਸ਼ਨ ਵਿਸ਼ੇ 'ਤੇ ਪੀਐੱਚਡੀ ਦੀ ਡਿਗਰੀ ਹਾਸਲ ਕੀਤੀ। ਉਹ ਇਕੱਤੀ ਮਈ 2020 ਨੂੰ ਸੇਵਾ ਮੁਕਤ ਹੋ ਗਏ ਸਨ। ਆਪਣੀ ਨੌਕਰੀ ਦੇ ਨਾਲ-ਨਾਲ ਉਹ ਕਲਾ ਦਾ ਮੁਜ਼ਾਹਰਾ ਵੀ ਲਗਾਤਾਰ ਕਰਦੇ ਰਹੇ। ਵੀਹ ਅਗਸਤ ਨੂੰ ਜਸਵਿੰਦਰ ਭੱਲਾ ਨੂੰ ਬ੍ਰੇਨ ਹੈਮਰੇਜ ਹੋਇਆ। ਉਸ ਤੋਂ ਤੁਰੰਤ ਬਾਅਦ ਉਸ ਨੂੰ ਇਕ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਜਿੱਥੇ ਉਹ 22 ਅਗਸਤ ਨੂੰ ਸਵਰਗਵਾਸ ਹੋ ਗਏ।



STATE OF UTAH
OFFICE OF THE GOVERNOR
SALT LAKE CITY, UTAH
84114-2220

SPENCER J. COX
GOVERNOR

DEIDRE M. HENDERSON
LIEUTENANT GOVERNOR

Aug. 26, 2025

Pukhraj Bhalla
Mohali, Punjab, India

To the Family and Loved Ones of Mr. Jaswinder Singh Bhalla,

On behalf of the State of Utah and in my personal capacity, I extend my deepest condolences on the passing of Mr. Jaswinder Singh Bhalla, a gifted artist, beloved family man, and cultural icon. I had the honor of meeting Mr. Bhalla in 2015, when he and his co-star, Mr. Bal Mukand Sharma, were introduced to me by Mr. Mani Grewal. Even in that brief encounter, Mr. Bhalla's warmth, humor, and humility left a lasting impression.

Mr. Bhalla's passing is an immeasurable loss to the Bollywood and Punjabi film industries, and more importantly, to the countless lives he touched through his creativity and kindness. His legacy will live on in his body of work and in the hearts of all who knew and admired him.


Please know that you are in my thoughts during this time of grief. Utah joins you in mourning the loss of a true legend. May his memory continue to inspire and comfort you in the days ahead.

Sincerely,

Spencer J. Cox
Governor

**Condolence letter from the UTAH State USA Governor message to Bhalla family**


# ਕੀ ਰਾਸ਼ਟਰਪਤੀ ਟਰੰਪ ਫੈਸਲੇ ਵਾਪਸ ਲੈਣਗੇ?



ਸ਼ਿਵਕਾਂਤ ਸ਼ਰਮਾ

ਇਸ ਗੱਲ ’ਤੇ ਸ਼ਾਇਦ ਹੀ ਕਿਸੇ ਨੂੰ ਹੈਰਾਨੀ ਹੋਈ ਹੋਵੇ ਕਿ ਰਾਸ਼ਟਰਪਤੀ ਟਰੰਪ ਅਤੇ ਪੁਤਿਨ ਦੇ ਵਿਚਕਾਰ ਬੀਤੇ ਦਿਨੀਂ ਹੋਈ ਸਿਖਰ ਬੈਠਕ ਤੋਂ ਕੋਈ ਠੋਸ ਨਤੀਜਾ ਨਹੀਂ ਨਿਕਲਿਆ। ਹੈਰਾਨੀ ਇਸ ਗੱਲ ’ਤੇ ਹੋਈ ਕਿ ‘ਪੁਤਿਨ ਨੇ ਜੰਗਬੰਦੀ ਤੋਂ ਇਨਕਾਰ ਕੀਤਾ ਤਾਂ ਗੰਭੀਰ ਨਤੀਜੇ ਭੁਗਤਣੇ ਪੈਣਗੇ’ ਦੀ ਧਮਕੀ ਦੇਣ ਵਾਲੇ ਟਰੰਪ ਤਿੰਨ ਘੰਟੇ ਦੀ ਗੱਲਬਾਤ ਤੋਂ ਬਾਅਦ ਇਹ ਕਿਵੇਂ ਕਹਿ ਸਕਦੇ ਹਨ ਕਿ ਉਹ ‘ਅਸਥਾਈ ਜੰਗਬੰਦੀ ਦੀ ਬਜਾਏ ਸਥਾਈ ਸ਼ਾਂਤੀ ਸਮਝੌਤੇ ਨੂੰ ਤਰਜੀਹ ਦੇਣਗੇ।’

ਉਨ੍ਹਾਂ ਦੇ ਬਦਲੇ ਸੁਰਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਰਾਸ਼ਟਰਪਤੀ ਪੁਤਿਨ ਆਪਣੇ ਪੱਖ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੱਖ ਕੇ ਟਰੰਪ ਦੀ ਰਾਇ ਬਦਲਣ ਵਿਚ ਸਫਲ ਰਹੇ ਹਨ। ਇਸ ਨੂੰ ਦੇਖ ਕੇ ਇਹ ਲੱਗਦਾ ਹੈ ਕਿ ਹਰ ਜਗ੍ਹਾ ਸੌਦੇਬਾਜ਼ੀ ’ਚ ਨਿਪੁੰਨ ਟਰੰਪ ਸਾਹਿਬ ਦੀ ਕੋਈ ਚਾਲ ਕਾਰਗਰ ਨਹੀਂ ਹੋਈ। ਸਿਖਰ ਬੈਠਕ ਤੋਂ ਬਾਅਦ ਪੁਤਿਨ ਨੇ ਕਿਹਾ ਕਿ ਅਸੀਂ ਇਮਾਨਦਾਰੀ ਨਾਲ ਚਾਹੁੰਦੇ ਹਾਂ ਕਿ ਯੂਕਰੇਨ ਨਾਲ ਟਕਰਾਅ ਖ਼ਤਮ ਹੋਵੇ ਪਰ ਇਸ ਦੇ ਸਥਾਈ ਅਤੇ ਲੰਬੇ ਸਮੇਂ ਦੇ ਹੱਲ ਲਈ ਸਾਨੂੰ ਇਸ ਦੇ ਬੁਨਿਆਦੀ ਕਾਰਨਾਂ ਨੂੰ ਦੂਰ ਕਰਨਾ ਹੋਵੇਗਾ।



ਪੁਤਿਨ ਸ਼ੁਰੂ ਤੋਂ ਹੀ ਯੂਕਰੇਨ ਨੂੰ ਨਾਟੋ ਵਿਚ ਸ਼ਾਮਲ ਕਰਨ ਅਤੇ ਯੂਕਰੇਨ ਵਿਚ ਰੂਸ ਵਿਰੋਧੀ ਸਰਕਾਰ ਲਿਆਉਣ ਦੀ ਕਥਿਤ ਸਾਜ਼ਿਸ਼ ਨੂੰ ਇਸ ਸੰਘਰਸ਼ ਦਾ ਬੁਨਿਆਦੀ ਕਾਰਨ ਮੰਨਦੇ ਰਹੇ ਹਨ। ਇਹੀ ਦਲੀਲ ਦੇ ਕੇ ਉਨ੍ਹਾਂ ਨੇ 2014 ਵਿਚ ਕ੍ਰੀਮੀਆ ਟਾਪੂ ’ਤੇ ਕਬਜ਼ਾ ਕੀਤਾ ਸੀ ਅਤੇ ਸਾਢੇ ਤਿੰਨ ਸਾਲ ਪਹਿਲਾਂ ਯੂਕਰੇਨ ’ਤੇ ਹਮਲਾ ਸ਼ੁਰੂ ਕੀਤਾ ਸੀ। ਇਸ ਸਬੰਧ ਵਿਚ ਟਰੰਪ ਜਿਨ੍ਹਾਂ ਗੱਲਾਂ ’ਤੇ ਸਹਿਮਤੀ ਦਾ ਇਸ਼ਾਰਾ ਕਰ ਰਹੇ ਹਨ, ਉਨ੍ਹਾਂ ਵਿਚ ਪਹਿਲੀ ਇਹ ਹੋ ਸਕਦੀ ਹੈ ਕਿ ਟਰੰਪ ਦੀ ਤਰ੍ਹਾਂ ਪੁਤਿਨ ਵੀ ਹੁਣ ਸੰਘਰਸ਼ ਦਾ ਹੱਲ ਚਾਹੁੰਦੇ ਹਨ।

ਦੂਜੀ ਸਹਿਮਤੀ ਯੂਕਰੇਨ ਨੂੰ ਨਾਟੋ ਵਿਚ ਸ਼ਾਮਲ ਨਾ ਕਰਨ ਦੀ ਹੋ ਸਕਦੀ ਹੈ। ਤੀਜੀ, ਦੋਹਾਂ ਦਾ ਇਹ ਮੰਨਣਾ ਕਿ ਜੇ ਬਾਇਡਨ ਦੀ ਥਾਂ ਟਰੰਪ ਰਾਸ਼ਟਰਪਤੀ ਹੁੰਦੇ ਤਾਂ ਸ਼ਾਇਦ ਜੰਗ ਛਿੜਨ ਦੀ ਨੌਬਤ ਨਾ ਆਉਂਦੀ। ਇਸ ਤੋਂ ਇਲਾਵਾ ਇਹ ਗੱਲ ਵੀ ਕਿਸੇ ਤੋਂ ਲੁਕੀ ਨਹੀਂ ਹੈ ਕਿ ਦੋਵੇਂ ਹੀ ਯੂਕਰੇਨੀ ਰਾਸ਼ਟਰ-ਪਤੀ ਜ਼ੇਲੈਂਸਕੀ ਨੂੰ ਪਸੰਦ ਨਹੀਂ ਕਰਦੇ। ਟਰੰਪ ਨੇ ਜਿਨ੍ਹਾਂ ਰੁਕਾਵਟਾਂ ਦਾ ਇਸ਼ਾਰਾ ਦਿੱਤਾ ਹੈ, ਉਨ੍ਹਾਂ ਵਿਚ ਸਭ ਤੋਂ ਪ੍ਰਮੁੱਖ ਯੂਕਰੇਨ ਦੇ ਉਹ ਚਾਰ ਪੂਰਬੀ ਸੂਬੇ ਹਨ ਜਿਨ੍ਹਾਂ ਦੇ ਬਹੁਤ ਸਾਰੇ ਹਿੱਸੇ ਰੂਸੀ ਫ਼ੌਜ ਦੇ ਕਬਜ਼ੇ ਵਿਚ ਆ ਚੁੱਕੇ ਹਨ।

ਟਰੰਪ ਕਈ ਵਾਰ ਇਸ਼ਾਰਾ ਕਰ ਚੁੱਕੇ ਹਨ ਕਿ ਜੇ ਯੂਕਰੇਨ ਲੁਹਾਂਸਕ ਅਤੇ ਡੋਨੇਸਕ ਪ੍ਰਾਂਤਾਂ ਦੀ ਪੂਰੀ ਜ਼ਮੀਨ ਰੂਸ ਨੂੰ ਸੌਂਪ ਦੇਵੇ ਅਤੇ ਕ੍ਰੀਮੀਆ ਨੂੰ ਭੁੱਲ ਜਾਵੇ ਤਾਂ ਬਦਲੇ ਵਿਚ ਰੂਸ ਖਰਸੋਨ ਅਤੇ ਜਫਰੀਜੀਆ ਪ੍ਰਾਂਤਾਂ ਦੀ ਜਿੱਤੀ ਹੋਈ ਜ਼ਮੀਨ ਵਾਪਸ ਕਰ ਸਕਦਾ ਹੈ। ਸ਼ਾਇਦ ਇਸੇ ਮੁੱਦੇ ’ਤੇ ਅੱਗੇ ਗੱਲ ਕਰਨ ਲਈ ਜ਼ੇਲੈਂਸਕੀ ਨੂੰ ਵ੍ਹਾਈਟ ਹਾਊਸ ’ਚ ਬੁਲਾਇਆ ਗਿਆ ਸੀ।

ਹਾਲਾਂਕਿ ਜ਼ੇਲੈਂਸਕੀ ਜਨਤਕ ਤੌਰ ’ਤੇ ਕਈ ਵਾਰ ਕਹਿ ਚੁੱਕੇ ਹਨ ਕਿ ਉਹ ਜ਼ਮੀਨ ਦੇ ਕੇ ਧਾੜਵੀ ਤੋਂ ਸ਼ਾਂਤੀ ਖ਼ਰੀਦਣ ਲਈ ਕਦੇ ਵੀ ਤਿਆਰ ਨਹੀਂ ਹੋਣਗੇ, ਅਤੇ ਉਹ ਵੀ ਰੂਸ ਜਿਹੇ ਹਮਲਾਵਰ ਤੋਂ ਜੋ ਸ਼ਾਂਤੀ ਦੀ ਜ਼ੁਬਾਨ ਦੇ ਕੇ ਕਦੇ ਵੀ ਮੁੱਕਰ ਸਕਦਾ ਹੈ। ਜੇ ਜ਼ੇਲੈਂਸਕੀ ਤਿਆਰ ਵੀ ਹੋ ਜਾਣ, ਤਾਂ ਉਨ੍ਹਾਂ ਦੀ ਸੰਸਦ ਤਿਆਰ ਨਹੀਂ ਹੋਵੇਗੀ।

ਪੁਤਿਨ ਵੀ ਇਹ ਜਾਣਦੇ ਹਨ। ਸ਼ਾਇਦ ਇਸੇ ਲਈ ਉਹ ਅਸੰਭਵ ਸ਼ਰਤਾਂ ਰੱਖ ਰਹੇ ਹਨ। ਦਰਅਸਲ, ਰੂਸ ਨੂੰ ਜਿੱਤੀ ਹੋਈ ਜ਼ਮੀਨ ਦੇ ਕੇ ਸ਼ਾਂਤੀ ਦਾ ਸੌਦਾ ਕਰਨਾ ਸੰਯੁਕਤ ਰਾਸ਼ਟਰ ਦੇ ਚਾਰਟਰ ਦੀ ਉਲੰਘਣਾ ਹੋਵੇਗਾ ਅਤੇ ਪੂਰੀ ਦੁਨੀਆ ਲਈ ਇਕ ਖ਼ਤਰਨਾਕ ਉਦਾਹਰਨ ਸਥਾਪਿਤ ਕਰੇਗਾ। ਸਭ ਤੋਂ ਵੱਡਾ ਸਵਾਲ ਤਾਂ ਯੂਕਰੇਨ ਅਤੇ ਰੂਸ, ਦੋਹਾਂ ਦੀ ਅਸੁਰੱਖਿਆ ਦੀ ਭਾਵਨਾ ਦੂਰ ਕਰਨ ਦਾ ਹੈ। ਨਾਟੋ ਅਤੇ ਅਮਰੀਕਾ ਦੀ ਸੁਰੱਖਿਆ ਗਾਰੰਟੀ ਦੇ ਬਿਨਾਂ ਯੂਕਰੇਨ ਦੀ ਹੋਂਦ ਨੂੰ ਖ਼ਤਰਾ ਹੈ ਅਤੇ ਇਨ੍ਹਾਂ ਦੀ ਯੂਕਰੇਨ ਵਿਚ ਮੌਜੂਦਗੀ ਨੂੰ ਰੂਸ ਖ਼ਤਰਾ ਮੰਨਦਾ ਹੈ।

ਟਰੰਪ ਨੂੰ ਲੱਗਦਾ ਸੀ ਕਿ ਤਾੜੀਆਂ ਵਜਾ ਕੇ ਸਵਾਗਤ-ਸਤਿਕਾਰ ਕਰ ਕੇ ਉਹ ਪੁਤਿਨ ਨੂੰ ਕਿਸੇ ਨਾਟਕੀ ਸ਼ਾਂਤੀ ਸਮਝੌਤੇ ਲਈ ਤਿਆਰ ਕਰ ਲੈਣਗੇ ਪਰ ਪੁਤਿਨ ਨੇ ਸਾਬਿਤ ਕਰ ਦਿੱਤਾ ਕਿ ਉਹ ਕੂਟਨੀਤਕ ਸ਼ਤਰੰਜ ਦੇ ਮਾਹਰ ਹਨ।

ਪੁਤਿਨ ਨੇ ਪਹਿਲਾਂ ਜੋਅ ਬਾਇਡਨ ਦੀਆਂ ਮਨਮਰਜ਼ੀਆਂ ਨਹੀਂ ਚੱਲਣ ਦਿੱਤੀਆਂ ਤੇ ਹੁਣ ਡੋਨਾਲਡ ਟਰੰਪ ਦੀਆਂ ਨਹੀਂ ਚੱਲਣ ਦੇ ਰਹੇ। ਇਹੀ ਵਜ੍ਹਾ ਹੈ ਕਿ ਯੂਕਰੇਨ ਜੰਗ ਨੂੰ ਜਲਦ ਹੀ ਖ਼ਤਮ ਕਰਵਾਉਣ ਦਾ ਵਾਅਦਾ ਕਰ ਕੇ ਸੱਤਾ ਵਿਚ ਆਏ ਟਰੰਪ ਬੌਖਲਾਏ ਹੋਏ ਹਨ। ਉਹ ਹਰ ਹਰਬਾ ਵਰਤ ਰਹੇ ਹਨ ਤਾਂ ਜੋ ਰੂਸ ਨੂੰ ਜੰਗਬੰਦੀ ਲਈ ਮਨਾਇਆ ਜਾ ਸਕੇ।

ਇਸੇ ਤਹਿਤ ਅਲਾਸਕਾ ਵਿਚ ਪੁਤਿਨ ਨਾਲ ਮੁਲਾਕਾਤ ਕੀਤੀ ਗਈ ਪਰ ਪੁਤਿਨ ਨੇ ਜੰਗਬੰਦੀ ਵੀ ਨਹੀਂ ਕੀਤੀ ਅਤੇ ਜ਼ੇਲੈਂਸਕੀ ਨਾਲ ਤਿੰਨ-ਧਿਰੀ ਵਾਰਤਾਵਾਂ ਦੀ ਗੱਲ ਮੰਨ ਕੇ ਉਨ੍ਹਾਂ ਆਰਥਿਕ ਪਾਬੰਦੀਆਂ ਨੂੰ ਕੁਝ ਸਮੇਂ ਲਈ ਟਲਵਾ ਲਿਆ ਜਿਨ੍ਹਾਂ ਦੀ ਟਰੰਪ ਧਮਕੀ ਦੇ ਰਹੇ ਸਨ। ਵਾਰਤਾ ਤੋਂ ਬਾਅਦ ਇਕ ਇੰਟਰਵਿਊ ਵਿਚ ਟਰੰਪ ਨੇ ਕਿਹਾ ਕਿ ਰੂਸ ’ਤੇ ਆਰਥਿਕ ਪਾਬੰਦੀਆਂ ਬਾਰੇ ਉਹ ਦੋ-ਤਿੰਨ ਹਫ਼ਤਿਆਂ ਬਾਅਦ ਫ਼ੈਸਲਾ ਲੈਣਗੇ। ਇਸ ਲਈ ਜਦ ਤੱਕ ਯੂਕਰੇਨ ਵਾਰਤਾਵਾਂ ਦਾ ਸਿਲਸਿਲਾ ਜਾਰੀ ਰੱਖਦਾ ਹੈ, ਤਦ ਤੱਕ ਭਾਰਤ ’ਤੇ ਵੀ ਉਹ 25 ਪ੍ਰਤੀਸ਼ਤ ਵਾਧੂ ਟੈਰਿਫ ਨਹੀਂ ਲੱਗਣਾ ਚਾਹੀਦਾ ਜੋ ਰੂਸ ਤੋਂ ਤੇਲ ਖ਼ਰੀਦਣ ਲਈ ਲੱਗਣਾ ਸੀ।

ਹਾਲਾਂਕਿ ਟਰੰਪ ਬਾਰੇ ਕੋਈ ਵੀ ਅਨੁਮਾਨ ਲਗਾਉਣਾ ਸੰਭਵ ਨਹੀਂ ਹੈ। ਉਸੇ ਚੈਨਲ ਨੂੰ ਗੱਲਬਾਤ ਤੋਂ ਪਹਿਲਾਂ ਦਿੱਤੀ ਇੰਟਰਵਿਊ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਰੂਸ ਇਕ ਅਜਿਹੇ ਗਾਹਕ ਨੂੰ ਗੁਆ ਚੁੱਕਾ ਹੈ ਜੋ ਉਸ ਦਾ 40 ਪ੍ਰਤੀਸ਼ਤ ਤੇਲ ਖ਼ਰੀਦ ਰਿਹਾ ਸੀ। ਉਹ ਭਾਰਤ ਦੀ ਤਰਫ਼ ਇਸ਼ਾਰਾ ਕਰਦੇ ਹੋਏ ਇਹ ਦਾਅਵਾ ਕਰ ਰਹੇ ਸਨ ਕਿ ਟੈਰਿਫ ਤੋਂ ਬਚਣ ਲਈ ਭਾਰਤ ਨੇ ਰੂਸ ਤੋਂ ਤੇਲ ਖ਼ਰੀਦਣਾ ਬੰਦ ਕਰ ਦਿੱਤਾ ਹੈ। ਭਾਰਤ ਨੇ ਜੇਕਰ ਅਜਿਹਾ ਕੀਤਾ ਵੀ ਹੈ, ਤਾਂ ਉਸ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਬਾਜ਼ਾਰ ਵਿਚ ਹੁਣ ਤੇਲ ਦੀ ਕੀਮਤਾਂ ਉਨ੍ਹਾਂ ਦਰਾਂ ’ਤੇ ਆ ਗਈਆਂ ਹਨ ਜਿਨ੍ਹਾਂ ਰਿਆਇਤੀ ਦਰਾਂ ’ਤੇ ਰੂਸ ਤੋਂ ਤੇਲ ਮਿਲ ਰਿਹਾ ਸੀ।

ਟਰੰਪ ਪ੍ਰਸ਼ਾਸਨ ਦੇ ਸੂਤਰਾਂ ਅਨੁਸਾਰ ਉਨ੍ਹਾਂ ਦੀ ਭਾਰਤ ਨਾਲ ਨਾਰਾਜ਼ਗੀ ਦੀ ਅਸਲੀ ਵਜ੍ਹਾ ਦਰਅਸਲ ਰੂਸੀ ਤੇਲ ਜਾਂ ਹਥਿਆਰ ਖ਼ਰੀਦਣਾ ਨਹੀਂ ਹੈ। ਟੈਲੀਫੋਨ ’ਤੇ ਅੱਧੇ ਘੰਟੇ ਦੀ ਉਹ ਗੱਲਬਾਤ ਹੈ ਜੋ ਟਰੰਪ ਅਤੇ ਪ੍ਰਧਾਨ ਮੰਤਰੀ ਮੋਦੀ ਵਿਚਕਾਰ ਕੈਨੇਡਾ ਦੇ ਜੀ-7 ਸਿਖਰ ਸੰਮੇਲਨ ਬਾਅਦ ਅਤੇ ਟਰੰਪ ਦੇ ਜਨਰਲ ਮੁਨੀਰ ਨਾਲ ਲੰਚ ਤੋਂ ਇਕ ਦਿਨ ਪਹਿਲਾਂ ਹੋਈ ਸੀ। ਇਸੇ ਗੱਲਬਾਤ ਵਿਚ ਪ੍ਰਧਾਨ ਮੰਤਰੀ ਮੋਦੀ ਨੇ ਟਰੰਪ ਨੂੰ ਯਾਦ ਦਿਵਾਇਆ ਸੀ ਕਿ ਨਾ ਤਾਂ ਆਪ੍ਰੇਸ਼ਨ ਸਿੰਧੂਰ ਦੌਰਾਨ ਉਨ੍ਹਾਂ ਅਤੇ ਮੋਦੀ ਦੀ ਕੋਈ ਗੱਲਬਾਤ ਹੋਈ ਅਤੇ ਨਾ ਭਾਰਤ ਦੁਵੱਲੇ ਮਾਮਲਿਆਂ ਵਿਚ ਕਿਸੇ ਦੀ ਵਿਚੋਲਗੀ ਨੂੰ ਸਵੀਕਾਰ ਕਰਦਾ ਹੈ। ਟਰੰਪ ਉਦੋਂ ਤੋਂ ਹੀ ਬੌਖਲਾਏ ਹੋਏ ਹਨ।

ਦੂਜੇ ਪਾਸੇ ਪਾਕਿਸਤਾਨ ਸਾਲ ਦੀ ਸ਼ੁਰੂਆਤ ਤੋਂ ਹੀ ਉਨ੍ਹਾਂ ਨੂੰ ਸੰਤੁਸ਼ਟ ਕਰਨ ਵਿਚ ਲੱਗਾ ਹੋਇਆ ਹੈ। ਕੁਝ ਲੋਕਾਂ ਨੂੰ ਲੱਗਦਾ ਹੈ ਕਿ ਟਰੰਪ ਭਾਰਤ ਅਤੇ ਰੂਸ ਵਿਚਕਾਰ ਖੱਪਾ ਪੈਦਾ ਕਰਨ ਅਤੇ ਦਬਾਅ ਵਧਾ ਕੇ ਬਿਹਤਰ ਵਪਾਰ ਸੌਦਾ ਕਰਨ ਲਈ ਪਾਕਿਸਤਾਨ ਦਾ ਇਸਤੇਮਾਲ ਕਰ ਰਹੇ ਹਨ।

ਕੰਮ ਨਿਕਲਦੇ ਹੀ ਉਹ ਪਲਟੀ ਮਾਰ ਸਕਦੇ ਹਨ ਪਰ ਅਮਰੀਕਾ ਦੇ ਸਾਬਕਾ ਡਿਪਲੋਮੈਟਾਂ ਅਤੇ ਸਮੀਖਿਅਕਾਂ ਦੀ ਰਾਇ ਹੈ ਕਿ ਟਰੰਪ ਤਾਤਕਾਲੀ ਆਰਥਿਕ ਲਾਭ ਲਈ ਪੰਜ ਸਰਕਾਰਾਂ ਦੀ 30 ਸਾਲਾਂ ਦੀ ਮਿਹਨਤ ਨਾਲ ਤਿਆਰ ਕੀਤੀ ਚੀਨ ਦੀ ਕਾਟ ਨੂੰ ਦਾਅ ’ਤੇ ਲਾ ਰਹੇ ਹਨ। ਆਰਥਿਕ ਅਤੇ ਰੱਖਿਆ ਸਬੰਧੀ ਨੁਕਸਾਨ ਭਾਰਤ ਨੂੰ ਵੀ ਹੋਵੇਗਾ ਪਰ ਉਮੀਦ ਹੈ ਕਿ ਭਾਰਤ ਇਸ ਆਫ਼ਤ ਦਾ ਇਸਤੇਮਾਲ ਪ੍ਰਧਾਨ ਮੰਤਰੀ ਦੇ ਸ਼ਬਦਾਂ ਵਿਚ ਆਪਣੀ ਲਕੀਰ ਵਧਾਉਣ ਵਿਚ ਕਰ ਸਕਦਾ ਹੈ ਅਤੇ ਯੂਰਪ, ਚੀਨ, ਰੂਸ, ਬ੍ਰਿਕਸ ਦੇਸ਼ਾਂ ਅਤੇ ਪੂਰਬੀ ਏਸ਼ੀਆ ਵਿਚ ਆਪਣਾ ਵਪਾਰ ਵਧਾ ਸਕਦਾ ਹੈ।

ਅਮਰੀਕਾ ਨਾਲ ਰੱਖਿਆ ਅਤੇ ਆਰਥਿਕ ਸਹਿਯੋਗ ਵਧਾਉਣਾ ਵੀ ਜ਼ਰੂਰੀ ਹੋਵੇਗਾ ਪਰ ਹੈਨਰੀ ਕਿਸਿੰਜਰ ਦਾ ਇਹ ਪ੍ਰਸਿੱਧ ਕਥਨ ਯਾਦ ਰੱਖਦੇ ਹੋਏ ਕਿ ਅਮਰੀਕਾ ਨਾਲ ਦੁਸ਼ਮਣੀ ਖ਼ਤਰਨਾਕ ਹੈ, ਪਰ ਦੋਸਤੀ ਕਿਤੇ ਜ਼ਿਆਦਾ ਘਾਤਕ ਹੋ ਸਕਦੀ ਹੈ। ਅਜਿਹਾ ਇਸ ਲਈ ਕਿਉਂਕਿ ਅਮਰੀਕਾ ਨੂੰ ਆਪਣੇ ਹਿੱਤ ਜ਼ਿਆਦਾ ਪਿਆਰੇ ਹਨ। ਟਰੰਪ ਅਮਰੀਕਾ ਨੂੰ ਮੁੜ ਬੁਲੰਦੀਆਂ ’ਤੇ ਲਿਜਾਉਣਾ ਚਾਹੁੰਦੇ ਹਨ। ਇਸੇ ਲਈ ਉਹ ਟੈਰਿਫ ਵਾਰ ਵਿੱਢ ਚੁੱਕੇ ਹਨ। ਭਾਵੇਂ ਉਨ੍ਹਾਂ ਨੇ ਕਈ ਮੁਲਕਾਂ ’ਤੇ ਟੈਰਿਫ ਘਟਾਏ ਵੀ ਹਨ ਜਾ ਅੱਗੇ ਪਾਏ ਹਨ ਪਰ ਭਾਰਤ ਦੇ ਮਾਮਲੇ ਵਿਚ ਉਹ ਕੁਝ ਜ਼ਿਆਦਾ ਸਖ਼ਤੀ ਵਰਤ ਰਹੇ ਹਨ। ਅਜਿਹੇ ਵਿਚ ਭਾਰਤ ਸਰਕਾਰ ਨੂੰ ਇਹ ਮਸਲਾ ਸੁਚੱਜੀ ਕੂਟਨੀਤੀ ਨਾਲ ਹੱਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

# ਭਾਰਤੀਆਂ ਦੀ ਸਿਹਤ ਵਿਗਾੜ ਰਹੀਆਂ ਨੇ ਵਿਦੇਸ਼ਾਂ ’ਚ ਸਖਤੀਆਂ

ਜਤਿੰਦਰ ਸਿੰਘ ਪਮਾਲ

ਡੋਨਾਲਡ ਟਰੰਪ ਦੇ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਦੇ ਰੂਪ ਵਿਚ ਸਹੁੰ ਚੁੱਕਣ ਤੋਂ ਬਾਅਦ ਹੀ ਗ਼ੈਰ-ਕਾਨੂੰਨੀ ਪਰਵਾਸੀਆਂ ਵਿਰੁੱਧ ਕਾਰਵਾਈ ਸ਼ੁਰੂ ਹੋ ਹੋਈ ਹੈ। ਉਹ ਹਲਫ਼ ਲੈਣ ਤੋਂ ਬਾਅਦ ਤੋਂ ਹੀ ਭਾਰਤ ਵਿਰੋਧੀ ਵਤੀਰਾ ਅਪਣਾ ਰਹੇ ਹਨ। ਹੁਣ ਅਮ-ਰੀਕੀ ਰਾਸ਼ਟਰਪਤੀ ਵੱਲੋਂ ਭਾਰਤ ’ਤੇ ਵਾਧੂ ਟੈਰਿਫ ਲਗਾਉਣ ਤੇ ਭਾਰਤੀਆਂ ਪ੍ਰਤੀ ਚੁੱਕੇ ਗਏ ਕੁਝ ਸਖ਼ਤ ਕਦਮਾਂ ਕਾਰਨ ਦੋਵਾਂ ਦੇਸ਼ਾਂ ਦੇ ਰਿਸ਼ਤੇ ਖਟਾਸ ਭਰਪੂਰ ਨਜ਼ਰ ਆ ਰਹੇ ਹਨ।

ਇਸੇ ਤਰ੍ਹਾਂ ਕੈਨੇਡਾ ਵਿਚ ਰਹਿਣ ਵਾਲੇ ਪੰਜਾਬੀਆਂ ਨੂੰ ਝਟਕੇ ’ਤੇ ਝਟਕਾ ਲੱਗ ਰਿਹਾ ਹੈ। ਇਕ ਪਾਸੇ ਕੈਨੇਡਾ ਵਿਚ 5 ਲੱਖ ਪੰਜਾਬੀ ਨੌਜਵਾਨ ਡਿਪੋਰਟ ਹੋਣ ਦੇ ਖ਼ਤਰੇ ਦਾ ਸਾਹਮਣਾ ਕਰ ਰਹੇ ਹਨ। ਦੂਜੇ ਪਾਸੇ ਇਹ ਖ਼ਦਸ਼ਾ ਹੈ ਕਿ ਕੈਨੇਡਾ ਵਿਚ 10 ਲੱਖ ਨੌਕਰੀਆਂ ਖ਼ਤਮ ਹੋ ਜਾਣੀਆਂ ਹਨ।

ਡਗ ਫੋਰਡ ਦੇ ਇਸ ਬਿਆਨ ਤੋਂ ਬਾਅਦ ਪੰਜਾਬੀ ਮੂਲ ਦੇ ਲੋਕਾਂ ਵਿਚ ਸਹਿਮ ਦਾ ਮਾਹੌਲ ਹੈ। ਡਗ ਫੋਰਡ ਸਰਕਾਰ ਦਾ ਇਹ ਮੰਨਣਾ ਹੈ ਕਿ ਨਟਾਰੀ ਵਿਚ ਇਹ ਗਿਣਤੀ ਸਾਢੇ 4 ਤੇ 5 ਲੱਖ ਦੇ ਵਿਚਕਾਰ ਹੋ ਸਕਦੀ ਹੈ।

ਅਮਰੀਕਾ ਅਤੇ ਕੈਨੇਡਾ ਦੇਸ਼ਾਂ ਵੱਲੋਂ ਪੰਜਾਬੀ ਪਰਵਾਸੀਆਂ ਨਾਲ ਕੀਤੇ ਜਾ ਰਹੇ ਮਾੜੇ ਸਲੂਕਾਂ ਅਤੇ ਘਟੀਆ ਵਿਵਹਾਰ ਦੇ ਬਾਵਜੂਦ ਸਾਡੇ ਪੰਜਾਬੀਆਂ ’ਤੇ ਕੋਈ ਅਸਰ ਹੁੰਦਾ ਦਿਖਾਈ ਨਹੀਂ ਦੇ ਰਿਹਾ ਹੈ। ਉਹ ਆਪਣੇ ਮਾਪਿਆਂ ਦੀਆਂ ਜ਼ਮੀਨਾਂ-ਜਾਇਦਾਦਾਂ ਵੇਚ ਕੇ ਤੇ ਲੱਖਾਂ ਰੁਪਏ ਖ਼ਰਚ ਕੇ ਵਿਦੇਸ਼ਾਂ ਵੱਲ ਭੱਜੇ ਜਾ ਰਹੇ ਹਨ। ਇਸ ਸਾਲ ਦੋ ਜੁਲਾਈ ਤੋਂ 7 ਅਗਸਤ ਤੱਕ ਅਖ਼ਬਾਰਾਂ ਵਿਚ ਛਪੀਆਂ ਰਿਪੋਰਟਾਂ ਅਨੁਸਾਰ ਵਿਦੇਸ਼ ਵਿਚ ਪੰਜਾਬੀਆਂ ਦੀਆਂ ਮੌਤਾਂ ਦੀ ਗਿਣਤੀ 17 ਤੱਕ ਜਾ ਪਹੁੰਚੀ ਹੈ।



ਇਨ੍ਹਾਂ ਵਿਚ ਬਹੁਤੇ ਨੌਜਵਾਨ ਆਪਣੇ ਮਾਪਿਆਂ ਦੇ ਇਕਲੌਤੇ ਪੁੱਤਰ ਸਨ। ਰਾਜਪੁਰਾ ਦੇ ਪੁਲਿਸ ਮੁਲਾਜ਼ਮ ਗੁਰਪ੍ਰੀਤ ਸਿੰਘ ਦੇ ਇਕਲੌਤੇ ਪੁੱਤਰ 26 ਸਾਲਾ ਨੌਬਲ ਢਿੱਲੋਂ ਦੀ ਆਸਟ੍ਰੇਲੀਆ ਵਿਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਹ 8 ਸਾਲ ਪਹਿਲਾਂ ਆਸਟ੍ਰੇਲੀਆ ਗਿਆ ਸੀ।

ਤਰਨਤਾਰਨ ਦੇ ਸਰਹੱਦੀ ਪਿੰਡ ਪੈਲੋ ਪੱਬੀ ਵਾਸੀ 24 ਸਾਲਾ ਜਗਰਬੀਰ ਸਿੰਘ ਭੁੱਲਰ ਦੀ ਅਮਰੀਕਾ ਵਿਚ ਇਕ ਜੁਲਾਈ ਨੂੰ ਹਾਰਟ ਅਟੈਕ ਕਾਰਨ ਮੌਤ ਹੋ ਗਈ। ਇਸੇ ਤਰ੍ਹਾਂ ਲੁਧਿਆਣਾ ਦੇ ਪਿੰਡ ਦਾਦ ਦਾ 26 ਸਾਲਾ ਹਰਕਮਲ ਸਿੰਘ 2 ਸਾਲ ਪਹਿਲਾਂ ਕੈਨੇਡਾ ਗਿਆ ਸੀ। ਐਡਮਿੰਟਨ ਵਿਚ ਇਕ ਟਰਾਂਸਪੋਰਟ ਕੰਪਨੀ ਵਿਚ ਕੰਮ ਕਰਦਾ ਸੀ। ਉੱਥੇ ਉਸ ਦੀ ਦਿਲ ਦੇ ਦੌਰੇ ਕਾਰਨ ਮੌਤ ਹੋ ਗਈ। ਪਿੰਡ ਠੀਕਰੀਵਾਲਾ ਦੇ ਨੌਜਵਾਨ ਬੇਅੰਤ ਸਿੰਘ ਪੁੱਤਰ ਬਚਿੱਤਰ ਸਿੰਘ ਦੀ ਕੈਨੇਡਾ ’ਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਹ 2 ਮਹੀਨੇ ਪਹਿਲਾਂ ਹੀ ਕੈਨੇਡਾ ਗਿਆ ਸੀ।

ਅਖ਼ਬਾਰਾਂ ਵਿਚ 4 ਜੁਲਾਈ ਨੂੰ ਖ਼ਬਰ ਛਪੀ ਸੀ ਕਿ ਪਿੰਡ ਗਲੋਟੀ ਖੁਰਦ ਦੇ ਨੌਜਵਾਨ ਗੁਰਜੰਟ ਸਿੰਘ ਦੀ ਗੱਡੀ ਦਾ ਸੰਤੁਲਨ ਵਿਗੜਨ ਕਾਰਨ ਸੜਕ ਹਾਦਸੇ ਵਿਚ ਉਸ ਦੀ ਮੌਤ ਹੋ ਗਈ। ਉਹ ਕੈਲੀਫੋਰਨੀਆ ਦੇ ਇਕ ਸ਼ਹਿਰ ਵਿਚ ਕਿਸੇ ਸਟੋਰ ’ਤੇ ਕੰਮ ਕਰਦਾ ਸੀ। ਮੋਗਾ ਦੇ ਪਿੰਡ ਮੱਲੇਆਣਾ ਦੇ 48 ਸਾਲਾ ਗੁਰਪ੍ਰੀਤ ਸਿੰਘ ਪੁੱਤਰ ਕਿਰਪਾਲ ਸਿੰਘ ਦੀ ਫਿਲਪੀਨ ਵਿਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਹ ਕੁਝ ਸਮਾਂ ਪਹਿਲਾਂ ਰੋਜ਼ੀ-ਰੋਟੀ ਕਮਾਉਣ ਲਈ ਮਨੀਲਾ ਗਿਆ ਸੀ। ਬਿਰਧ ਮਾਪਿਆਂ ਤੋਂ ਇਲਾਵਾ ਉਸ ਦੀ ਪਤਨੀ ਤੇ ਦੋ ਬੇਟੀਆਂ ਹਨ।

ਮਾਨਸਾ ਦਾ ਨੌਜਵਾਨ ਜਤਿਨ ਗਰਗ ਅਚਾਨਕ ਵਾਲੀਬਾਲ ਖੇਡਦੇ ਸਮੇਂ ਬਾਲ ਚੁੱਕਦਿਆਂ ਦਰਿਆ ਵਿਚ ਰੁੜ੍ਹ ਗਿਆ। ਜਤਿਨ 11 ਮਹੀਨੇ ਪਹਿਲਾਂ ਵਿਦਿਆਰਥੀ ਵੀਜ਼ੇ ’ਤੇ ਕੈਨੇਡਾ ਗਿਆ ਸੀ। ਸ਼ਿਵਦਾਸਪੁਰ ਦੇ 25 ਸਾਲਾ ਨੌਜਵਾਨ ਕਰਨਵੀਰ ਦੀ ਅਮਰੀਕਾ ’ਚ ਸੜਕ ਹਾਦਸੇ ’ਚ ਮੌਤ ਹੋ ਗਈ। ਉਸ ਦੇ ਭਰਾ ਨੇ ਦੱਸਿਆ ਕਿ ਉਹ ਪੜ੍ਹਾਈ ਪੂਰੀ ਕਰ ਕੇ ਟਰਨਿੰਮ ਕੰਪਨੀ ਵਿਚ ਕੰਮ ਕਰ ਰਿਹਾ ਸੀ।

ਉਸ ਦੀ ਮੌਤ ਉਸ ਦਾ ਟਰੱਕ ਸੜਕ ਕਿਨਾਰੇ ਰੇਲਿੰਗ ਨਾਲ ਟਕਰਾਉਣ ਕਾਰਨ ਹੋਈ। ਅਮਰੀਕਾ ਦੇ ਕੈਲੀਫੋਰਨੀਆ ’ਚ ਹਰਿਆਣਾ ਦੇ ਕਰਨਾਲ ਵਾਸੀ ਸੰਦੀਪ ਉਰਫ ਸੰਜੀਵ ਨੂੰ ਸ਼ਾਮ ਵੇਲੇ ਖਾਣਾ ਲੈਣ ਗਏ ਨੂੰ ਕਿਸੇ ਨੇ ਗੋਲ਼ੀ ਮਾਰ ਦਿੱਤੀ। ਉਸ ਨੇ 26 ਜੁਲਾਈ ਨੂੰ ਘਰ ਆਉਣਾ ਸੀ। ਰਾਏਕੋਟ ਦੇ ਪਿੰਡ ਬ੍ਰਹਮਪੁਰ ਦੇ ਨੌਜਵਾਨ ਮਨਜਿੰਦਰ ਸਿੰਘ ਦੀ ਕੈਨੇਡਾ ਦੇ ਸ਼ਹਿਰ ਐਡਮਿੰਟਨ ’ਚ ਟਰਾਲਾ ਚੁਲਾਉਂਦਿਆਂ ਹਾਦਸੇ ਦੌਰਾਨ ਮੌਤ ਹੋ ਗਈ। ਜ਼ਿਲ੍ਹਾ ਕਪੂਰਥਲਾ ਦੇ ਨਡਾਲਾ ਕਸਬੇ ਨਾਲ ਸਬੰਧਤ ਵਿਆਹੁਤਾ ਕਾਜਲ ਸ਼ਰਮਾ (30) ਦੀ ਇਟਲੀ ਵਿਚ ਮੌਤ ਹੋ ਗਈ।

ਕਾਜਲ ਹਫ਼ਤਾ ਕੁ ਪਹਿਲਾਂ ਬਿਮਾਰ ਹੋ ਗਈ ਸੀ। ਹਸਪਤਾਲ ’ਚ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਇਸੇ ਤਰ੍ਹਾਂ ਕੋਟਕਪੂਰਾ ਦੇ ਪੱਕਾ ਨੰਬਰ 1 ਦੇ 22 ਸਾਲਾ ਨੌਜਵਾਨ ਅਕਾਸ਼ਦੀਪ ਨੇ ਕੈਨੇਡਾ ਦੇ ਸ਼ਹਿਰ ਕੈਲਗਰੀ ’ਚ ਮਾਨਸਿਕ ਤਣਾਅ ਦੇ ਚੱਲਦਿਆਂ ਖ਼ੁਦਕੁਸ਼ੀ ਕਰ ਲਈ। ਜ਼ੀਰਾ ਦੇ ਨੇੜਲੇ ਪਿੰਡ ਬੋਤੀਆਂ ਵਾਲਾ ਦੀ ਸਰਤਾਜ ਸਿੰਘ ਢਿੱਲੋਂ ਦੀ ਲੜਕੀ ਮਨਬੀਰ ਕੌਰ ਦੀ ਕੈਨੇਡਾ ’ਚ ਹਾਦਸੇ ਦੌਰਾਨ ਮੌਤ ਹੋ ਗਈ।

ਉਸ ਦੇ ਪਿਤਾ ਨੇ ਦੱਸਿਆ ਕਿ ਉਸ ਦੇ ਸਾਰੇ ਅੰਗ ਲੋੜਵੰਦਾਂ ਨੂੰ ਡੋਨੇਟ ਕੀਤੇ ਗਏ ਹਨ। ਪਿੰਡ ਕੋਟਲੀ ਸੂਰਤ ਮੱਲ੍ਹੀ ਦੇ 28 ਸਾਲਾ ਨੌਜਵਾਨ ਗਗਨਦੀਪ ਸਿੰਘ ਦੀ ਦਿਲ ਦਾ ਦੌਰਾ ਪੈਣ ਕਾਰਨ ਹਸਤਪਾਲ ਵਿਚ ਇਲਾਜ ਦੌਰਾਨ ਮੌਤ ਹੋ ਗਈ। ਉਹ ਤਕਰੀਬਨ 14 ਕੁ ਮਹੀਨੇ ਪਹਿਲਾਂ ਹੀ ਰੋਜ਼ੀ-ਰੋਟੀ ਲਈ ਸਾਊਦੀ ਅਰਬ ਗਿਆ ਸੀ। ਚਾਰ ਜੁਲਾਈ ਨੂੰ ਅਖ਼ਬਾਰਾਂ ’ਚ ਖ਼ਬਰ ਛਪੀ ਸੀ ਕਿ ਸੁਲਤਾਨਪੁਰ ਲੋਧੀ ਦੇ ਨਵਜੋਤ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਦੀ ਦੁਬਈ ’ਚ ਵਾਪਰੇ ਸੜਕ ਹਾਦਸੇ ’ਚ ਮੌਤ ਹੋ ਗਈ। ਉਹ ਦੋ ਭੈਣਾਂ ਦਾ ਇਕਲੌਤਾ ਭਰਾ ਸੀ।

ਹੁਸ਼ਿਆਰਪੁਰ ਦੇ ਪਿੰਡ ਸਲੇਮਪੁਰ ਦੇ ਨੌਜਵਾਨ ਸੰਦੀਪ ਸੈਣੀ ਦੀ ਇਟਲੀ ਚ ਭੇਤਭਰੀ ਹਾਲਤ ਵਿਚ ਮੌਤ ਹੋ ਗਈ। ਮ੍ਰਿਤਕ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਸ ਦੇ ਪਿਤਾ ਰਾਮਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ 30 ਸਾਲਾ ਪੁੱਤਰ ਸੰਦੀਪ ਕੁਝ ਸਾਲ ਪਹਿਲਾਂ ਇਟਲੀ ਗਿਆ ਸੀ। ਬਟਾਲਾ ਦੇ ਨਜ਼ਦੀਕੀ ਪਿੰਡ ਸੇਖਾਵਾਂ ਜਾਨਪੁਰ ਦੇ ਨੌਜਵਾਨ ਮਲਕੀਤ ਸਿੰਘ ਦੀ ਪੁਰਤਗਾਲ ’ਚ ਸੜਕ ਹਾਦਸੇ ਦੌਰਾਨ ਮੌਤ ਹੋ ਗਈ। ਮ੍ਰਿਤਕ ਦੇ ਭਰਾ ਰਣਜੀਤ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ 2 ਸਾਲ ਪਹਿਲਾਂ ਰੋਜ਼ੀ-ਰੋਟੀ ਲਈ ਆਸਟਰੀਆ ਗਿਆ ਸੀ। ਲੱਖਾਂ ਰੁਪਏ ਖ਼ਰਚ ਕੇ ਧਨ-ਦੌਲਤ ਕਮਾਉਣ ਲਈ ਅਸੀਂ ਆਪਣੇ ਬੱਚਿਆਂ ਨੂੰ ਜ਼ਮੀਨਾਂ-ਜਾਇਦਾਦਾਂ ਵੇਚ ਕੇ ਵਿਦੇਸ਼ਾਂ ’ਚ ਭੇਜ ਰਹੇ ਹਾਂ। ਜੇਕਰ ਅਸੀਂ ਇਸ ਤੋਂ ਅੱਧਾ ਧਨ ਖ਼ਰਚ ਕੇ ਆਪਣੇ ਬੱਚਿਆਂ ਨੂੰ ਆਪਣੇ ਮੁਲਕ ਵਿਚ ਹੀ ਕਾਰੋਬਾਰ ਖੋਲ੍ਹ ਦੇਵਾਂਗੇ ਤਾਂ ਇਸ ਦੇ ਦੋ ਫ਼ਾਇਦੇ ਹੋਣਗੇ। ਪਹਿਲਾ ਇਹ ਕਿ ਸਾਡੇ ਬੱਚੇ ਸਾਡੀਆਂ ਅੱਖਾਂ ਦੇ ਸਾਹਮਣੇ ਰਹਿਣਗੇ। ਦੂਸਰਾ ਫ਼ਾਇਦਾ ਇਹ ਹੋਵੇਗਾ ਕਿ ਵਿਦੇਸ਼ ’ਚ ਜ਼ਲੀਲ ਹੋ ਕੇ ਸਾਰੀ ਖਾਣ ਨਾਲੋਂ ਇੱਜ਼ਤ, ਮਾਣ ਤੇ ਮਾਨਸਿਕ ਸ਼ਾਂਤੀ ਬਰਕਰਾਰ ਰੱਖਦੇ ਹੋਏ ਆਪਣੇ ਇੱਥੇ ਅੱਧੀ ਖਾ ਲੈਣੀ ਕਿਤੇ ਬਿਹਤਰ ਹੈ।




# Current Parbandhak Committee Slate Candidates

# ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਦੇ ਉਮੀਦਵਾਰ

**ELECTION DATE** October 12th, 2025 (Sunday)


Bhupindar S. Dhillon
ਭੁਪਿੰਦਰ (ਬੌਬ) ਸਿੰਘ ਢਿਲੋਂ


Dr. Gurinder Pal Singh
ਡਾ: ਗੁਰਿੰਦਰ ਪਾਲ ਸਿੰਘ


Pritam Singh Grewal
ਪ੍ਰੀਤਮ ਸਿੰਘ ਗਰੇਵਾਲ


Narinder Kaur Meharu
ਨਰਿੰਦਰ ਕੌਰ ਮਹੇੜੂ


Rajinder Singh Manger
ਰਾਜਿੰਦਰ ਸਿੰਘ ਮੰਗਰ


Surjit Singh Bains
ਸੁਰਜੀਤ ਸਿੰਘ ਬੈਂਸ


Sohan Singh Dhanota
ਸੋਹਨ ਸਿੰਘ ਧਨੋਤਾ


Sukhdev Singh Bainiwal
ਸੁਖਦੇਵ ਸਿੰਘ ਬੈਨੀਵਾਲ


Gurpreet Singh
ਗੁਰਪ੍ਰੀਤ ਸਿੰਘ


Harduman (Billa) S. Sanghera
ਹਰਦੁਮਨ (ਬਿੱਲਾ) ਸਿੰਘ ਸੰਘੇੜਾ


Sharanjit Kaur Bhandal
ਸ਼ਰਨਜੀਤ ਕੌਰ ਭੰਡਾਲ


Harparminder S. Powar
ਹਰਪ੍ਰਮਿੰਦਰ ਸਿੰਘ ਪੋਵਾਰ


Jorawar Singh
ਜੋਰਾਵਰ ਸਿੰਘ


Dr. Balbir Singh Bains
ਡਾ: ਬਲਬੀਰ ਸਿੰਘ ਬੈਂਸ


Kuldip Singh Shergill
ਕੁਲਦੀਪ ਸਿੰਘ ਸ਼ੇਰਗਿਲ


Gurpreet Singh Sethi
ਗੁਰਪ੍ਰੀਤ ਸਿੰਘ ਸੇਠੀ


Bahadur Singh Deol
ਬਹਾਦੁਰ ਸਿੰਘ ਦਿਉਲ


Pritpal Kaur
ਪ੍ਰਤਿਪਾਲ ਕੌਰ


Dr. Harjinder Singh Ladhar
ਡਾ: ਹਰਜਿੰਦਰ ਸਿੰਘ ਲੱਧੜ


Gurbux Singh Dhillon
ਗੁਰਬਖ਼ਸ਼ ਸਿੰਘ ਢਿਲੋਂ


Kirpal Singh Atwal
ਕਿਰਪਾਲ ਸਿੰਘ ਅਠਵਾਲ

**ਸਾਧ ਸੰਗਤ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਜਾਂਦੀ ਹੈ ਇਹਨਾਂ ਉਮੀਦਵਾਰਾਂ ਨੂੰ ਆਪਣਾ ਵੋਟ ਪਾਓ ਅਤੇ ਸੇਵਾ ਕਰਨ ਦਾ ਮੌਕਾ ਦਿਓ**

# Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Harpreet Singh Padam 510-695-6435
Gurpreet Singh Padam 510-962-2593
email: padambuilders@gmail.com
Licensed # 1019803


Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ


Harpreet Singh Padam

3143 ARDEN ROAD, HAYWARD, CA- 94545


# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸਤਾ

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ



Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138

# AAA
AUTO AND BODY WORKS INC.

ਕਿਸੇ ਵੀ ਕਿਸਮ ਦਾ ਕਾਰਾਂ ਦੀ ਮੁਰੰਮਤ/ਬਾਡੀ ਦਾ ਕੰਮ,
ਪੇਂਟਿੰਗ/ਡੈਂਟਿੰਗ ਦਾ ਕੰਮ।
ਨਵੇਂ ਤੇ ਪੁਰਾਣੇ ਟਾਇਰ ਵੀ ਹੁਣ ਇੱਥੋਂ ਪੁਆ ਸਕਦੇ ਹੋ।
24 ਘੰਟੇ ਟੋਇੰਗ ਲਈ ਕਾਲ ਕਰ ਸਕਦੇ ਹੋ
(Towing Facility Available)
ਹਫਤੇ ਦੇ ਸਾਰੇ 7 ਦਿਨ ਖੁੱਲ੍ਹਾ ਹੈ



ਜਸਬੀਰ ਸਿੰਘ ਤੱਖਰ
510-755-2132
593 Industrial PKWY West
Hayward, CA 94544

# SAMRAJ
Sweet N chaat hut

AUTHENTIC INDIAN CUISINE

WE ARE OPEN
TUE - SUN - 11 AM - 9PM
MONDAY CLOSED

VISIT OUR WEBSITE




Order
www.samrajindianfood.site
Ph: 510-283-5567 Cell; 510-774-7006

# TASTE OF INDIA

**specialist- Gurh Dee Barfee, Gurh Diyaan Jalebian**

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ




ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ

lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810





# Quick Lube & Smog

OFFICIAL LAMP ADJUSTING STATION — OFFICIAL BRAKE ADJUSTING STATION

**Auto repair, Diagnostics & Smog Check Station**

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ
ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

## SUKHWINDER BHELLA

510-757-6775 gogibhella@gmail.com

# TENNYSON AUTO

**Car Sale Service and Repair**

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544



# CALIFORNIA
## IMMIGRATION SERVICES INC.

CISI

Your Registered & Bonded 'Immigration-Consultants'



## ROSY (Kanwal) KAUR
Immigration Consultant

408-422-8585
510-573-3666

website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

**Fremont Office:** 4127 Bay Street, Unit 5, Fremont CA, 94538
**Tracy Office:** 1660 W Linnee Rd. Unit J 25, Tracy CA, 95377



MOON indian cuisine

# Moon Indian Cuisine
510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100-1000 ਬੰਦਿਆਂ ਤੱਕ ਵੱਡੀ ਤੋਂ ਵੱਡੀ ਪਾਰਟੀ ਲਈ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

**Over 30 Years Experience in Restaurant & Catering Business**

## ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Contact: (Paul) 510-978-7170
www.moonindiancuisine.net

# KACEES EXPRESS WASH

## ਕਾਰਾਂ ਧੋਣ ਲਈ ਸਭ ਤੋਂ ਸਸਤਾ ਕਾਰ ਵਾਸ਼ ਸਟੇਸ਼ਨ




## Car wash and Gas station with Beverages




ਇਲਾਕੇ ਵਿਚ ਹੱਥ ਨਾਲ ਕਾਰਾਂ ਧੁਆਉਣ ਵਾਸਤੇ ਇਕੋ-ਇਕ ਸਰਵਿਸ ਸਟੇਸ਼ਨ, ਜੋ ਬਹੁਤ ਹੀ ਸਸਤੇ ਰੇਟਾਂ ਤੇ ਬਿਨਾਂ ਇੰਤਜ਼ਾਰ ਕੀਤਿਆਂ ਤੁਹਾਡੀ ਕਿਸੇ ਵੀ ਪ੍ਰਕਾਰ ਦੀ ਕਾਰ ਧੋ ਸਕਦੇ ਹਨ।









**Surjit Sanger**

**707-291-2901**

**2900 Hilltop Mall Rd, Richmond, CA 94806**







# ਇਕ ਵਾਰ ਜ਼ਰੂਰ ਆ ਕੇ ਕਾਰ ਧੁਆਓ ਜੀ




# ਹੱਥਾਂ 'ਚ ਝਰਨਾਹਟ ਜਾਂ ਧੁੰਦਲਾ ਦਿਖਾਈ ਦੇਵੇ ਤਾਂ ਹੋ ਜਾਓ ਸਾਵਧਾਨ

ਜੇਕਰ ਤੁਹਾਨੂੰ ਜਵਾਨੀ ਵਿੱਚ ਵੀ ਤੁਰਨ ਜਾਂ ਖਾਣਾ ਨਿਗਲਣ ਵਿੱਚ ਮੁਸ਼ਕਲ ਆ ਰਹੀ ਹੈ, ਨਜ਼ਰ ਧੁੰਦਲੀ ਹੈ, ਹੱਥਾਂ ਵਿੱਚ ਝਰਨਾਹਟ ਹੈ ਜਾਂ ਤੁਸੀਂ ਚੀਜ਼ਾਂ ਭੁੱਲ ਰਹੇ ਹੋ, ਤਾਂ ਤੁਰੰਤ ਆਪਣੀ ਜਾਂਚ ਕਰਵਾਓ, ਕਿਉਂਕਿ ਇਹ ਮਲਟੀਪਲ ਸਕਲੇਰੋਸਿਸ ਦੇ ਲੱਛਣ ਹਨ। ਇਹ ਇੱਕ ਆਟੋਇਮਿਊਨ ਬਿਮਾਰੀ ਹੈ, ਜਿਸ ਵਿੱਚ ਸਰੀਰ ਦੀ ਆਪਣੀ ਇਮਿਊਨ ਸਿਸਟਮ ਦਿਮਾਗੀ ਪ੍ਰਣਾਲੀ ਦੇ ਆਲੇ ਦੁਆਲੇ ਸੁਰੱਖਿਆ ਕਵਰ ਨੂੰ ਨੁਕਸਾਨ ਪਹੁੰਚਾਉਣਾ ਸ਼ੁਰੂ ਕਰ ਦਿੰਦੀ ਹੈ। ਇਸ ਨਾਲ ਨਸਾਂ ਦੇ ਸਿਗਨਲਾਂ ਵਿੱਚ ਵਿਘਨ ਪੈਂਦਾ ਹੈ। ਇਸ ਬਿਮਾਰੀ ਬਾਰੇ ਸਮਝ ਵਧਾਉਣ ਲਈ, ਮਲਟੀਪਲ ਸਕਲੇਰੋਸਿਸ ਸੋਸਾਇਟੀ ਆਫ਼ ਇੰਡੀਆ ਨੇ ਸਿਲੈਕਟ ਸਿਟੀ ਵਾਕ ਮਾਲ ਵਿਖੇ ਤਿੰਨ ਦਿਨਾਂ "ਵਾਕ ਇਨ ਮਾਈ ਸ਼ੂਜ਼" ਪ੍ਰੋਗਰਾਮ ਦਾ ਆਯੋਜਨ ਕੀਤਾ। ਮਾਲ ਵਿੱਚ ਆਏ ਨੌਜਵਾਨਾਂ ਨੇ ਸਿਮੂਲੇਸ਼ਨ ਕਿਓਸਕ ਰਾਹੀਂ ਮਲਟੀਪਲ ਸਕਲੇਰੋਸਿਸ ਕਾਰਨ ਹੋਣ ਵਾਲੀਆਂ ਸਮੱਸਿਆਵਾਂ ਦਾ ਅਨੁਭਵ ਕੀਤਾ। ਉਹਨਾਂ ਅਨੁਸਾਰ, ਭਾਰਤ ਵਿੱਚ ਇਸ ਬਿਮਾਰੀ ਦੇ ਲਗਭਗ ਦੋ ਲੱਖ ਮਰੀਜ਼ ਹਨ।

ਨੌਜਵਾਨਾਂ ਦੇ ਹੱਥਾਂ ਵਿੱਚ ਇੱਕ ਗੈਜੇਟ ਪਾਇਆ ਗਿਆ ਸੀ, ਜੋ ਤੇਜ਼ੀ ਨਾਲ ਕੰਬ ਰਿਹਾ ਸੀ। ਅਜਿਹੀ ਸਥਿਤੀ ਵਿੱਚ, ਉਨ੍ਹਾਂ ਨੂੰ ਇੱਕ ਪੈੱਨ ਦਿੱਤਾ ਗਿਆ ਅਤੇ ਲਿਖਣ ਲਈ ਕਿਹਾ ਗਿਆ। ਉਹ ਇੱਕ ਵੀ ਸ਼ਬਦ ਸਹੀ ਢੰਗ ਨਾਲ ਨਹੀਂ ਲਿਖ ਪਾ ਰਹੇ ਸਨ। ਇਹ ਮਰੀਜ਼ਾਂ ਦੀ ਹਾਲਤ ਹੈ, ਉਹ ਕੁਝ ਵੀ ਲਿਖਣ ਵਿੱਚ ਅਸਮਰੱਥ ਹਨ। ਉਨ੍ਹਾਂ ਦੀਆਂ ਅੱਖਾਂ ਦੀ ਧੁੰਦਲੀਪਣ ਦਾ ਅਹਿਸਾਸ ਕਰਵਾਉਣ ਲਈ ਵਿਸ਼ੇਸ਼ ਐਨਕਾਂ ਬਣਾਈਆਂ ਗਈਆਂ ਸਨ। ਉਹ ਆਲੇ-ਦੁਆਲੇ ਦੇ ਰੰਗ ਦੇਖ ਸਕਦੇ ਸਨ, ਪਰ ਸਾਹਮਣੇ ਕੀ ਹੈ, ਇਹ ਨਹੀਂ ਦੇਖ ਸਕਦੇ ਸਨ।

ਐਮਐਸ ਕਾਰਨ, ਮਾਸਪੇਸ਼ੀਆਂ ਸਹੀ ਢੰਗ ਨਾਲ ਕੰਮ ਨਹੀਂ ਕਰਦੀਆਂ। ਲੱਤਾਂ ਭਾਰੀ ਮਹਿਸੂਸ ਹੁੰਦੀਆਂ ਹਨ। ਪੌੜੀਆਂ ਚੜ੍ਹਨ ਜਾਂ ਆਮ ਤੌਰ 'ਤੇ ਤੁਰਨ ਵੇਲੇ ਸੰਤੁਲਨ ਬਣਾਈ ਰੱਖਣ ਵਿੱਚ ਸਮੱਸਿਆ ਹੁੰਦੀ ਹੈ। ਐਮਐਸਐਸਆਈ ਦਿੱਲੀ ਦੀ ਪ੍ਰਧਾਨ ਬਿਪਾਸ਼ਾ ਗੁਪਤਾ ਨੇ ਦੱਸਿਆ ਕਿ ਸੰਸਥਾ ਵਿੱਚ 3800 ਮਰੀਜ਼ ਰਜਿਸਟਰਡ ਹਨ।

ਇਸਦੇ ਲੱਛਣ 17 ਤੋਂ 18 ਸਾਲ ਦੀ ਉਮਰ ਵਿੱਚ ਪੜ੍ਹਾਈ ਦਾ ਤਣਾਅ ਹੋਣ 'ਤੇ ਦਿਖਾਈ ਦੇਣ ਲੱਗ ਪੈਂਦੇ ਹਨ। ਪਰਿਵਾਰ ਪੜ੍ਹਾਈ, ਨੌਕਰੀ, ਫਿਰ ਵਿਆਹ ਆਦਿ ਬਾਰੇ ਸੋਚਦਾ ਰਹਿੰਦਾ ਹੈ, ਰਿਸ਼ਤੇਦਾਰ ਕੀ ਕਹਿਣਗੇ, ਸਮਾਜ ਕੀ ਕਹੇਗਾ। ਦੂਜੇ ਪਾਸੇ, ਕੰਮ ਕਰਨ ਵਾਲੇ ਲੋਕ ਲੱਛਣ ਦਿਖਾਈ ਦੇਣ 'ਤੇ ਖੁਦ ਅੱਗੇ ਆਉਣ ਲੱਗ ਪਏ ਹਨ। ਹੁਣ ਪਰਿਵਾਰਾਂ ਨੂੰ ਵੀ ਅੱਗੇ ਆਉਣਾ ਪਵੇਗਾ।

**ਸ਼ੁਰੂਆਤੀ ਜਾਂਚ ਤੁਹਾਨੂੰ ਸਥਾਈ ਨੁਕਸਾਨ ਤੋਂ ਬਚਾਏਗੀ**

ਜਿਵੇਂ ਬਿਜਲੀ ਦੀਆਂ ਤਾਰਾਂ 'ਤੇ ਇਨਸੂਲੇਸ਼ਨ ਦੀ ਇੱਕ ਪਰਤ ਹੁੰਦੀ ਹੈ, ਉਸੇ ਤਰ੍ਹਾਂ ਦਿਮਾਗ, ਅੱਖਾਂ ਅਤੇ ਰੀੜ੍ਹ ਦੀ ਹੱਡੀ ਦੀਆਂ ਨਾੜੀਆਂ 'ਤੇ ਇੱਕ ਪਰਤ ਹੁੰਦੀ ਹੈ। ਸਰ ਗੰਗਾ ਰਾਮ ਹਸਪਤਾਲ ਦੇ ਨਿਊਰੋਲੋਜੀ ਵਿਭਾਗ ਦੇ ਵਾਈਸ-ਚੇਅਰਮੈਨ ਡਾ. ਅੰਸ਼ੂ ਰੋਹਤਗੀ ਕਹਿੰਦੇ ਹਨ ਕਿ ਜਦੋਂ ਅੱਖਾਂ, ਦਿਮਾਗ ਅਤੇ ਰੀੜ੍ਹ ਦੀ ਹੱਡੀ ਦੀਆਂ ਨਾੜੀਆਂ ਦੀ ਇਨਸੂਲੇਸ਼ਨ ਪਰਤ ਨੂੰ ਨੁਕਸਾਨ ਪਹੁੰਚਦਾ ਹੈ, ਤਾਂ ਕਰੰਟ ਨਹੀਂ ਵਹਿ ਸਕਦਾ।

ਇਸ ਨਾਲ ਦੋਹਰੀ ਨਜ਼ਰ, ਧੁੰਦਲੀ ਨਜ਼ਰ, ਹੱਥਾਂ ਅਤੇ ਲੱਤਾਂ ਵਿੱਚ ਕੰਬਣੀ ਅਤੇ ਮਾਸਪੇਸ਼ੀਆਂ ਵਿੱਚ ਕੜਵੱਲ ਵਰਗੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਇਸਦੀ ਪਛਾਣ ਐਮਆਰਆਈ ਰਾਹੀਂ ਕੀਤੀ ਜਾ ਸਕਦੀ ਹੈ। ਇਸ ਲਈ ਬਹੁਤ ਸਾਰੇ ਇਲਾਜ ਉਪਲਬਧ ਹਨ, ਜੋ ਥੋੜ੍ਹੇ ਸਮੇਂ ਲਈ ਰਹਿੰਦੇ ਹਨ। ਜਲਦੀ ਪਤਾ ਲਗਾਉਣ ਅਤੇ ਇਲਾਜ ਸਥਾਈ ਅਪੰਗਤਾ ਨੂੰ ਰੋਕ ਸਕਦਾ ਹੈ।

**ਐਮਐਸ ਦੇ ਸ਼ੁਰੂਆਤੀ ਲੱਛਣ**

ਧੁੰਦਲਾ ਜਾਂ ਦੋਹਰਾ ਨਜ਼ਰ
ਲਾਲ ਅਤੇ ਹਰੇ ਰੰਗਾਂ ਵਿੱਚ ਫਰਕ ਕਰਨ ਵਿੱਚ ਮੁਸ਼ਕਲ
ਆਪਟਿਕ ਨਰਵ ਦੀ ਸੋਜਸ਼ ਕਾਰਨ ਦਰਦ ਅਤੇ ਨਜ਼ਰ ਦਾ ਨੁਕਸਾਨ
ਚੱਲਣ ਵਿੱਚ ਮੁਸ਼ਕਲ
ਹੱਥਾਂ ਅਤੇ ਪੈਰਾਂ ਵਿੱਚ ਦਰਦ, ਸੁੰਨ ਹੋਣਾ ਜਾਂ ਝਰਨਾਹਟ
ਮਲਟੀਪਲ ਸਕਲੇਰੋਸਿਸ ਦੇ ਹੋਰ ਲੱਛਣ
ਬਾਹਾਂ ਅਤੇ ਲੱਤਾਂ ਦੀਆਂ ਮਾਸਪੇਸ਼ੀਆਂ ਵਿੱਚ ਕਮਜ਼ੋਰੀ
ਚੱਲਣ ਜਾਂ ਖੜ੍ਹੇ ਹੋਣ ਵਿੱਚ ਸਮੱਸਿਆਵਾਂ
ਅੰਸ਼ਕ ਜਾਂ ਪੂਰਾ ਅਧਰੰਗ
ਮਾਸਪੇਸ਼ੀ ਦੀ ਕਠੋਰਤਾ ਅਤੇ ਕੜਵੱਲ
ਲਗਾਤਾਰ ਥਕਾਵਟ
ਸੰਵੇਦਨਾ ਦਾ ਨੁਕਸਾਨ
ਬੋਲਣ ਵਿੱਚ ਸਮੱਸਿਆਵਾਂ
ਕੰਪਨ
ਚੱਕਰ ਆਉਣਾ
ਸੁਣਨ ਸ਼ਕਤੀ ਦਾ ਨੁਕਸਾਨ
ਆਂਦਰਾਂ ਅਤੇ ਬਲੈਡਰ ਦੀਆਂ ਸਮੱਸਿਆਵਾਂ
ਡਿਪਰੈਸ਼ਨ, ਜਿਨਸੀ ਗਤੀਵਿਧੀ ਵਿੱਚ ਬਦਲਾਅ।

# ਬੱਚੇ ਨੂੰ ਚਿੜਚਿੜਾ ਬਣਾਉਂਦੀ ਹੈ ਵਿਟਾਮਿਨ-ਬੀ12 ਦੀ ਕਮੀ

ਸਾਡੇ ਸਰੀਰ ਵਿੱਚ ਬਹੁਤ ਸਾਰੇ ਪੌਸ਼ਟਿਕ ਤੱਤ ਮੌਜੂਦ ਹੁੰਦੇ ਹਨ, ਜੋ ਸਾਨੂੰ ਸਿਹਤਮੰਦ ਅਤੇ ਸਰੀਰ ਦੇ ਸਹੀ ਵਿਕਾਸ ਵਿੱਚ ਮਦਦ ਕਰਦੇ ਹਨ। ਵਿਟਾਮਿਨ-ਬੀ12 ਇਨ੍ਹਾਂ ਜ਼ਰੂਰੀ ਪੌਸ਼ਟਿਕ ਤੱਤਾਂ ਵਿੱਚੋਂ ਇੱਕ ਹੈ, ਜੋ ਸਾਡੇ ਸਰੀਰ ਵਿੱਚ ਕਈ ਮਹੱਤਵਪੂਰਨ ਕਾਰਜ ਕਰਦਾ ਹੈ। ਇਹ ਲਾਲ ਖੂਨ ਦੇ ਸੈੱਲਾਂ ਦੇ ਉਤਪਾਦਨ ਵਿੱਚ ਮਦਦ ਕਰਦਾ ਹੈ ਅਤੇ ਡੀਐਨਏ ਸੰਸਲੇਸ਼ਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਇਸ ਤੋਂ ਇਲਾਵਾ ਇਹ ਵਿਟਾਮਿਨ ਕਈ ਮਹੱਤਵਪੂਰਨ ਕਾਰਜ ਵੀ ਕਰਦਾ ਹੈ ਅਤੇ ਇਸ ਲਈ ਸਰੀਰ ਵਿੱਚ ਇਸਦੀ ਕਮੀ ਕਈ ਗੰਭੀਰ ਸਮੱਸਿਆਵਾਂ ਪੈਦਾ ਕਰ ਸਕਦੀ ਹੈ। ਖਾਸ ਕਰਕੇ ਜੇਕਰ ਬੱਚਿਆਂ ਵਿੱਚ ਇਸਦੀ ਕਮੀ ਹੁੰਦੀ ਹੈ, ਤਾਂ ਇਸਦਾ ਉਨ੍ਹਾਂ ਦੇ ਵਿਕਾਸ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਬੱਚਿਆਂ ਵਿੱਚ ਵਿਟਾਮਿਨ-ਬੀ12 ਦੀ ਕਮੀ ਦਾ ਸਮੇਂ ਸਿਰ ਪਤਾ ਲਗਾਇਆ ਜਾਵੇ ਤਾਂ ਜੋ ਕਿਸੇ ਵੀ ਗੰਭੀਰ ਸਥਿਤੀ ਨੂੰ ਪਹਿਲਾਂ ਤੋਂ ਰੋਕਿਆ ਜਾ ਸਕੇ। ਅੱਜ ਇਸ ਲੇਖ ਵਿੱਚ, ਅਸੀਂ ਸ਼ਾਰਦਾ ਹਸਪਤਾਲ ਦੇ ਇੰਟਰਨਲ ਮੈਡੀਸਨ ਦੇ ਸੀਨੀਅਰ ਸਲਾਹਕਾਰ ਡਾ. ਸ਼੍ਰੇ ਸ਼੍ਰੀਵਾਸਤਵ ਤੋਂ ਬੱਚਿਆਂ ਵਿੱਚ ਵਿਟਾਮਿਨ-ਬੀ12 ਦੀ ਕਮੀ ਦੇ ਕੁਝ ਅਜਿਹੇ ਲੱਛਣਾਂ ਬਾਰੇ ਜਾਣਾਂਗੇ।

ਮਾਹਿਰਾਂ ਦੇ ਅਨੁਸਾਰ, ਵਿਟਾਮਿਨ-ਬੀ12 ਦਿਮਾਗੀ ਪ੍ਰਣਾਲੀ ਨੂੰ ਸਿਹਤਮੰਦ ਰੱਖਣ ਵਿੱਚ ਮਦਦ ਕਰਦਾ ਹੈ। ਇਹ ਦਿਮਾਗੀ ਪ੍ਰਣਾਲੀ ਦੇ ਕੰਮ ਨੂੰ ਬਣਾਈ ਰੱਖਣ ਵਿੱਚ ਵੀ ਮਦਦ ਕਰਦਾ ਹੈ। ਇੰਨਾ ਹੀ ਨਹੀਂ,



ਇਹ ਜ਼ਰੂਰੀ ਪੌਸ਼ਟਿਕ ਤੱਤ ਸਰੀਰ ਵਿੱਚ ਸੇਰੋਟੋਨਿਨ ਅਤੇ ਨੋਰੇਪਾਈਨਫ੍ਰਾਈਨ ਵਰਗੇ ਨਿਊਰੋਟ੍ਰਾਂਸਮੀਟਰਾਂ ਦੇ ਉਤਪਾਦਨ ਨੂੰ ਵੀ ਪ੍ਰਬੰਧਿਤ ਕਰਦਾ ਹੈ, ਜੋ ਵਿਵਹਾਰ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦਾ ਹੈ।

**ਬੱਚਿਆਂ ਵਿੱਚ ਵਿਟਾਮਿਨ ਬੀ12 ਦੀ ਕਮੀ ਦੇ ਲੱਛਣ**

ਜੇਕਰ ਤੁਹਾਡੇ ਬੱਚੇ ਵਿਟਾਮਿਨ ਬੀ12 ਦੀ ਕਮੀ ਤੋਂ ਪੀੜਤ ਹਨ, ਤਾਂ ਉਨ੍ਹਾਂ ਵਿੱਚ ਇਸਦੇ ਕੁਝ ਲੱਛਣ ਦੇਖੇ ਜਾ ਸਕਦੇ ਹਨ, ਜੋ ਕਿ ਇਸ ਪ੍ਰਕਾਰ ਹਨ-

ਹਰ ਸਮੇਂ ਚਿੜਚਿੜਾਪਨ
ਥਕਾਵਟ ਜਾਂ ਕਮਜ਼ੋਰੀ ਮਹਿਸੂਸ ਕਰਨਾ
ਛੋਟੀਆਂ-ਛੋਟੀਆਂ ਗੱਲਾਂ 'ਤੇ ਗੁੱਸਾ ਕਰਨਾ
ਉਲਟੀਆਂ ਜਾਂ ਦਸਤ
ਚਮੜੀ ਦਾ ਪੀਲਾ ਹੋਣਾ
ਹੱਥਾਂ ਅਤੇ ਪੈਰਾਂ ਵਿੱਚ ਝਰਨਾਹਟ
ਚੀਜ਼ਾਂ ਨੂੰ ਯਾਦ ਰੱਖਣ ਵਿੱਚ ਮੁਸ਼ਕਲ
ਚੱਲਣ ਜਾਂ ਬੋਲਣ ਵਿੱਚ ਮੁਸ਼ਕਲ

**ਵਿਟਾਮਿਨ ਬੀ12 ਦੀ ਕਮੀ ਨੂੰ ਕਿਵੇਂ ਦੂਰ ਕਰੀਏ**

ਜੇਕਰ ਤੁਸੀਂ ਆਪਣੇ ਬੱਚੇ ਵਿੱਚ ਉੱਪਰ ਦੱਸੇ ਗਏ ਕੋਈ ਵੀ ਲੱਛਣ ਦੇਖ ਰਹੇ ਹੋ, ਤਾਂ ਇਸਨੂੰ ਹਲਕੇ ਵਿੱਚ ਨਾ ਲਓ ਅਤੇ ਤੁਰੰਤ ਡਾਕਟਰ ਨਾਲ ਸੰਪਰਕ ਕਰੋ। ਤੁਸੀਂ ਉਨ੍ਹਾਂ ਦੀ ਖੁਰਾਕ ਵਿੱਚ ਕੁਝ ਬਦਲਾਅ ਕਰਕੇ ਇਸਦੀ ਕਮੀ ਨੂੰ ਪੂਰਾ ਕਰ ਸਕਦੇ ਹੋ। ਇਹ ਜ਼ਰੂਰੀ ਪੌਸ਼ਟਿਕ ਤੱਤ ਮੁੱਖ ਤੌਰ 'ਤੇ ਮਾਸਾਹਾਰੀ ਵਿੱਚ ਪਾਇਆ ਜਾਂਦਾ ਹੈ। ਇਸ ਲਈ, ਤੁਸੀਂ ਉਨ੍ਹਾਂ ਦੀ ਖੁਰਾਕ ਵਿੱਚ ਚਿਕਨ, ਮਾਸ, ਮੱਛੀ ਅਤੇ ਆਂਡੇ ਆਦਿ ਸ਼ਾਮਲ ਕਰ ਸਕਦੇ ਹੋ। ਇਸ ਦੇ ਨਾਲ ਹੀ, ਜੇਕਰ ਤੁਸੀਂ ਸ਼ਾਕਾਹਾਰੀ ਹੋ ਜਾਂ ਤੁਹਾਡਾ ਬੱਚਾ ਮਾਸਾਹਾਰੀ ਨਹੀਂ ਖਾਂਦਾ, ਤਾਂ ਤੁਸੀਂ ਸੋਇਆ ਅਤੇ ਬਦਾਮ ਵਾਲਾ ਦੁੱਧ ਅਤੇ ਟੋਫੂ ਵਰਗੀਆਂ ਚੀਜ਼ਾਂ ਨੂੰ ਖੁਰਾਕ ਦਾ ਹਿੱਸਾ ਬਣਾ ਕੇ ਵਿਟਾਮਿਨ ਬੀ12 ਦੀ ਕਮੀ ਨੂੰ ਦੂਰ ਕਰ ਸਕਦੇ ਹੋ।

# ਸਰੀਰ ਦੇ ਇਨ੍ਹਾਂ ਹਿੱਸਿਆਂ 'ਚ ਦਰਦ ਦੀ ਸਮੱਸਿਆ ਹੈ ਤਾਂ ਹੋ ਜਾਓ ਸਾਵਧਾਨ

ਸਾਡਾ ਸਰੀਰ ਕਈ ਵਾਰ ਛੋਟੇ ਸੰਕੇਤ ਦੇ ਕੇ ਵੱਡੀਆਂ ਬਿਮਾਰੀਆਂ ਬਾਰੇ ਚਿਤਾਵਨੀ ਦਿੰਦਾ ਹੈ। ਇਨ੍ਹਾਂ ਵਿੱਚ ਸਰੀਰ ਦੇ ਕੁਝ ਹਿੱਸਿਆਂ ਵਿੱਚ ਦਰਦ ਸ਼ਾਮਲ ਹੈ। ਕੁਝ ਦਰਦ ਜੋ ਆਮ ਲੱਗਦੇ ਹਨ ਅਸਲ ਵਿੱਚ ਗੰਭੀਰ ਸਿਹਤ ਸਮੱਸਿਆਵਾਂ (Body Pian iSgn of Illness) ਦਾ ਸੰਕੇਤ ਹੋ ਸਕਦੇ ਹਨ। ਹਾਂ, ਇਸੇ ਲਈ ਜੇਕਰ ਸਰੀਰ ਦੇ ਕਿਸੇ ਵੀ ਹਿੱਸੇ ਵਿੱਚ ਲਗਾਤਾਰ ਦਰਦ ਰਹਿੰਦਾ ਹੈ, ਤਾਂ ਇਸਨੂੰ ਨਜ਼ਰਅੰਦਾਜ਼ ਕਰਨ ਨਾਲ ਪਰੇਸ਼ਾਨੀ ਵਧ ਸਕਦੀ ਹੈ। ਆਓ ਜਾਣਦੇ ਹਾਂ ਸਰੀਰ ਦੇ ਕਿਹੜੇ ਹਿੱਸੇ ਕਿਹੜੀਆਂ ਵੱਡੀਆਂ ਬਿਮਾਰੀਆਂ ਦਾ ਸੰਕੇਤ ਹੋ ਸਕਦੇ ਹਨ।

ਗਰਦਨ ਵਿੱਚ ਦਰਦ ਆਮ ਤੌਰ 'ਤੇ ਗਲਤ ਆਸਣ ਜਾਂ ਮਾਸਪੇਸ਼ੀਆਂ ਦੇ ਖਿਚਾਅ ਕਾਰਨ ਹੁੰਦਾ ਹੈ, ਪਰ ਜੇਕਰ ਇਹ ਦਰਦ ਬਣਿਆ ਰਹਿੰਦਾ ਹੈ ਅਤੇ ਛਾਤੀ ਵਿੱਚ ਬੇਅਰਾਮੀ ਨਾਲ ਹੁੰਦਾ ਹੈ, ਤਾਂ ਇਹ ਦਿਲ ਦੀ ਸਮੱਸਿਆ ਦਾ ਸੰਕੇਤ ਹੋ ਸਕਦਾ ਹੈ। ਕਈ ਵਾਰ ਦਿਲ ਦੇ ਦੌਰੇ ਦੌਰਾਨ, ਦਰਦ ਗਰਦਨ ਅਤੇ ਜਬਾੜੇ ਤੱਕ ਫੈਲ ਜਾਂਦਾ ਹੈ। ਜੇਕਰ ਦਰਦ ਦੇ ਨਾਲ ਸਾਹ ਲੈਣ ਵਿੱਚ ਮੁਸ਼ਕਲ ਜਾਂ ਚੱਕਰ ਆਉਂਦੇ ਹਨ, ਤਾਂ ਤੁਰੰਤ ਡਾਕਟਰ ਨਾਲ ਸੰਪਰਕ ਕਰੋ।



**ਜਬਾੜੇ ਵਿੱਚ ਦਰਦ - ਦਿਲ ਦਾ ਦੌਰਾ ਜਾਂ TMJ ਵਿਕਾਰ**

ਜਬਾੜੇ ਵਿੱਚ ਦਰਦ, ਖਾਸ ਕਰਕੇ ਖੱਬੇ ਪਾਸੇ, ਦਿਲ ਦੇ ਦੌਰੇ ਦਾ ਇੱਕ ਮਹੱਤਵਪੂਰਨ ਲੱਛਣ ਹੋ ਸਕਦਾ ਹੈ। ਔਰਤਾਂ ਨੂੰ ਦਿਲ ਦੇ ਦੌਰੇ ਦੌਰਾਨ ਜਬਾੜੇ ਅਤੇ ਪੇਟ ਵਿੱਚ ਦਰਦ ਦੀ ਸ਼ਿਕਾਇਤ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਇਸ ਤੋਂ ਇਲਾਵਾ, ਟੈਂਪੋਰੋਮੈਂਡੀਬਿਊਲਰ ਜੋੜਾਂ ਦਾ ਵਿਕਾਰ ਵੀ ਜਬਾੜੇ ਵਿੱਚ ਦਰਦ ਅਤੇ ਕਠੋਰਤਾ ਦਾ ਕਾਰਨ ਬਣ ਸਕਦਾ ਹੈ। ਜੇਕਰ ਦਰਦ ਲੰਬੇ ਸਮੇਂ ਤੱਕ ਬਣਿਆ ਰਹਿੰਦਾ ਹੈ, ਤਾਂ ਡਾਕਟਰ ਨਾਲ ਸਲਾਹ ਕਰੋ।

**ਰਾਤ ਨੂੰ ਲੱਤਾਂ ਵਿੱਚ ਜਕੜਨ - ਨਸਾਂ ਦੀਆਂ ਸਮੱਸਿਆਵਾਂ ਜਾਂ ਖਣਿਜਾਂ ਦੀ ਘਾਟ**

ਰਾਤ ਨੂੰ ਲੱਤਾਂ ਵਿੱਚ ਜਕੜਨ ਅਤੇ ਦਰਦ ਇੱਕ ਆਮ ਸਮੱਸਿਆ ਹੈ, ਜੋ ਅਕਸਰ ਡੀ-ਹਾਈਡਰੇਸ਼ਨ, ਮੈਗਨੀਸ਼ੀਅਮ ਜਾਂ ਪੋਟਾਸ਼ੀਅਮ ਦੀ ਘਾਟ ਕਾਰਨ ਹੁੰਦੀ ਹੈ। ਹਾਲਾਂਕਿ, ਜੇਕਰ ਇਹ ਸਮੱਸਿਆ ਵਾਰ-ਵਾਰ ਹੁੰਦੀ ਹੈ, ਤਾਂ ਇਹ ਪੈਰੀਫਿਰਲ ਆਰਟਰੀ ਬਿਮਾਰੀ ਜਾਂ ਨਸਾਂ ਵਿੱਚ ਰੁਕਾਵਟ ਦਾ ਸੰਕੇਤ ਵੀ ਹੋ ਸਕਦਾ ਹੈ। ਨਿਊਰੋਪੈਥੀ ਸ਼ੂਗਰ ਦੇ ਮਰੀਜ਼ਾਂ ਵਿੱਚ ਲੱਤਾਂ ਵਿੱਚ ਕੜਵੱਲ ਦਾ ਕਾਰਨ ਵੀ ਬਣ ਸਕਦੀ ਹੈ।

**ਖੱਬੇ ਹੱਥ ਵਿੱਚ ਦਰਦ - ਦਿਲ ਦੇ ਦੌਰੇ ਦਾ ਖ਼ਤਰਾ**

ਖੱਬੇ ਹੱਥ ਵਿੱਚ ਅਚਾਨਕ ਤੇਜ਼ ਦਰਦ ਦਿਲ ਦੀਆਂ ਸਮੱਸਿਆਵਾਂ ਦਾ ਇੱਕ ਮਹ-ੱਤਵਪੂਰਨ ਲੱਛਣ ਹੈ। ਦਿਲ ਦੇ ਦੌਰੇ ਦੌਰਾਨ, ਦਰਦ ਛਾਤੀ ਤੋਂ ਖੱਬੇ ਹੱਥ, ਮੋਢੇ ਅਤੇ ਗਰਦਨ ਤੱਕ ਫੈਲ ਸਕਦਾ ਹੈ। ਜੇਕਰ ਦਰਦ ਦੇ ਨਾਲ ਪਸੀਨਾ ਆਉਣਾ, ਸਾਹ ਚੜ੍ਹਨਾ ਜਾਂ ਉਲਟੀਆਂ ਆਉਣਾ ਮਹਿਸੂਸ ਹੁੰਦਾ ਹੈ, ਤਾਂ ਤੁਰੰਤ ਐਮਰਜੈਂਸੀ ਡਾਕਟਰੀ ਸਹਾਇਤਾ ਲਓ।

**ਮੋਢੇ ਦਾ ਦਰਦ- ਦਿਲ ਦੀ ਬਿਮਾਰੀ**

ਮੋਢੇ ਦਾ ਦਰਦ ਅਕਸਰ ਸੱਟ ਲੱਗਣ ਜਾਂ ਮਾਸਪੇਸ਼ੀਆਂ ਦੇ ਖਿਚਾਅ ਕਾਰਨ ਹੁੰਦਾ ਹੈ, ਪਰ ਜੇਕਰ ਦਰਦ ਬਿਨਾਂ ਕਿਸੇ ਕਾਰਨ ਦੇ ਹੋ ਰਿਹਾ ਹੈ, ਤਾਂ ਇਹ ਦਿਲ ਦੀ ਬਿਮਾਰੀ ਦਾ ਸੰਕੇਤ ਹੋ ਸਕਦਾ ਹੈ। ਕਈ ਵਾਰ ਮੋਢੇ ਦਾ ਦਰਦ ਵਧੇ ਹੋਏ ਕੋਲੈਸਟ੍ਰੋਲ, ਹਾਈ ਬਲੱਡ ਪ੍ਰੈਸ਼ਰ ਜਾਂ ਸ਼ੂਗਰ ਕਾਰਨ ਵੀ ਹੋ ਸਕਦਾ ਹੈ, ਜੋ ਕਿ ਦਿਲ ਦੀਆਂ ਬਿਮਾਰੀਆਂ ਨਾਲ ਜੁੜਿਆ ਹੋਇਆ ਹੈ।

ਸਰੀਰ ਦੇ ਇਨ੍ਹਾਂ ਹਿੱਸਿਆਂ ਵਿੱਚ ਦਰਦ ਕਈ ਵਾਰ ਮਾਮੂਲੀ ਕਾਰਨਾਂ ਕਰਕੇ ਹੁੰਦਾ ਹੈ, ਪਰ ਕਈ ਵਾਰ ਇਹ ਗੰਭੀਰ ਬਿਮਾਰੀਆਂ ਨੂੰ ਦਰਸਾਉਂਦਾ ਹੈ। ਜੇਕਰ ਦਰਦ ਬਣਿਆ ਰਹਿੰਦਾ ਹੈ ਜਾਂ ਹੋਰ ਲੱਛਣਾਂ ਦੇ ਨਾਲ ਹੁੰਦਾ ਹੈ, ਤਾਂ ਤੁਰੰਤ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

# ਸਰੀਰ ਲਈ ਦਵਾਈ ਦਾ ਕੰਮ ਕਰਦਾ ਹੈ ਸਹੀ ਸਮੇਂ 'ਤੇ ਖਾਣਾ

ਸਿਹਤਮੰਦ ਰਹਿਣ ਲਈ ਸਿਹਤਮੰਦ ਭੋਜਨ ਖਾਣਾ ਜ਼ਰੂਰੀ ਹੈ। ਪਰ, ਕੀ ਤੁਸੀਂ ਜਾਣਦੇ ਹੋ ਕਿ ਤੁਸੀਂ ਕੀ ਖਾ ਰਹੇ ਹੋ, ਇਹ ਉਸ ਸਮੇਂ ਨਾਲੋਂ ਜ਼ਿਆਦਾ ਮਾਇਨੇ ਰੱਖਦਾ ਹੈ ਜਦੋਂ ਤੁਸੀਂ ਇਸਨੂੰ ਖਾ ਰਹੇ ਹੋ। ਜੇਕਰ ਤੁਸੀਂ ਗਲਤ ਸਮੇਂ 'ਤੇ ਅਤੇ ਗਲਤ ਤਰੀਕੇ ਨਾਲ ਸਿਹਤਮੰਦ ਚੀਜ਼ਾਂ ਵੀ ਖਾਂਦੇ ਹੋ, ਤਾਂ ਇਹ ਤੁਹਾਡੀ ਸਿਹਤ ਨੂੰ ਲਾਭ ਪਹੁੰਚਾਉਣ ਦੀ ਬਜਾਏ ਨੁਕਸਾਨ ਪਹੁੰਚਾ ਸਕਦਾ ਹੈ। ਅਜਿਹੀ ਸਥਿਤੀ ਵਿੱਚ ਖਾਣੇ ਦੇ ਸਮੇਂ ਵੱਲ ਧਿਆਨ ਦੇਣਾ ਵੀ ਬਹੁਤ ਜ਼ਰੂਰੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਸਹੀ ਸਮੇਂ 'ਤੇ ਖਾਧਾ ਗਿਆ ਖਾਣਾ ਤੁਹਾਡੇ ਲਈ ਦਵਾਈ ਵਾਂਗ ਕੰਮ ਕਰ ਸਕਦਾ ਹੈ। ਇਸ ਦੇ ਨਾਲ ਹੀ, ਗਲਤ ਸਮੇਂ 'ਤੇ ਖਾਣਾ ਖਾਣ ਨਾਲ ਸਰੀਰ ਵਿੱਚ ਜ਼ਹਿਰੀਲੇ ਪਦਾਰਥ ਪੈਦਾ ਹੁੰਦੇ ਹਨ। ਭੋਜਨ ਵਿੱਚ ਸਿਹਤਮੰਦ ਚੀਜ਼ਾਂ ਸ਼ਾਮਲ ਕਰਨ ਦੇ ਨਾਲ, ਇਹ ਵੀ ਜ਼ਰੂਰੀ ਹੈ ਕਿ ਤੁਸੀਂ ਉਨ੍ਹਾਂ ਨੂੰ ਸਹੀ ਸਮੇਂ 'ਤੇ ਖਾਓ। ਆਓ ਮਾਹਰ ਤੋਂ ਖਾਣੇ ਦੇ ਸਮੇਂ ਨਾਲ ਜੁੜੇ ਕੁਝ ਅਜਿਹੇ ਰਾਜ਼ ਜਾਣਦੇ ਹਾਂ, ਜੋ ਪਾਚਨ ਕਿਰਿਆ ਨੂੰ ਬਿਹਤਰ ਬਣਾਉਣ ਅਤੇ ਤੁਹਾਨੂੰ ਸਿਹਤਮੰਦ ਰੱਖਣ ਵਿੱਚ ਮਦਦ ਕਰ ਸਕਦੇ ਹਨ।

**ਸਿਹਤਮੰਦ ਰਹਿਣ ਲਈ ਖਾਣੇ ਦੇ ਸਮੇਂ ਨਾਲ ਜੁੜੀਆਂ ਇਨ੍ਹਾਂ ਗੱਲਾਂ ਨੂੰ ਧਿਆਨ 'ਚ ਰੱਖੋ**

ਮਾਹਿਰਾਂ ਦਾ ਕਹਿਣਾ ਹੈ ਕਿ ਸੂਰਜ ਡੁੱਬਣ ਤੋਂ ਬਾਅਦ ਨਾ ਖਾਓ। ਇਸ ਸਮੇਂ ਖਾਧਾ ਗਿਆ ਭੋਜਨ ਪਚਣ ਵਿੱਚ ਸਮਾਂ ਲੈਂਦਾ ਹੈ ਅਤੇ ਸਰੀਰ ਵਿੱਚ ਜ਼ਹਿਰੀਲੇ ਪਦਾਰਥ ਪੈਦਾ ਕਰ ਸਕਦਾ ਹੈ।

ਦਰਅਸਲ ਸੂਰਜ ਡੁੱਬਣ ਤੋਂ ਬਾਅਦ ਯਾਨੀ ਸ਼ਾਮ 6-7 ਵਜੇ ਤੋਂ ਬਾਅਦ, ਸਾਡੀ ਪਾਚਨ ਕਿਰਿਆ ਹੌਲੀ ਹੋ ਜਾਂਦੀ ਹੈ ਅਤੇ ਇਸ ਲਈ ਇਸ ਸਮੇਂ ਖਾਧਾ ਗਿਆ ਭੋਜਨ ਸਹੀ ਢੰਗ ਨਾਲ ਪਚਦਾ ਨਹੀਂ ਹੈ।

ਤੁਹਾਨੂੰ ਸੂਰਜ ਡੁੱਬਣ ਤੋਂ 1-2 ਘੰਟੇ ਦੇ ਅੰਦਰ ਨਾਸ਼ਤਾ ਕਰਨਾ ਚਾਹੀਦਾ ਹੈ। ਇਹ ਸਰੀਰ ਨੂੰ ਕੁਦਰਤੀ ਊਰਜਾ ਦੇਣ ਅਤੇ ਸਰੀਰ ਦੀ ਤਾਲ ਬਣਾਈ ਰੱਖਣ ਲਈ ਜ਼ਰੂਰੀ ਹੈ। ਦੁਪਹਿਰ 12-1 ਵਜੇ ਦੇ ਵਿਚਕਾਰ ਦੁਪਹਿਰ ਦਾ ਖਾਣਾ ਖਾਓ। ਇਸ ਸਮੇਂ ਸਾਡੀ ਪਾਚਨ ਕਿਰਿਆ ਸਭ ਤੋਂ ਮਜ਼ਬੂਤ ਹੁੰਦੀ ਹੈ ਅਤੇ ਭੋਜਨ ਚੰਗੀ ਤਰ੍ਹਾਂ ਪਚ ਜਾਂਦਾ ਹੈ।

ਤੁਹਾਨੂੰ ਭਾਰੀ ਨਾਸ਼ਤਾ ਸਵੇਰੇ ਤੇ ਦੁਪਹਿਰ ਨੂੰ ਖਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਰਾਤ ਦਾ ਖਾਣਾ ਹਲਕਾ ਖਾਓ। ਜਦੋਂ ਤੁਸੀਂ ਅਗਲੇ ਦਿਨ ਸੂਰਜ ਡੁੱਬਣ ਅਤੇ ਸੂਰਜ ਚੜ੍ਹਨ ਦੇ ਵਿਚਕਾਰ ਕੁਝ ਨਹੀਂ ਖਾਂਦੇ, ਤਾਂ ਇਹ ਪਾਚਨ ਕਿਰਿਆ ਨੂੰ ਮਜ਼ਬੂਤ ਬਣਾਉਂਦਾ ਹੈ ਅਤੇ ਸਰੀਰ ਆਪਣੇ ਆਪ ਨੂੰ ਠੀਕ ਕਰਨ ਦੇ ਯੋਗ ਹੁੰਦਾ ਹੈ। ਇਸ ਤਰ੍ਹਾਂ ਦਾ ਵਰਤ ਸਰੀਰ ਨੂੰ ਡੀਟੌਕਸ ਕਰਨ ਅਤੇ ਅੰਦਰ ਚੱਲ ਰਹੀ ਕਿਸੇ ਵੀ ਸਮੱਸਿਆ ਨੂੰ ਠੀਕ ਕਰਨ ਦਾ ਮੌਕਾ ਦਿੰਦਾ ਹੈ।

**ਮਾੜੇ ਕੋਲੈਸਟ੍ਰੋਲ ਨੂੰ ਘਟਾਉਣ ਲਈ ਵਰਤ ਰੱਖੋ**

ਜੇਕਰ ਖਾਣ-ਪੀਣ ਦਾ ਸਮਾਂ ਸਹੀ ਨਹੀਂ ਹੈ, ਤਾਂ ਤੁਹਾਨੂੰ ਪੇਟ ਫੁੱਲਣਾ, ਗੈਸ, ਬਦਹਜ਼ਮੀ, ਥਕਾਵਟ ਅਤੇ ਸਰੀਰ ਵਿੱਚ ਜ਼ਰੂਰੀ ਪੌਸ਼ਟਿਕ ਤੱਤਾਂ ਦੀ ਘਾਟ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਦੇ ਨਾਲ ਹੀ, ਖਾਣੇ ਦੇ ਸਮੇਂ ਨਾਲ ਜੁੜੀਆਂ ਇਨ੍ਹਾਂ ਗੱਲਾਂ ਨੂੰ ਧਿਆਨ ਵਿੱਚ ਰੱਖਣ ਨਾਲ, ਤੁਹਾਡੀ ਪਾਚਨ ਕਿਰਿਆ ਵਿੱਚ ਸੁਧਾਰ ਹੋਵੇਗਾ, ਭਾਰ ਘੱਟ ਹੋਵੇਗਾ ਅਤੇ ਸਰੀਰ ਵਿੱਚ ਊਰਜਾ ਬਣੀ ਰਹੇਗੀ।

# ਸਿਸਟਮ ਸੁਧਾਰਨ ਵਾਲੇ ਆਪ ਦੇ ਲੀਡਰ ਹੁਣ ਜ਼ਮੀਨਾਂ ਕਿਉਂ ਹੜੱਪਣ ਲੱਗੇ

**ਦਵਿੰਦਰ ਸ਼ਰਮਾ**

ਕੁਝ ਸਾਲ ਪਹਿਲਾਂ 'ਇੰਡੀਆ ਅਗੇਂਸਟ ਕਰੱਪਸ਼ਨ' ਦੇ ਮੁੱਢਲੇ ਸਾਲਾਂ ਦੌਰਾਨ ਅਰਵਿੰਦ ਕੇਜਰੀਵਾਲ ਨੇ ਮੈਨੂੰ ਆਪਣੇ ਸਾਥੀ ਮਨੀਸ਼ ਸਿਸੋਦੀਆ ਦੀ ਬਣਾਈ ਦਸਤਾਵੇਜ਼ੀ ਫਿਲਮ 'ਹਿਵੜੇ ਬਾਜ਼ਾਰ' ਦੇਖਣ ਲਈ ਪ੍ਰੇਰਿਆ। ਇਹ ਫਿਲਮ ਮਹਾਰਾਸ਼ਟਰ ਦੇ ਅਹਿਮਦਨਗਰ ਜ਼ਿਲ੍ਹੇ ਵਿੱਚ ਸਾਧਾਰਨ ਜਿਹੇ ਪਿੰਡ ਹਿਵੜੇ ਬਾਜ਼ਾਰ ਬਾਰੇ ਹੈ ਜੋ ਹੈਰਤਅੰਗੇਜ਼ ਤਬਦੀਲੀ ਕਰ ਕੇ ਸੁਰਖ਼ੀਆਂ ਵਿੱਚ ਆਉਂਦਾ ਹੈ। ਫਿਲਮ ਦਿਖਾਉਂਦੀ ਹੈ ਕਿ ਕਿਵੇਂ ਸੋਕੇ ਦੀ ਮਾਰ ਝੱਲਣ ਵਾਲਾ ਪਿੰਡ, ਗ੍ਰਾਮ ਸਭਾ ਦੀ ਸਮੂਹਿਕ ਫ਼ੈਸਲੇ ਕਰਨ ਦੇ ਸਵੈ-ਸ਼ਾਸਨ ਉੱਪਰ ਟੇਕ ਰੱਖ ਕੇ ਆਦਰਸ਼ ਪਿੰਡ ਬਣ ਕੇ ਉਭਰਦਾ ਹੈ। 1989 ਵਿੱਚ ਇਸ ਪਿੰਡ ਦੀ ਔਸਤ ਬਾਲਗ ਆਮਦਨ ਸਿਰਫ਼ 8000 ਰੁਪਏ ਹੈ ਜੋ 2012-13 ਵਿੱਚ ਕਈ ਗੁਣਾ ਵਧ ਕੇ 28000 ਰੁਪਏ ਹੋ ਜਾਂਦੀ ਹੈ। ਸਰਬਪੱਖੀ ਵਿਕਾਸ ਦਾ ਇਹ ਸ਼ਾਨਦਾਰ ਮਾਡਲ ਮੁੱਖ ਤੌਰ 'ਤੇ ਲੋਕਾਂ ਦੀ ਭਾਗੀਦਾਰੀ ਉੱਪਰ ਆਧਾਰਿਤ ਹੈ ਜੋ ਅੰਤ ਨੂੰ 54 ਕਰੋੜਪਤੀ ਪੈਦਾ ਕਰ ਦਿੰਦਾ ਹੈ।

ਹੈਰਾਨੀ ਦੀ ਗੱਲ ਨਹੀਂ ਕਿ ਇਹ ਸਭ ਤੋਂ ਵੱਧ ਜੀਡੀਪੀ ਵਾਲਾ ਪਿੰਡ ਬਣ ਜਾਂਦਾ ਹੈ। ਜੀਡੀਪੀ ਨਾਲੋਂ ਵੱਧ ਅਹਿਮ ਇਹ ਗੱਲ ਹੈ ਕਿ ਇਹ ਗ਼ਰੀਬੀ ਅਤੇ ਮਹਿਰੂਮੀ ਦੇ ਸਾਰੇ ਲੱਛਣਾਂ ਜਿਵੇਂ ਸ਼ਰਾਬਨੋਸ਼ੀ, ਬਿਮਾਰੀ ਦਾ ਪਸਾਰ, ਮਾੜੀ ਸਿੱਖਿਆ ਆਦਿ ਤੋਂ ਖਹਿੜਾ ਛੁਡਾ ਕੇ ਅਗਾਂਹ ਵਧਦਾ ਹੈ। ਪਿੰਡ ਵਿੱਚ ਉਲਟ ਪਰਵਾਸ ਵੀ ਦੇਖਣ ਨੂੰ ਮਿਲਦਾ ਹੈ। ਜਦੋਂ ਪਿੰਡ ਅਜਿਹਾ ਆਰਥਿਕ ਮੋੜਾ ਕੱਟਦਾ ਹੈ ਤਾਂ ਜਿਹੜੇ ਲੋਕ ਪਿੰਡ ਛੱਡ ਕੇ ਜਾ ਚੁੱਕੇ ਹਨ, ਉਹ ਵਾਪਸ ਆਉਣ ਬਾਰੇ ਸੋਚਣ ਲੱਗਦੇ ਹਨ।

ਨੌਂ ਕੁ ਸਾਲ ਪਹਿਲਾਂ ਮੈਂ ਬਹੁਤ ਹੈਰਾਨ ਹੋਇਆ ਜਦੋਂ ਕੇਜਰੀਵਾਲ ਨੇ ਇੱਕ ਹੋਰ ਯੂਟਿਊਬ ਸ਼ੋਅ 'ਤੇ ਹਿਵੜੇ ਬਾਜ਼ਾਰ ਦੀ ਕਹਾਣੀ 'ਸਟੋਰੀ ਆਫ ਹਿਵੜੇ ਬਾਜ਼ਾਰ ਬਾਇ ਅਰਵਿੰਦ ਕੇਜਰੀਵਾਲ' ਬਿਆਨ ਕੀਤੀ। ਉਹ ਚਾਹੁੰਦੇ ਹਨ ਕਿ ਪਿੰਡ ਦੇ ਬੇਮਿਸਾਲ ਸਰਪੰਚ ਪੋਪਟ ਲਾਲ ਦਾ ਮਾਰਗ ਪੱਧਰਾ ਕਰਨ ਵਾਲੀ ਆਰਥਿਕ ਸੋਚ ਨੂੰ ਦੇਸ਼ ਦੇ ਸਮੁੱਚੇ 7 ਲੱਖ ਪਿੰਡਾਂ 'ਚ ਅਪਣਾਇਆ ਜਾਵੇ। ਤੁਸੀਂ ਸਿਰਫ ਉਸ ਨੂੰ ਸੁਣੋ ਤੇ ਮਹਿਸੂਸ ਕਰੋ ਕਿ ਕਿਵੇਂ ਕੇਜਰੀਵਾਲ ਨੇ ਪੇਂਡੂ ਖ਼ੁਸ਼ਹਾਲੀ ਲਿਆਉਣ ਦਾ ਪਾਰਸ ਲੱਭਿਆ ਸੀ। ਉਹ ਨਵੇਂ ਪੰਜਾਬ ਦੀ ਸਿਰਜਣਾ ਦੀ ਵੀ ਗੱਲ ਕਰਦੇ ਹਨ ਤੇ ਆਖਦੇ ਹਨ ਕਿ ਜਦੋਂ ਵੀ 'ਆਪ' ਨੂੰ ਮੌਕਾ ਮਿਲੇਗਾ ਤਾਂ ਹਿਵੜੇ ਬਾਜ਼ਾਰ ਦੀ ਕਹਾਣੀ ਖੇਤੀ ਪੱਖੋਂ ਉਨਤ ਸੂਬੇ ਵਿੱਚ ਲਾਗੂ ਕੀਤੀ ਜਾਵੇਗੀ ਪਰ ਪੰਜਾਬ ਵਿੱਚ 'ਆਪ' ਦੀ ਸਰਕਾਰ ਬਣਨ ਤੋਂ ਬਾਅਦ ਇਹ ਸਭ ਕੁਝ ਭੁੱਲ ਭੁਲਾ ਗਿਆ।

'ਆਪ' ਨੂੰ ਪੰਜਾਬ ਵਿੱਚ ਜਿਸ ਕਦਰ ਬੇਮਿਸਾਲ ਚੁਣਾਵੀ ਫ਼ਤਵਾ ਹਾਸਿਲ ਹੋਇਆ ਸੀ, ਉਸ ਦੇ ਮੱਦੇਨਜ਼ਰ ਇਸ ਕੋਲ ਅਜਿਹਾ ਮੌਕਾ ਜ਼ਰੂਰ ਸੀ। ਕੁੱਲ 117 ਸੀਟਾਂ ਵਿੱਚੋਂ 'ਆਪ' ਨੂੰ 92 ਸੀਟਾਂ ਮਿਲੀਆਂ ਜਿਸ ਨਾਲ ਇਸ ਕੋਲ ਵਿਕਾਸ ਦੇ ਹਿਵੜੇ ਬਾਜ਼ਾਰ ਦਾ ਵਿਲੱਖਣ ਖ਼ਾਕਾ ਅਪਣਾ ਕੇ ਭਵਿੱਖੀ ਮਾਰਗ ਮੁੜ ਵਿਉਂਤਣ ਦੇ ਢੁਕਵੇਂ ਹਾਲਾਤ ਮੌਜੂਦ ਸਨ ਜੋ ਪੰਜਾਬ ਦੇ ਨਵੇਂ ਉਭਾਰ ਨੂੰ ਦਰਸਾਉਂਦੇ ਹੋਣ। ਖੇਤੀ ਸੂਬਾ ਹੋਣ ਦੇ ਨਾਤੇ ਪੰਜਾਬ ਕੋਲ ਉਹ ਸਾਰੀ ਸਮੱਗਰੀ ਮੌਜੂਦ ਹੈ ਜੋ ਆਰਥਿਕ ਅਤੇ ਵਾਤਾਵਰਨਕ ਤੌਰ 'ਤੇ ਖੁਸ਼ਹਾਲ ਦਿਹਾਤੀ ਸੂਬੇ ਦੇ ਰੂਪ ਵਿੱਚ ਉੱਭਰਨ ਲਈ ਦਰਕਾਰ ਹੈ।

ਲੀਡਰਸ਼ਿਪ ਖ਼ੁਦ ਉਸ ਗੱਲ 'ਤੇ ਵਿਸ਼ਵਾਸ ਕਰਨ ਵਿੱਚ ਨਾਕਾਮ ਰਹੀ ਹੈ ਜੋ ਉਹ ਵਾਰ-ਵਾਰ ਸਾਨੂੰ ਦੱਸਦੀ ਰਹੀ ਹੈ। ਸ਼ੁਰੂਆਤ ਕਰਨ ਲਈ ਪੰਜਾਬ ਨੂੰ ਯਕੀਨੀ ਤੌਰ 'ਤੇ ਫ਼ਸਲੀ ਵੰਨ-ਸਵੰਨਤਾ ਦੀ ਲੋੜ ਸੀ ਜਿਸ ਨਾਲ ਕਣਕ-ਝੋਨੇ ਦੇ ਮੁੱਖ ਫ਼ਸਲੀ ਚੱਕਰ ਨੂੰ ਬਦਲਿਆ ਜਾ ਸਕੇ, ਪਰ ਲੈਂਡ ਪੂਲਿੰਗ ਉਹ ਵੰਨ-ਸਵੰਨਤਾ ਨਹੀਂ ਸੀ ਜਿਸ ਨੂੰ ਪੰਜਾਬ ਤਲਾਸ਼ ਰਿਹਾ ਸੀ। ਅਸਲ ਵਿੱਚ, ਲੈਂਡ ਪੂਲਿੰਗ ਨੀਤੀ ਨੀਤੀਘਾੜਿਆਂ ਜਿਸ ਵਿੱਚ ਮੌਜੂਦਾ ਤੇ ਰਸੂਖ਼ਵਾਨ



ਸੇਵਾਮੁਕਤ ਨੌਕਰਸ਼ਾਹੀ ਸ਼ਾਮਿਲ ਹੈ, ਦੇ ਬੌਧਿਕ ਸੋਕੇ ਨੂੰ ਦਰਸਾਉਂਦੀ ਹੈ। ਕੁਝ ਮਹੀਨੇ ਪਹਿਲਾਂ ਪੰਜਾਬ ਯੂਨੀਵਰਸਿਟੀ ਵਿੱਚ ਇੱਕ ਨੀਤੀ ਸੰਵਾਦ ਦੌਰਾਨ ਸੇਵਾਮੁਕਤ ਨੌਕਰਸ਼ਾਹਾਂ ਨੂੰ ਖੇਤੀਬਾੜੀ ਦੀ ਕੀਮਤ 'ਤੇ ਤੇਜ਼ੀ ਨਾਲ ਸਨਅਤੀਕਰਨ ਦਾ ਸਮਰਥਨ ਕਰਦਿਆਂ ਸੁਣਨਾ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ।

ਜੇ ਸੋਕੇ ਵਾਲਾ ਪਿੰਡ 54 ਕਰੋੜਪਤੀ ਪੈਦਾ ਕਰਨ ਦਾ ਦਾਅਵਾ ਕਰ ਸਕਦਾ ਹੈ ਤਾਂ ਸੋਚੋ, ਪੰਜਾਬ ਦੇ 12 ਹਜ਼ਾਰ ਤੋਂ ਵੱਧ ਪਿੰਡ ਜਿੱਥੇ ਪਹਿਲਾਂ ਹੀ 98 ਫ਼ੀਸਦੀ ਸਿੰਜਾਈ ਸਹੂਲਤ ਹੈ, ਅਸਾਨੀ ਨਾਲ ਕਰੋੜਪਤੀ ਪੈਦਾ ਕਰ ਸਕਦੇ ਹਨ। ਜੇ ਪਾਣੀ ਨੂੰ ਪਿੰਡ ਦੇ ਵਿਕਾਸ ਦੀ ਧੁਨੀ ਦੇ ਰੂਪ ਵਿੱਚ ਵਰਤਿਆ ਜਾ ਸਕਦਾ ਹੈ ਤਾਂ ਪੰਜਾਬ ਯਕੀਨਨ ਇਸ ਲਿਹਾਜ਼ ਤੋਂ ਬਹੁਤ ਅੱਗੇ ਹੈ। ਇਸ ਲਈ ਯਕੀਨਨ ਸੱਜਰੀ ਅਤੇ ਕਲਪਨਾਸ਼ੀਲ ਸੋਚ ਦੀ ਲੋੜ ਹੈ ਜਿਸ ਦਾ ਵਡੇਰਾ ਖ਼ਾਕਾ ਪਹਿਲਾਂ ਹੀ ਉਪਲੱਬਧ ਹੈ ਪਰ ਇਸ ਨੂੰ ਆਰਾਮ ਨਾਲ ਠੰਢੇ ਬਸਤੇ ਵਿੱਚ ਸੁੱਟ ਕੇ 'ਆਪ' ਨੇ ਵੱਡਾ ਮੌਕਾ ਗੁਆ ਲਿਆ; ਤੇ ਹੁਣ ਸਿਸੋਦੀਆ ਦੇ ਆਪਣੇ ਪਾਰਟੀ ਵਰਕਰਾਂ ਨੂੰ ਨਵੇਂ ਸ਼ਬਦ ਸੁਣਨ ਨੂੰ ਮਿਲ ਰਹੇ ਹਨ: "2027 ਦੀਆਂ ਚੋਣਾਂ ਜਿਤਾਉਣ ਲਈ ਸਾਮ, ਦਾਮ, ਦੰਡ, ਭੇਦ; ਸੱਚ, ਝੂਠ; ਸਵਾਲ, ਜਵਾਬ; ਲੜਾਈ, ਝਗੜਾ ਜੋ ਵੀ ਕਰਨਾ ਪਵੇ, ਕਰਾਂਗੇ।।। ਤਿਆਰ ਹੋ।" ਇਉਂ ਹੁਣ ਸਾਫ਼ ਹੋ ਗਿਆ ਹੈ ਕਿ ਲੈਂਡ ਪੂਲਿੰਗ ਨੀਤੀ ਐਵੇਂ ਨਹੀਂ ਲਿਆਂਦੀ ਗਈ ਸੀ।

ਮੇਰੀ ਨਾਰਾਜ਼ਗੀ ਇਹ ਵੀ ਹੈ ਕਿ ਸਿਆਸੀ

ਪੰਜਾਬ ਵਿੱਚ ਸਿਰਫ਼ ਆਮ ਆਦਮੀ ਪਾਰਟੀ ਹੀ ਨਹੀਂ; ਦੇਸ਼ ਭਰ ਵਿੱਚ ਸਾਰੇ ਰੰਗਾਂ ਦੀਆਂ ਸਿਆਸੀ ਪਾਰਟੀਆਂ ਜ਼ਮੀਨ ਹੜੱਪ ਰਹੀਆਂ ਹਨ। ਹਰਿਆਣਾ ਆਉਣ ਵਾਲੀਆਂ 6 ਨਵੀਆਂ ਏਕੀਕ੍ਰਿਤ ਮਲਟੀਮੋਡਲ ਟਾਊਨਸ਼ਿਪਾਂ ਲਈ 35,000 ਏਕੜ ਜ਼ਮੀਨ ਪ੍ਰਾਪਤ ਕਰਨ ਦੀ ਯੋਜਨਾ ਬਣਾ ਰਿਹਾ ਹੈ। ਕਰਨਾਟਕ ਵਿੱਚ ਸਾਢੇ ਤਿੰਨ ਸਾਲ ਚੱਲੇ ਕਿਸਾਨਾਂ ਦੇ ਲੰਮੇ ਅੰਦੋਲਨ ਤੋਂ ਬਾਅਦ ਮੁੱਖ ਮੰਤਰੀ ਨੇ ਬੰਗਲੁਰੂ ਦੇ ਆਸ-ਪਾਸ ਦੇਵਨਹੱਲੀ ਤਾਲੁਕਾ ਵਿੱਚ 13 ਪਿੰਡਾਂ ਤੱਕ ਫੈਲੀ 1,777 ਏਕੜ ਖੇਤੀ ਜ਼ਮੀਨ ਗ੍ਰਹਿਣ ਕਰਨ ਦਾ ਫ਼ੈਸਲਾ ਵਾਪਸ ਲੈ ਲਿਆ ਹੈ। ਇਸੇ ਤਰ੍ਹਾਂ ਹੋਰ ਥਾਵਾਂ 'ਤੇ ਹੋ ਰਿਹਾ ਹੈ।

ਇਸ ਨੂੰ ਭਾਵੇਂ ਕੋਈ ਵੀ ਨਾਂ ਦਿ , 164 ਪਿੰਡਾਂ ਵਿੱਚ ਲਗਭਗ 65,553 ਏਕੜ ਜ਼ਮੀਨ ਗ੍ਰਹਿਣ ਕਰਨਾ ਉਹ ਵੰਨ-ਸਵੰਨਤਾ ਨਹੀਂ ਸੀ ਜਿਸ ਦੀ ਪੰਜਾਬ ਨੂੰ ਲੋੜ ਸੀ। ਇਹ ਜ਼ਮੀਨ ਹੜੱਪਣ ਤੋਂ ਇਲਾਵਾ ਕੁਝ ਨਹੀਂ ਸੀ। ਕਿਸਾਨ ਜਥੇਬੰਦੀਆਂ ਨੇ ਇਸ ਨੀਤੀ ਦਾ ਸਖ਼ਤ ਵਿਰੋਧ ਕੀਤਾ, ਜਿਸ 'ਚ ਟਰੈਕਟਰ ਰੈਲੀਆਂ ਅਤੇ ਕਈ ਪਿੰਡਾਂ ਵਿੱਚ 'ਆਪ' ਨੇਤਾਵਾਂ ਨੂੰ 'ਵੜਨ ਨਾ ਦੇਣ' ਦੇ ਨੋਟਿਸ ਬੋਰਡ ਤੇ ਬੈਨਰ ਲਾਉਣਾ ਸ਼ਾਮਿਲ ਸੀ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਲੈਂਡ ਪੂਲਿੰਗ ਨੀਤੀ 'ਤੇ ਚਾਰ ਹਫ਼ਤਿਆਂ ਦੀ ਰੋਕ ਲਾਉਣ ਤੋਂ ਬਾਅਦ ਪੰਜਾਬ ਸਰਕਾਰ ਨੇ ਇਹ ਨੁਕਸਾਨਦੇਹ ਨੀਤੀ ਵਾਪਸ ਲੈਣ ਦਾ ਫ਼ੈਸਲਾ ਵੱਡੀ ਰਾਹਤ ਵਜੋਂ ਸਾਹਮਣੇ ਆਇਆ। ਯਾਦ ਰਹੇ, ਅਦਾਲਤ ਨੇ ਇਹ ਜ਼ਿਕਰ ਵੀ ਕੀਤਾ ਸੀ ਕਿ ਜੋ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਹੈ, ਉਹ ਬਹੁਤ ਉਪਜਾਊ ਤੇ ਸਾਲਾਨਾ ਦੋ ਫ਼ਸਲਾਂ ਦੇਣ ਵਾਲੀ ਹੈ, ਜਿਸ ਦਾ ਮਤਲਬ ਹੈ ਕਿ ਇਸ ਨੂੰ ਸਿਰਫ਼ ਵਿਰਲੇ ਮਾਮਲਿਆਂ ਵਿੱਚ ਹੀ ਐਕੁਆਇਰ ਕੀਤਾ ਜਾ ਸਕਦਾ ਹੈ ਅਤੇ ਇਸ ਲਈ ਇਹ ਨੀਤੀ ਜ਼ਮੀਨ ਗ੍ਰਹਿਣ ਕਾਨੂੰਨ-2013 ਦੀਆਂ ਤਜਵੀਜ਼ਾਂ ਦੇ ਖ਼ਿਲਾਫ਼ ਹੈ।

ਇਸ ਵਿਚ ਭਾਰਤ ਮਾਲਾ ਹਾਈਵੇਅ ਪ੍ਰਾਜੈਕਟ ਲਈ ਹੜੱਪੀ ਜਾ ਰਹੀ ਜ਼ਮੀਨ ਨੂੰ ਵੀ ਜੋੜੋ, ਜਿੱਥੇ ਹਰ 10 ਕਿਲੋਮੀਟਰ ਜਾਂ ਇਸ ਤੋਂ ਵੱਧ ਦੂਰੀ 'ਤੇ ਫੂਡ ਕੋਰਟ ਬਣਾਏ ਜਾ ਰਹੇ ਹਨ। ਇਉਂ ਉਪਜਾਊ ਜ਼ਮੀਨ ਤੇਜ਼ੀ ਨਾਲ ਖ਼ਤਮ ਹੋ ਰਹੀ ਹੈ। ਸਾਡੇ ਸਿਆਸੀ ਆਗੂ ਅਤੇ ਨੀਤੀ ਘਾੜੇ ਇਸ ਗੱਲ ਤੋਂ ਸਬਕ ਕਿਉਂ ਨਹੀਂ ਲੈਂਦੇ ਕਿ ਚੀਨ ਨੇ 12 ਕਰੋੜ ਹੈਕਟੇਅਰ ਉਪਜਾਊ ਜ਼ਮੀਨ 'ਤੇ 'ਲਾਲ ਲਕੀਰ' ਕਿਵੇਂ ਖਿੱਚੀ ਹੈ, ਜਿਸ ਦੀ ਉਸ ਨੂੰ ਭਵਿੱਖ ਵਿੱਚ ਭੋਜਨ ਸੁਰੱਖਿਆ ਯਕੀਨੀ ਬਣਾਉਣ ਲਈ ਹਿਫਾਜ਼ਤ ਕਰਨ ਦੀ ਲੋੜ ਹੈ। ਭਾਰਤ ਵਿੱਚ ਦੂਰਅੰਦੇਸ਼ੀ ਵਾਲੇ ਨੇਤਾ ਕਦੋਂ ਪੈਦਾ ਹੋਣਗੇ ਜੋ ਪੰਜਾਬ ਨੂੰ ਉਸ ਭੂਮਿਕਾ ਲਈ ਬਚਾ ਸਕਣ ਜੋ ਇਸ ਨੂੰ ਭਵਿੱਖ ਵਿੱਚ ਮੁੜ ਨਿਭਾਉਣ ਲਈ ਕਿਹਾ ਜਾ ਸਕਦਾ ਹੈ- ਜਲਵਾਯੂ ਅਸਥਿਰਤਾ ਦੇ ਸਮੇਂ ਭੁੱਖੇ ਰਾਸ਼ਟਰ ਨੂੰ ਮੁੜ ਭੋਜਨ ਉਪਲਬਧ ਕਰਾਉਣਾ?

ਕਿਸੇ ਵੀ ਤਰ੍ਹਾਂ ਸੱਤਾ 'ਚ ਰਹਿਣ ਲਈ 'ਸਾਮ, ਦਾਮ, ਦੰਡ, ਭੇਦ' ਦੀ ਨੀਤੀ ਨੂੰ ਅਗਲਾ ਰਾਹ ਬਣਾਉਣ ਦੀ ਬਜਾਏ, ਭਗਵੰਤ ਮਾਨ ਸਰਕਾਰ ਤੋਂ ਪੰਜਾਬ ਨੂੰ ਉਮੀਦ ਸੀ ਕਿ ਇਹ ਪਿੰਡਾਂ ਨੂੰ ਬਦਲਣ ਦੇ ਬੀਜ ਬੀਜੇਗੀ, ਜਿਸ ਨਾਲ ਹਜ਼ਾਰਾਂ ਫੁੱਲਾਂ ਨੂੰ ਖਿੜਨ ਦਾ ਮੌਕਾ ਮਿਲਦਾ। ਪੰਜਾਬ ਨੂੰ ਯਕੀਨੀ ਤੌਰ 'ਤੇ ਸੁਚੱਜੀਆਂ ਨੀਤੀਆਂ ਦੀ ਲੋੜ ਹੈ, ਨਾ ਕਿ ਇਸ ਦੇ ਕੀਮਤੀ ਜ਼ਮੀਨੀ ਸਰੋਤਾਂ ਨੂੰ ਵੇਚਣ ਦੀ, ਤਾਂ ਜੋ ਸੁੰਗੜਦੀ ਸਭਿਅਤਾ ਨੂੰ ਹਕੀਕੀ ਖ਼ਾਤਮੇ ਤੋਂ ਬਚਾਇਆ ਜਾ ਸਕੇ।

# ਸਰਕਾਰਾਂ ਦੀ ਬਦਇੰਤਜ਼ਾਮੀ ਦੇ ਕਾਰਨ ਡੁੱਬਿਆ ਹੈ ਪੰਜਾਬ

**ਦੀਪਰਤਨ ਸਿੰਘ ਖਟੜਾ ਅਤੇ ਅਨਮੋਲ ਰਤਨ ਸਿੰਘ**

ਪੰਜਾਬ ਨੂੰ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਦੱਖਣ ਏਸ਼ੀਆ 'ਚ ਖੇਤੀ ਸਬੰਧੀ ਤਬਦੀਲੀਆਂ ਦੀ ਗੰਭੀਰਤਾ ਨੂੰ ਉਜਾਗਰ ਕਰਦੀ ਹੈ। ਵਾਰ-ਵਾਰ ਆਉਣ ਵਾਲੇ ਹੜ੍ਹ ਕਾਫ਼ੀ ਵੱਡੇ ਇਲਾਕੇ 'ਚ ਮਾਰ ਕਰ ਰਹੇ ਹਨ, ਜਿਸ ਨਾਲ ਜਾਇਦਾਦ, ਪਸ਼ੂਆਂ ਤੇ ਰੋਜ਼ੀ-ਰੋਟੀ ਦਾ ਨੁਕਸਾਨ ਹੋ ਰਿਹਾ ਹੈ। ਪੁਖ਼ਤਾ ਸਬੂਤ ਗਵਾਹੀ ਭਰਦੇ ਹਨ ਕਿ ਇਹ ਹੜ੍ਹ ਸਿਰਫ਼ ਕੁਦਰਤੀ ਘਟਨਾਵਾਂ ਨਹੀਂ, ਸਗੋਂ ਕਮਜ਼ੋਰ ਬੁਨਿਆਦੀ ਢਾਂਚੇ, ਮਾੜੇ ਸੰਸਥਾਈ ਪ੍ਰਬੰਧਾਂ ਅਤੇ ਕਿਰਿਆਸ਼ੀਲ ਯੋਜਨਾਬੰਦੀ ਦੀ ਥਾਂ ਪ੍ਰਤੀਕਿਰਿਆਸ਼ੀਲ ਰਾਹਤ ਉੱਤੇ ਨਿਰਭਰਤਾ ਦਾ ਨਤੀਜਾ ਹਨ।

ਹਾਲੀਆ ਹੜ੍ਹ ਅਤੇ ਮੁੱਖ ਮੰਤਰੀ ਦਾ ਵਿਸ਼ੇਸ਼ ਗਿਰਦਾਵਰੀ (ਨੁਕਸਾਨ ਦਾ ਮੁਲਾਂਕਣ) ਦਾ ਐਲਾਨ ਇਸ ਗੱਲ ਨੂੰ ਸਿਆਸੀ ਮਾਨਤਾ ਦੇਣ ਵਰਗਾ ਹੈ ਕਿ ਪੰਜਾਬ ਵਿੱਚ ਹੜ੍ਹਾਂ ਨੂੰ ਕਦੇ-ਕਦਾਈਂ ਆਉਣ ਵਾਲੀ ਆਫ਼ਤ ਵਜੋਂ ਨਹੀਂ ਦੇਖਿਆ ਜਾ ਸਕਦਾ। ਇਸ ਦੀ ਬਜਾਏ ਇਸ ਨੂੰ ਢਾਂਚਾਗਤ ਖ਼ਤਰਾ ਸਮਝਿਆ ਜਾਣਾ ਚਾਹੀਦਾ ਹੈ, ਜੋ ਸੂਬੇ ਦੇ ਆਰਥਿਕ ਮਾਡਲ ਅਤੇ ਵਾਤਾਵਰਨ ਤੰਤਰ 'ਚ ਡੂੰਘਾ ਵੜਿਆ ਹੋਇਆ ਹੈ। ਇਹ ਮਾਨਤਾ ਰਾਜਨੀਤੀ ਵਿੱਚ ਤਬਦੀਲੀ ਦਾ ਵੀ ਸੰਕੇਤ ਦਿੰਦੀ ਹੈ, ਜੋ ਥੋੜ੍ਹੇ ਸਮੇਂ ਦੀ ਰਾਹਤ ਤੋਂ ਹਟ ਕੇ ਇਹ ਮੰਨਣ ਵੱਲ ਵਧ ਰਹੀ ਹੈ ਕਿ ਹੜ੍ਹਾਂ 'ਤੇ ਲਗਾਤਾਰ ਧਿਆਨ ਦੇਣ ਦੀ ਲੋੜ ਹੈ। ਵਿਆਪਕ ਪੱਧਰ 'ਤੇ, ਇਹ ਹੜ੍ਹਾਂ ਨੂੰ ਕੁਦਰਤੀ ਘਟਨਾਵਾਂ ਵਜੋਂ ਨਹੀਂ, ਸਗੋਂ ਢਾਂਚਾਗਤ ਅਸਰਾਂ ਵਜੋਂ ਮੁੜ ਪਰਿਭਾਸ਼ਿਤ ਕਰਦਾ ਹੈ ਜੋ ਵਾਤਾਵਰਨ ਸਬੰਧੀ ਅਮਲਾਂ, ਖੇਤੀਬਾੜੀ ਅਤੇ ਸੰਸਥਾਈ ਪ੍ਰਬੰਧਾਂ ਦੇ ਆਪਸੀ ਸਬੰਧਾਂ ਦਾ ਨਤੀਜਾ ਹਨ।

ਇਤਿਹਾਸਕ ਰਿਕਾਰਡ ਉਨ੍ਹਾਂ ਆਧਾਰਾਂ ਤੇ ਪ੍ਰਸੰਗਾਂ ਬਾਰੇ ਸਪੱਸ਼ਟ ਕਰਦੇ ਹਨ ਜੋ ਪੰਜਾਬ 'ਚ ਹੜ੍ਹ ਦੇ ਖ਼ਤਰਿਆਂ ਦੇ ਪੈਮਾਨੇ ਅਤੇ ਲਗਾਤਾਰਤਾ ਨੂੰ ਦਰਸਾਉਂਦੇ ਹਨ। ਸਾਲ 1988 ਦਾ ਹੜ੍ਹ ਸੂਬੇ ਦੇ ਆਜ਼ਾਦੀ ਤੋਂ ਬਾਅਦ ਦੇ ਇਤਿਹਾਸ ਦੀਆਂ ਸਭ ਤੋਂ ਮਹੱਤਵਪੂਰਨ, ਜਲ ਵਿਗਿਆਨ ਨਾਲ ਸਬੰਧਿਤ ਘਟਨਾਵਾਂ ਵਿੱਚੋਂ ਇੱਕ ਸੀ। ਮੌਨਸੂਨ ਦੀ ਜ਼ੋਰਦਾਰ ਬਾਰਿਸ਼ ਅਤੇ ਡੈਮਾਂ ਵਿੱਚੋਂ ਐਮਰਜੈਂਸੀ ਨਿਕਾਸ ਨਾਲ ਸ਼ੁਰੂ ਹੋਏ ਇਸ ਹੜ੍ਹ ਨੇ ਕਈ ਜ਼ਿਲ੍ਹਿਆਂ ਵਿੱਚ ਵਿਆਪਕ ਤਬਾਹੀ ਮਚਾਈ ਅਤੇ ਵੱਡੇ ਪੱਧਰ 'ਤੇ ਇਹ ਖੇਤੀਬਾੜੀ ਅਤੇ ਬੁਨਿਆਦੀ ਢਾਂਚੇ ਦੇ ਵਿਗਾੜ ਦੀ ਮਿਸਾਲ ਬਣ ਗਿਆ। 1993 ਵਿੱਚ ਇੱਕ ਹੋਰ ਵੱਡੇ ਹੜ੍ਹ ਨੇ ਇੱਕ ਵਾਰ ਫਿਰ ਫ਼ਸਲਾਂ, ਬਸਤੀਆਂ ਅਤੇ ਸਥਾਨਕ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਾਇਆ ਤੇ ਨਾਲ ਹੀ ਖ਼ਤਰੇ ਦੇ ਦੁਹਰਾਅ ਵਾਲੇ ਚਰਿੱਤਰ ਨੂੰ ਹੋਰ ਮਜ਼ਬੂਤ ਕੀਤਾ। 2023 ਵਾਲੇ ਹੜ੍ਹ ਨੇ ਕਈ ਜ਼ਿਲ੍ਹਿਆਂ ਵਿੱਚ ਹਜ਼ਾਰਾਂ ਲੋਕਾਂ ਨੂੰ ਉਜਾੜਿਆ; ਉਦੋਂ ਜਾਨੀ ਨੁਕਸਾਨ ਬਹੁਤ ਘੱਟ ਹੋਇਆ ਸੀ, ਜੋ ਵੇਲੇ ਸਿਰ ਮਿਲੀਆਂ ਤਕਨੀਕੀ ਚਿਤਾਵਨੀਆਂ ਅਤੇ ਸਮੇਂ ਨਾਲ ਨਿਕਾਸੀ ਪ੍ਰਕਿਰਿਆਵਾਂ 'ਚ ਹੋਏ ਸੁਧਾਰਾਂ ਨੂੰ ਦਰਸਾਉਂਦਾ ਹੈ। 1980 ਅਤੇ 2024 ਦੇ ਵਿਚਕਾਰ ਪੰਜਾਬ ਵਿੱਚ ਹੜ੍ਹਾਂ ਨੇ ਲਗਭਗ 1.3 ਕਰੋੜ ਲੋਕਾਂ ਨੂੰ ਪ੍ਰਭਾਵਿਤ ਕੀਤਾ; 4,64,000 ਵਰਗ ਕਿਲੋਮੀਟਰ ਤੋਂ ਵੱਧ ਜ਼ਮੀਨ ਨੂੰ ਪਾਣੀ ਵਿੱਚ ਡੁਬੋਇਆ; ਲਗਭਗ 8,04,000 ਘਰਾਂ ਨੂੰ ਨੁਕਸਾਨ ਪਹੁੰਚਾਇਆ; 2,500 ਤੋਂ ਵੱਧ ਲੋਕਾਂ ਦੀ ਮੌਤ ਹੋਈ ਅਤੇ ਲਗਭਗ 18,000 ਪਸ਼ੂਆਂ ਦੀ ਜਾਨ ਵੀ ਗਈ। ਇਹ ਵਿਆਪਕ ਤਬਾਹੀ ਇਸ ਤੱਥ ਨੂੰ ਉਜਾਗਰ ਕਰਦੀ ਹੈ ਕਿ ਪੰਜਾਬ ਵਿੱਚ ਹੜ੍ਹਾਂ ਨੂੰ ਹਲਕੀਆਂ-ਫੁਲਕੀਆਂ ਘਟਨਾਵਾਂ ਦੱਸ ਕੇ ਖਾਰਜ ਨਹੀਂ ਕੀਤਾ ਜਾ ਸਕਦਾ, ਬਲਕਿ ਇਹ ਸਥਾਈ ਚੁਣੌਤੀ ਨੂੰ ਦਰਸਾਉਂਦੇ ਹਨ।

ਜ਼ਿਲ੍ਹਾ ਪੱਧਰੀ ਉਦਾਹਰਨਾਂ ਹੜ੍ਹ ਦੇ ਜੋਖ਼ਿਮ ਦੇ ਇੱਕ ਹੋਰ ਵੰਨ-ਸਵੰਨੇ ਪਹਿਲੂ ਨੂੰ ਸਾਹਮਣੇ ਲਿਆਉਂਦੀਆਂ ਹਨ। 1980 ਤੋਂ 2024 ਦਰਮਿਆਨ ਪੰਜਾਬ ਦੇ ਪਾਣੀ ਵਿੱਚ ਡੁੱਬੇ ਕੁੱਲ ਖੇਤਰ ਦਾ 27 ਪ੍ਰਤੀਸ਼ਤ ਹਿੱਸਾ ਪਟਿਆਲਾ ਜ਼ਿਲ੍ਹੇ ਵਿੱਚ ਸੀ ਅਤੇ ਮਰੇ ਪਸ਼ੂਆਂ ਵਿੱਚੋਂ 38 ਪ੍ਰਤੀਸ਼ਤ ਇਸ ਜ਼ਿਲ੍ਹੇ ਦੇ ਹੀ ਸਨ। ਇਸ ਦੇ ਉਲਟ ਕਪੂਰਥਲਾ ਜ਼ਿਲ੍ਹੇ ਵਿੱਚ ਮੁਕਾਬਲਤਨ ਛੋਟਾ ਹਿੱਸਾ ਡੁੱਬਿਆ ਪਰ 7,33,000 ਤੋਂ ਵੱਧ ਘਰ ਤਬਾਹ ਹੋਏ, ਜੋ ਰਾਜ ਵਿੱਚ ਕੁੱਲ ਘਰਾਂ ਦੇ ਨੁਕਸਾਨ ਦਾ 91 ਪ੍ਰਤੀਸ਼ਤ ਹੈ। ਇਹ ਤੱਥ ਦਰਸਾਉਂਦੇ ਹਨ ਕਿ ਖ਼ਤਰਾ ਪੈਦਾ ਕਰਨ 'ਚ ਮਕਾਨਾਂ ਅਤੇ ਆਬਾਦੀ ਦੇ ਸਰੂਪ ਦੀ ਭੂਮਿਕਾ ਕਿੰਨੀ ਜ਼ਿਆਦਾ ਹੈ। ਹੈਰਾਨੀ ਦੀ ਗੱਲ ਹੈ ਕਿ ਆਬਾਦੀ ਦਾ ਉਜਾੜਾ ਇਨ੍ਹਾਂ ਫੇਰਬਦਲਾਂ ਨੂੰ ਹੋਰ ਉਭਾਰਦਾ ਹੈ। ਜਲੰਧਰ ਵਿੱਚ 25 ਲੱਖ ਤੋਂ ਵੱਧ ਲੋਕ ਹੜ੍ਹ ਤੋਂ ਪ੍ਰਭਾਵਿਤ ਦਰਜ ਕੀਤੇ ਗਏ, ਜਿਸ ਤੋਂ ਬਾਅਦ ਪਟਿਆਲਾ ਦਾ ਨੰਬਰ ਸੀ ਜਿੱਥੇ ਇਹ ਅੰਕੜਾ 24 ਲੱਖ ਤੋਂ ਕੁਝ ਵੱਧ ਸੀ। ਹੜ੍ਹਾਂ ਨਾਲ ਸਬੰਧਿਤ ਮੌਤ ਦਰ ਅੰਮ੍ਰਿਤਸਰ ਵਿੱਚ ਅਸਪੱਸ਼ਟ ਰੂਪ 'ਚ ਵੱਧ ਸੀ, ਜਿੱਥੋਂ ਲਗਭਗ 1,500 ਮੌਤਾਂ ਰਿਪੋਰਟ ਹੋਈਆਂ, ਜੋ ਇਸ ਸਮੇਂ ਦੌਰਾਨ ਪੰਜਾਬ ਵਿੱਚ ਕੁੱਲ ਮੌਤਾਂ ਦਾ 59 ਪ੍ਰਤੀਸ਼ਤ ਬਣਦਾ ਹੈ।

ਪਟਿਆਲਾ ਦੇ ਮੁਕਾਬਲੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਪਾਣੀ ਨਾਲ ਘੱਟ ਖੇਤਰ ਹੀ ਡੁੱਬਿਆ ਸੀ, ਪਰ ਇਸ ਦੀ ਮੌਤ ਦਰ 15 ਗੁਣਾ ਵੱਧ ਸੀ। ਇਹ ਅੰਤਰ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਮਨੁੱਖੀ ਜਾਨੀ ਨੁਕਸਾਨ ਦੇ ਪੈਮਾਨੇ ਨੂੰ ਸਿਰਫ਼ ਜਲ ਵਿਗਿਆਨ ਨਾਲ ਜੁੜੇ ਜੋਖ਼ਿਮ ਤੈਅ ਨਹੀਂ ਕਰਦੇ, ਬਲਕਿ ਤਿਆਰੀ ਦੇ ਪੱਧਰਾਂ, ਨਿਕਾਸੀ ਰੂਟਾਂ ਦੀ ਉਪਲਬਧਤਾ, ਸੰਚਾਰ ਦੀ ਪ੍ਰਭਾਵਸ਼ੀਲਤਾ ਅਤੇ ਹੜ੍ਹਾਂ ਦੌਰਾਨ ਸਿਹਤ ਪ੍ਰਣਾਲੀਆਂ ਦੀ ਸਮਰੱਥਾ ਦਾ ਵੀ ਇਸ ਵਿੱਚ ਰੋਲ ਹੁੰਦਾ ਹੈ।

ਜਲਵਾਯੂ ਤਬਦੀਲੀ ਪੰਜਾਬ ਵਿੱਚ ਹੜ੍ਹਾਂ ਦੀ ਚੁਣੌਤੀ ਵਿੱਚ ਨਵੀਂ ਪਰਤ ਜੋੜਦੀ ਹੈ। ਮੌਨਸੂਨ ਵਧੇਰੇ ਅਨਿਸ਼ਚਿਤ ਹੋ ਗਏ ਹਨ ਅਤੇ ਅਚਾਨਕ ਮੋਹਲੇਧਾਰ ਮੀਂਹ ਹੜ੍ਹ ਦਾ ਕਾਰਨ ਬਣ ਜਾਂਦਾ ਹੈ। ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਦੇ ਹੋਰ ਵਧਣ ਦਾ ਖ਼ਦਸ਼ਾ ਹੈ, ਜਿਸ ਨਾਲ ਪੇਂਡੂ ਅਤੇ ਸ਼ਹਿਰੀ ਖੇਤਰਾਂ ਨੂੰ ਵੱਧ ਖ਼ਤਰੇ ਦਾ ਸਾਹਮਣਾ ਕਰਨਾ ਪਵੇਗਾ। ਪੰਜਾਬ ਵਿੱਚ ਹੜ੍ਹਾਂ ਦਾ ਖ਼ਤਰਾ ਇੱਕੋ ਵੇਲੇ ਹੋ ਰਹੀਆਂ ਦੋ ਪ੍ਰਕਿਰਿਆਵਾਂ ਕਾਰਨ ਬਣਿਆ ਹੈ। ਪੇਂਡੂ ਖੇਤਰਾਂ ਵਿੱਚ ਕੰਢੇ ਤੋੜਦੇ ਦਰਿਆ ਅਤੇ ਟੁੱਟੀਆਂ ਨਹਿਰਾਂ ਖੇਤਾਂ ਨੂੰ ਭਰ ਦਿੰਦੀਆਂ ਹਨ, ਜਿਸ ਨਾਲ ਫ਼ਸਲਾਂ, ਪਸ਼ੂਆਂ ਤੇ ਪਿੰਡ ਦੇ ਬੁਨਿਆਦੀ ਢਾਂਚੇ ਨੂੰ ਨੁਕਸਾਨ ਹੁੰਦਾ ਹੈ। ਸ਼ਹਿਰੀ ਖੇਤਰਾਂ ਵਿੱਚ, ਤੇਜ਼ ਮੀਂਹ ਨਾਲ ਡਰੇਨਾਂ ਤੇ ਪੱਕੀ ਸਤਹਿ ਉੱਤੇ ਦਬਾਅ ਵਧਦਾ ਹੈ, ਜਿਸ ਨਾਲ ਲੰਮੇ ਸਮੇਂ ਤੱਕ ਪਾਣੀ ਭਰਿਆ ਰਹਿੰਦਾ ਹੈ ਜੋ ਰੋਜ਼ਾਨਾ ਜੀਵਨ ਅਤੇ ਕੰਮ-ਕਾਰ ਤੇ ਕਾਰੋਬਾਰ ਵਿੱਚ ਵਿਘਨ ਪਾਉਂਦਾ ਹੈ। ਗ਼ੈਰ-ਯੋਜਨਾਬੱਧ ਸ਼ਹਿਰੀਕਰਨ ਦੇ ਵਿਸਥਾਰ ਨੇ ਕੁਦਰਤੀ ਨਿਕਾਸੀ ਘਟਾ ਕੇ ਖ਼ਤਰੇ ਨੂੰ ਹੋਰ ਤਿੱਖਾ ਕਰ ਦਿੱਤਾ ਹੈ, ਕਿਉਂਕਿ ਵਧ ਤੋਂ ਵੱਧ ਖੇਤਰ ਕੰਕਰੀਟ ਨਾਲ ਢਕਿਆ ਜਾ ਰਿਹਾ ਹੈ, ਇਸ ਨਾਲ ਪਾਣੀ ਵਾਰ-ਵਾਰ ਭਰਦਾ ਹੈ।

ਵਾਰ-ਵਾਰ ਆਉਂਦੇ ਹੜ੍ਹ ਪੰਜਾਬ ਵਿੱਚ ਲਗਾਤਾਰ ਚੁਣੌਤੀ ਬਣੇ ਹੋਏ ਹਨ, ਜਿਹੜੇ ਸਾਲ-ਦਰ-ਸਾਲ ਖੇਤੀਬਾੜੀ, ਵਸੇਬ ਅਤੇ ਬੁਨਿਆਦੀ ਢਾਂਚੇ ਨੂੰ ਵਿਗਾੜਦੇ ਹਨ। ਇਹ ਹੜ੍ਹ ਸਿਰਫ਼ ਕੁਦਰਤੀ ਘਟਨਾਵਾਂ ਨਹੀਂ, ਸਗੋਂ ਕਮਜ਼ੋਰ ਬੁਨਿਆਦੀ ਢਾਂਚੇ, ਅਣਵਿਉਂਤੇ ਵਿਕਾਸ ਅਤੇ ਮਾੜੇ ਪ੍ਰਬੰਧਾਂ ਦਾ ਨਤੀਜਾ ਹਨ। ਇਹ ਪੈਟਰਨ ਦੱਸਦਾ ਹੈ ਕਿ ਕਿਵੇਂ ਵਾਤਾਵਰਨ ਨਾਲ ਜੁੜੀਆਂ ਸਰਗਰਮੀਆਂ ਸਰਕਾਰੀ ਇੰਤਜ਼ਾਮਾਂ 'ਤੇ ਭਾਰੀ ਪੈ ਜਾਂਦੀਆਂ ਹਨ, ਮੀਂਹ ਤੇ ਨਦੀਆਂ ਦੇ ਵਹਾਅ ਨੂੰ ਆਫ਼ਤਾਂ ਵਿਚ ਬਦਲ ਦਿੰਦੀਆਂ ਹਨ, ਜਦਕਿ ਇਨ੍ਹਾਂ ਨੂੰ ਸੰਭਾਲਣ ਦੀ ਕਾਬਲੀਅਤ ਵਿਕਸਤ ਹੋਣੀ ਚਾਹੀਦੀ ਹੈ।

ਵੱਖ-ਵੱਖ ਜ਼ਿਲ੍ਹਿਆਂ ਵਿੱਚ ਹੜ੍ਹਾਂ ਦਾ ਪੈਮਾਨਾ ਅਤੇ ਤੀਬਰਤਾ ਵਿਚਲਾ ਅੰਤਰ ਦਰਸਾਉਂਦਾ ਹੈ ਕਿ ਸਿੱਟਿਆਂ ਨੂੰ ਸਿਰਫ਼ ਭੌਤਿਕ ਖ਼ਤਰਿਆਂ ਦੁਆਰਾ ਨਹੀਂ ਸਮਝਾਇਆ ਜਾ ਸਕਦਾ। ਤਿਆਰੀ ਦਾ ਪੱਧਰ, ਪ੍ਰਬੰਧਾਂ ਦੀ ਮਜ਼ਬੂਤੀ ਅਤੇ ਸਮਾਜਿਕ ਪ੍ਰਣਾਲੀਆਂ ਦੀ ਲਚਕ, ਨੁਕਸਾਨ ਜਾਂ ਨੁਕਸਾਨ ਤੋਂ ਬਚਾ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਜੇਕਰ ਪੰਜਾਬ ਇਸ ਚੱਕਰ ਨੂੰ ਤੋੜਨਾ ਚਾਹੁੰਦਾ ਹੈ ਤਾਂ ਹੜ੍ਹਾਂ ਦੀ ਮਾਰ ਵਾਲੇ ਇਲਾਕਿਆਂ ਨੂੰ ਸਖ਼ਤ ਜ਼ੋਨਿੰਗ ਦੇ ਨਾਲ ਸਾਂਝੇ ਸਰੋਤ ਮੰਨਣਾ ਪਏਗਾ, ਬੰਨ੍ਹਾਂ ਤੇ ਡਰੇਨਾਂ ਦੀ ਨਿਯਮਤ ਜਾਂਚ ਕਰਨੀ ਪਏਗੀ ਅਤੇ ਅਗਾਊਂ ਚਿਤਾਵਨੀ ਵਾਲੇ ਤੰਤਰ ਨੂੰ ਸਿਹਤ ਤੇ ਆਫ਼ਤ ਫੰਡਾਂ ਨਾਲ ਜੋੜਨਾ ਪਏਗਾ ਤਾਂ ਕਿ ਜੋਖ਼ਿਮ ਵੰਡਿਆ ਜਾਵੇ। ਇਸ ਤੋਂ ਘੱਟ ਕੁਝ ਵੀ, ਹਰ ਸੀਜ਼ਨ ਵਿੱਚ ਉਸੇ ਦੁਖਾਂਤ ਨੂੰ ਦੁਹਰਾਉਂਦਾ ਰਹੇਗਾ।

# ਕੀ ਕਦੇ ਏਲੀਅਨਜ਼ ਧਰਤੀ 'ਤੇ ਆਏ ਸਨ

ਰਾਤ ਨੂੰ ਤਾਰਿਆਂ ਨਾਲ ਭਰੇ ਅਸਮਾਨ ਵੱਲ ਦੇਖੋ ਅਤੇ ਫ਼ਿਰ ਆਪਣੇ ਆਪ ਤੋਂ ਪੁੱਛੋ, ਕੀ ਅਸੀਂ ਸੱਚਮੁੱਚ ਇੱਕ ਇੰਨੇ ਵਿਸ਼ਾਲ ਬ੍ਰਹਿਮੰਡ ਵਿੱਚ ਇਕੱਲੇ ਹਾਂ ਜਿਸਨੂੰ ਪੂਰੀ ਤਰ੍ਹਾਂ ਸਮਝਿਆ ਨਹੀਂ ਜਾ ਸਕਦਾ? ਸ਼ਾਇਦ ਨਹੀਂ। ਧਰਤੀ ਅਰਬਾਂ ਹੋਰ ਥਾਵਾਂ ਦੇ ਵਿਸ਼ਾਲ ਸਮੁੰਦਰ ਵਿੱਚ ਇੱਕ ਛੋਟਾ ਜਿਹਾ ਸਥਾਨ ਹੈ, ਇਸ ਜਾਂ ਕਿਸੇ ਹੋਰ ਆਕਾਸ਼ੀ ਇਲਾਕੇ ਵਿੱਚ ਅਸੀਂ ਇਕੱਲੇ ਜੀਵਨ ਕਿਵੇਂ ਹੋ ਸਕਦੇ ਹਾਂ?

ਸਵਾਲ ਹੈ ਕਿ ਅਸੀਂ ਧਰਤੀ ਵਰਗੇ ਸੰਪੂਰਨ ਨਿਯੰਤ੍ਰਿਤ ਵਾਤਾਵਰਣ ਤੋਂ ਬਾਹਰ ਜੀਵਨ ਬਾਰੇ ਕੀ ਜਾਣਦੇ ਹਾਂ? ਬਹੁਤ ਸਾਰੇ



ਮਾਹਰ ਕਹਿੰਦੇ ਹਨ ਕਿ ਏਲੀਅਨਜ਼ ਦੀ ਹੋਂਦ ਦੇ ਠੋਸ ਸਬੂਤਾਂ ਤੋਂ ਬਿਨ੍ਹਾਂ ਵੀ ਸਾਨੂੰ ਇਹ ਸਿੱਟਾ ਕੱਢਣਾ ਪਵੇਗਾ ਕਿ ਉਹ ਮੌਜੂਦ ਹਨ। ਸਾਡੀ ਆਕਾਸ਼ਗੰਗਾ ਅੰਦਾਜ਼ਨ 200 ਅਰਬ ਗਲੈਕਸੀਆਂ ਵਿੱਚੋਂ ਇੱਕ ਹੈ ਅਤੇ ਇਸ ਵਿੱਚ ਤਕਰੀਬਨ 300 ਅਰਬ ਤਾਰੇ ਹਨ। ਸਾਡਾ ਆਪਣਾ ਤਾਰਾ ਸੂਰਜ ਧਰਤੀ ਉੱਤੇ ਜੀਵਨ ਦਾ ਮੁੱਖ ਸਰੋਤ ਹੈ।

ਪੁਲਾੜ ਵਿਗਿਆਨੀ ਡਾਕਟਰ ਮੈਗੀ ਐਡਰਿਨ ਪੋਕੌਕ ਕਹਿੰਦੇ ਹਨ,"ਸਾਨੂੰ ਪੂਰਾ ਯਕੀਨ ਹੈ ਕਿ ਇਹ ਮੌਜੂਦ ਹੈ।" "ਇਹ ਸਿਰਫ਼ ਇੱਕ ਅੰਕਾਂ ਦੀ ਖੇਡ ਹੈ। ਪਰ ਇਸ ਦੀ ਸੰਭਾਵਨਾ ਹੈ।" ਸਾਡੇ ਕੋਲ ਹੁਣ ਜੋ ਤਕਨਾਲੋਜੀ ਹੈ, ਉਹ ਸਾਨੂੰ ਇਨ੍ਹਾਂ ਬਾਹਰੀ ਗ੍ਰਹਿਆਂ ਦੀ ਵਿਸਥਾਰ ਨਾਲ ਜਾਂਚ ਕਰਨ ਦਾ ਰਾਹ ਦਿੰਦੀ ਹੈ। ਵਿਗਿਆਨੀ ਇਨ੍ਹਾਂ ਆਕਾਸ਼ੀ ਪਿੰਡਾਂ ਦੀ ਰਸਾਇਣਕ ਬਣਤਰ ਨੂੰ ਦੇਖਣ ਦੇ ਯੋਗ ਹਨ ਜੋ ਆਪਣੇ ਤਾਰਿਆਂ ਦੁਆਲੇ ਘੁੰਮ ਰਹੇ ਹਨ ਸ਼ਕਤੀਸ਼ਾਲੀ ਦੂਰਬੀਨਾਂ ਦੀ ਵਰਤੋਂ ਕਰਕੇ ਉਨ੍ਹਾਂ ਵਿੱਚੋਂ ਲੰਘਣ ਵਾਲੇ ਤਾਰਿਆਂ ਦੀ ਰੌਸ਼ਨੀ ਦੀ ਰਸਾਇਣਕ ਬਣਤਰ ਦੀ ਜਾਂਚ ਕਰ ਸਕਦੇ ਹਨ। ਇਸਨੂੰ ਸਪੈਕਟ੍ਰੋਸਕੋਪੀ ਕਿਹਾ ਜਾਂਦਾ ਹੈ।

ਮੁੱਖ ਗੱਲ ਇਹ ਹੈ ਕਿ ਧਰਤੀ ਦੇ ਸਮਾਨ ਰਸਾਇਣਕ ਰਚਨਾ ਲੱਭਣੀ ਯਾਨੀ ਵਾਤਾਵਰਣ ਕਿਤੇ ਹੋਰ ਮੌਜੂਦ ਹੈ, ਸ਼ਾਇਦ ਹਜ਼ਾਰਾਂ ਪ੍ਰਕਾਸ਼ ਸਾਲ ਦੂਰ ਜਿੱਥੇ ਸੰਭਾਵੀ ਤੌਰ 'ਤੇ ਸਾਡੇ ਵਾਂਗ ਜੀਵਨ ਹੋ ਸਕਦਾ ਹੈ। ਜੋ ਹੁਣ ਤੱਕ ਸੰਕੇਤ ਮਿਲੇ ਹਨ ਉਹ ਉਤਸ਼ਾਹਜਨਕ ਹਨ। ਯੂਨਾਈਟਿਡ ਕਿੰਗਡਮ ਦੀ ਮੈਨਚੈਸਟਰ ਯੂਨੀਵਰਸਿਟੀ ਤੋਂ ਖਗੋਲ ਭੌਤਿਕ ਵਿਗਿਆਨ ਦੇ ਪ੍ਰੋਫੈਸਰ ਟਿਮ 'ਬ੍ਰਾਇਨ ਕਹਿੰਦੇ ਹਨ, "ਅਸੀਂ ਅਜਿਹੇ ਸੈਂਕੜੇ ਗ੍ਰਹਿਆਂ ਬਾਰੇ ਜਾਣਦੇ ਹਾਂ ਜੋ ਸੰਭਾਵੀ ਤੌਰ 'ਤੇ ਰਹਿਣ ਯੋਗ ਹਨ।"

"ਇਹ ਨਿਸ਼ਚਿਤ ਹੈ ਕਿ ਅਸੀਂ ਅਗਲੇ ਦਹਾਕੇ ਤੱਕ ਜਾਂ ਇਸ ਤੋਂ ਥੋੜ੍ਹੇ ਵੱਧ ਸਮੇਂ ਵਿੱਚ ਇੱਕ ਅਜਿਹਾ ਗ੍ਰਹਿ ਲੱਭਣ ਜਾ ਰਹੇ ਹਾਂ ਜਿੱਥੇ ਜੀਵਨ ਦੇ ਸੰਭਾਵੀ ਸਬੂਤ ਮਿਲ ਸਕਦੇ ਹਨ।" ਇਸ ਤੋਂ ਵੀ ਵੱਧ ਉਤਸ਼ਾਹਜਨਕ ਸਬੂਤ ਧਰਤੀ ਉੱਤੇ ਮਿਲਦੇ ਹਨ।

**ਜੀਵਨ ਕਿੱਥੇ ਸੰਭਵ ਹੈ**

ਪ੍ਰੋਫੈਸਰ ਟਿਮ 'ਬ੍ਰਾਇਨ ਕਹਿੰਦੇ ਹਨ,"ਜੀਵਤ ਜੀਵ ਅਜਿਹੀਆਂ ਥਾਵਾਂ 'ਤੇ ਪਾਏ ਗਏ ਹਨ ਜਿਨ੍ਹਾਂ ਨੂੰ ਪਹਿਲਾਂ ਕਿਸੇ ਵੀ ਕਿਸਮ ਦੇ ਜੀਵਨ ਦੀ ਸੰਭਾਵਨਾ ਕਰਨੀ ਔਖੀ ਸਮਝੀ ਜਾਂਦੀ ਹੋਵੇ। ਅਜਿਹੀਆਂ ਥਾਵਾਂ ਜਿੱਥੇ ਸੂਰਜ ਦੀ ਰੌਸ਼ਨੀ ਜਾਂ ਗਰਮੀ ਦੀ ਪਹੁੰਚ ਨਹੀਂ ਹੈ, ਉਦਾਹਰਣ ਵਜੋਂ ਸਮੁੰਦਰਾਂ ਦੀਆਂ ਸਭ ਤੋਂ ਡੂੰਘੀਆਂ ਖਾਈਆਂ ਵਿੱਚ।" "ਪਹਿਲਾਂ, ਅਸੀਂ ਮੰਨਦੇ ਸੀ ਕਿ ਜੀਵਨ ਸਿਰਫ਼ ਉਸ ਗ੍ਰਹਿ 'ਤੇ ਹੀ ਮੌਜੂਦ ਹੋ ਸਕਦਾ ਹੈ ਜੋ ਆਪਣੇ ਸਥਾਨਕ ਤਾਰੇ ਤੋਂ ਇੱਕ ਨਿਸ਼ਚਿਤ ਦੂਰੀ 'ਤੇ ਹੋਵੇ (ਇਸ ਲਈ ਇਸ ਵਿੱਚ ਰੇਡੀਏਸ਼ਨ ਦਾ ਪੱਧਰ ਸਹੀ ਹੋਵੇ)।" ਧਰਤੀ ਵਾਂਗ ਜੀਵਨ ਹੋਰ ਥਾਵਾਂ ਉੱਤੇ ਵੀ ਹੋ ਸਕਦਾ ਹੈ, ਕਦੀ ਅਸੀਂ ਸੋਚਿਆ ਵੀ ਨਹੀਂ ਸੀ ਕਿ ਇਹ ਸੰਭਵ ਹੈ। ਪਰ ਹੁਣ ਸਾਨੂੰ ਸੰਭਾਵਨਾ ਨਜ਼ਰ ਆਉਂਦੀ ਹੈ ਕਿ ਚੰਦਰਮਾ ਅਤੇ ਸਿਰਫ਼ ਗ੍ਰਹਿ ਹੀ ਨਹੀਂ ਹੋਰ ਗ੍ਰਹਿ ਵੀ ਹਨ ਜੋ ਜੀਵਨ ਦਾ ਸਮਰਥਨ ਕਰਨ ਦੇ ਯੋਗ ਹੋ ਸਕਦੇ ਹਨ।"

ਇਸਦਾ ਮਤਲਬ ਇਹ ਨਹੀਂ ਹੈ ਕਿ ਉਹ ਹਮੇਸ਼ਾਂ ਦੀ ਤਰ੍ਹਾਂ ਧਰਤੀ ਦੇ ਹਰੇ ਜੀਵਾਂ ਵਰਗੇ ਦਿਖਾਈ ਦਿੰਦੇ ਹਨ। ਬਸ ਇਹ ਕਿ ਉੱਥੇ ਜੀਵਨ ਸੰਭਵ ਹੈ ਅਤੇ ਜਿਉਂਦੇ ਰਹਿਣ ਦੇ ਯੋਗ ਹੈ। ਮਾਹਰ ਚੇਤਾਵਨੀ ਦਿੰਦੇ ਹਨ ਕਿ ਭਾਵੇਂ ਇਸ ਗੱਲ ਦੀ ਸੰਭਾਵਨਾ ਬਹੁਤ ਜ਼ਿਆਦਾ ਹੈ ਕਿ ਬਾਹਰ ਜੀਵਨ ਹੈ, ਫਿਰ ਵੀ ਇਹ ਜਾਣਨਾ ਮੁਸ਼ਕਲ ਹੈ। ਸ਼ਾਇਦ ਫ਼ਿਲਹਾਲ ਲਈ ਅਸੰਭਵ ਹੈ ਕਿ ਕੀ ਇਹ ਜੀਵਨ ਵੀ ਮਨੁੱਖੀ ਦਿਮਾਗ ਵਾਂਗ ਚੱਲਦਾ ਹੈ। ਪ੍ਰੋਫੈਸਰ 'ਬ੍ਰਾਇਨ ਕਹਿੰਦੇ ਹਨ, "ਧਰਤੀ ਉੱਤੇ ਜੀਵਨ ਦੇ ਜ਼ਿਆਦਾਤਰ ਇਤਿਹਾਸ ਲਈ ਇਹ ਬਹੁਤ ਹੀ ਸਾਦਾ ਜੀਵਨ ਸੀ। ਦਰਅਸਲ, ਇਹ ਅਰਬਾਂ ਸਾਲਾਂ ਤੋਂ ਬੈਕਟੀਰੀਆ ਦਾ ਜੀਵਨ ਸੀ।" ਅਤੇ ਇਹ ਅਚਾਨਕ ਵਾਪਰੀਆਂ ਘਟਨਾਵਾਂ ਦੀ ਇੱਕ ਲੜੀ ਸੀ ਜਿਸਨੇ ਸਾਡੇ ਗ੍ਰਹਿ 'ਤੇ ਬਹੁ-ਸੈਲੂਲਰ ਜੀਵਨ ਦਾ ਵਿਕਾਸ ਕੀਤਾ ਸੀ। ਏਲੀਅਨ ਜੀਵਨ ਦੇ ਸੰਪਰਕ ਵਿੱਚ ਆਉਣ ਲਈ ਇਸ ਨੂੰ ਸਰੀਰਕ ਤੌਰ 'ਤੇ ਅਤੇ ਤਕਨੀਕੀ ਤੌਰ 'ਤੇ ਉੱਨਤ ਹੋਣ ਦੀ ਲੋੜ ਹੈ।

ਤਾਂ, ਜੇਕਰ ਅਸੀਂ ਇਕੱਲੇ ਨਹੀਂ ਹਾਂ। ਤਾਂ ਕੀ ਇਸਦਾ ਮਤਲਬ ਇਹ ਹੈ ਕਿ ਸਾਨੂੰ ਏਲੀਅਨ ਜੀਵਨ ਦੀ ਫੇਰੀ ਦੀ ਉਮੀਦ ਕਰਨੀ ਚਾਹੀਦੀ ਹੈ? ਇਹ ਗੁੰਝਲਦਾਰ ਹੈ। ਇਹ ਵਿਸ਼ਵਾਸ ਕਰਨਾ ਔਖਾ ਹੈ ਕਿ ਕੋਈ ਵੀ ਜੀਵ ਕਦੇ ਵੀ ਉਸ ਬਿੰਦੂ 'ਤੇ ਨਹੀਂ ਪਹੁੰਚਿਆ ਜਿੱਥੇ ਉਹ ਤਾਰਿਆਂ ਵਿਚਕਾਰ ਦੂਰੀ ਤੈਅ ਕਰ ਸਕੇ। ਤਾਂ, ਜਿੱਥੋਂ ਤੱਕ ਅਸੀਂ ਦੱਸ ਸਕਦੇ ਹਾਂ, ਇਹ ਅਜੇ ਤੱਕ ਕਿਉਂ ਨਹੀਂ ਹੋਇਆ?

ਡਾ. ਐਡਰਿਨ-ਪੋਕੌਕ ਕਹਿੰਦੇ ਹਨ, "ਸਾਡੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਸਾਡੇ ਕੋਲ ਜੀਵਨ ਦੀ ਸਿਰਫ਼ ਇੱਕ ਹੀ ਉਦਾਹਰਣ ਹੈ ਅਤੇ ਉਹ ਹੈ ਇਸ ਗ੍ਰਹਿ 'ਤੇ ਜੀਵਨ।" ਪਰ ਇਹ ਸ਼ਾਇਦ ਬ੍ਰਹਿਮੰਡ ਵਿੱਚ ਕਿਤੇ ਹੋਰ ਜੀਵਨ ਲਈ ਇੱਕ ਬਲੂਪ੍ਰਿੰਟ ਨਹੀਂ ਹੈ। "ਉਦਾਹਰਣ ਲਈ ਡਾਕਟਰ ਐਡਰਿਨ ਪੋਕੌਕ ਕਹਿੰਦੇ ਹਨ, "ਜੇ ਤੁਸੀਂ ਕਿਸੇ ਅਜਿਹੇ ਤਾਰੇ ਦੇ ਨੇੜੇ ਰਹਿੰਦੇ ਹੋ ਜੋ ਕਾਫ਼ੀ ਸਰਗਰਮ ਹੈ, ਤਾਂ ਸ਼ਾਇਦ ਤੁਸੀਂ ਜ਼ਮੀਨ ਦੇ ਹੇਠਾਂ ਰਹਿ ਸਕਦੇ ਹੋ। ਇਸਦਾ ਮਤਲਬ ਇਹ ਨਹੀਂ ਹੈ ਕਿ ਜੀਵਨ ਬਾਹਰ ਨਹੀਂ ਹੈ ਪਰ ਹੋ ਸਕਦਾ ਹੈ ਕਿ ਤੁਹਾਡੇ ਕੋਲ ਸੰਚਾਰ ਦੇ ਸਾਧਨ ਨਾ ਹੋਣ ਕਿਉਂਕਿ ਤੁਸੀਂ ਸਤ੍ਹਾ ਦੇ ਹੇਠਾਂ ਰਹਿੰਦੇ ਹੋ।" ਜਾਂ ਇਹ ਸਿਰਫ਼ ਇਹ ਹੋ ਸਕਦਾ ਹੈ ਕਿ ਅਸੀਂ ਇੱਕੋ ਜਿਹੀ ਭਾਸ਼ਾ ਨਹੀਂ ਬੋਲਦੇ।

ਪ੍ਰੋਫੈਸਰ 'ਬ੍ਰਾਇਨ ਕਹਿੰਦੇ ਹਨ, "ਅਸੀਂ ਹੁਣ 1960 ਤੋਂ ਬਾਹਰੀ-ਧਰਤੀ ਸੱਭਿਅਤਾਵਾਂ ਤੋਂ ਸਿਗਨਲਾਂ ਨੂੰ ਸੁਣਨ ਲਈ ਰੇਡੀ ਟੈਲੀਸਕੋਪਾਂ ਦੀ ਵਰਤੋਂ ਕਰ ਰਹੇ ਹਾਂ।" "ਹਾਲਾਂਕਿ, ਬਹੁਤ ਸਾਰੇ ਵੱਖ-ਵੱਖ ਤਰੀਕਿਆਂ ਨਾਲ ਕੋਈ ਜੀਵ ਸੰਕੇਤ ਭੇਜ ਸਕਦਾ ਹੈ, ਅਸੀਂ ਕਦੇ ਵੀ ਕੁਝ ਵੀ ਵਾਪਸ ਨਹੀਂ ਸੁਣ ਸਕਦੇ।"

ਭਾਵੇਂ ਅਸੀਂ ਬ੍ਰਹਿਮੰਡ ਦੇ ਦੂਜੇ ਜੀਵਨ ਵਾਂਗ ਹੀ ਤਰੰਗ-ਲੰਬਾਈ 'ਤੇ ਹਾਂ, ਇਸ ਵਿੱਚ ਸ਼ਾਮਲ ਵਿਸ਼ਾਲ ਦੂਰੀਆਂ ਦਾ ਮਤਲਬ ਹੈ ਕਿ ਸੁਨੇਹੇ ਭੇਜਣ ਅਤੇ ਫਿਰ ਜਵਾਬ ਦੇਣ ਵਿੱਚ ਹਜ਼ਾਰਾਂ ਸਾਲ ਲੱਗ ਸਕਦੇ ਹਨ (ਸੋਚੋ ਕਿ ਜੇ ਪੁਰਾਣੇ ਜਮਾਨੇ ਵਾਂਗ ਚਿੱਠੀ ਜ਼ਰੀਏ ਸੰਪਰਕ ਕਰਨਾ ਹੋਵੇ ਤਾਂ ਹੁਣ ਇਹ ਅਸੰਭਵ ਤੌਰ 'ਤੇ ਹੌਲੀ ਜਾਪਦਾ ਹੈ)। ਕੈਲੀਫੋਰਨੀਆ ਯੂਨੀਵਰਸਿਟੀ ਬਰਕਲੇ ਵਿਖੇ ਸਥਿਤ ਇੱਕ ਨਵੇਂ ਪ੍ਰੋਜੈਕਟ 'ਬ੍ਰੇਕਥਰੂ ਲਿਸਨ' ਰਾਹੀਂ, ਵਿਗਿਆਨੀ ਦਸ ਲੱਖ ਨੇੜਲੇ ਤਾਰਿਆਂ ਦੀ ਖੋਜ ਕਰ ਰਹੇ ਹਨ, ਇਸ ਉਮੀਦ ਵਿੱਚ ਕਿ ਉਹ ਧਰਤੀ 'ਤੇ ਸੁਨੇਹੇ ਭੇਜਣ ਦੇ ਯੋਗ ਕਿਸੇ ਵੀ ਚੀਜ਼ ਨਾਲ ਕਿਤੇ ਸੰਚਾਰ ਕਰ ਸਕਣਗੇ।

ਉਹ ਉਨ੍ਹਾਂ ਤਾਰਿਆਂ ਨੂੰ ਵੀ ਦੇਖ ਰਹੇ ਹਨ ਜੋ ਸਾਡੀ ਆਕਾਸ਼ਗੰਗਾ ਦੇ ਵਿਚਕਾਰ 25,000 ਪ੍ਰਕਾਸ਼ ਸਾਲ ਦੂਰ ਹਨ। ਇਸਦਾ ਮਤਲਬ ਹੈ ਕਿ ਇਨ੍ਹਾਂ ਤਾਰਿਆਂ ਵਿੱਚੋਂ ਇੱਕ ਤੋਂ ਭੇਜੇ ਗਏ ਸੁਨੇਹੇ ਨੂੰ ਸਾਡੇ ਤੱਕ ਪਹੁੰਚਣ ਤੋਂ ਪਹਿਲਾਂ ਤਕਰੀਬਨ 25,000 ਸਾਲ ਦੀ ਯਾਤਰਾ ਕਰਨ ਦੀ ਲੋੜ ਹੋਵੇਗੀ। ਇਸ ਲਈ, ਜੇਕਰ ਏਲੀਅਨ ਜੀਵਨ ਬਾਹਰ ਹੈ, ਤਾਂ ਸਾਨੂੰ ਇਸ ਬਾਰੇ ਕੁਝ ਸੁਣਨ ਵਿੱਚ ਹਜ਼ਾਰਾਂ ਸਾਲ ਲੱਗ ਸਕਦੇ ਹਨ। ਨੇੜਲੇ ਭਵਿੱਖ ਵਿੱਚ ਵੀ ਵਿਸ਼ਾਲ ਦੂਰੀਆਂ 'ਤੇ ਅੰਤਰ-ਗਲੈਕਟਿਕ ਪੁਲਾੜ ਯਾਤਰਾ ਇੱਕ ਬਦਲ ਨਹੀਂ ਹੈ। ਅਸੀਂ ਪ੍ਰਕਾਸ਼ ਦੀ ਗਤੀ ਨਾਲ ਰੇਡੀ ਤਰੰਗਾਂ ਭੇਜਣ ਦੇ ਯੋਗ ਹਾਂ, ਪਰ ਇਹ ਸਿਰਫ਼ ਇੱਕ



ਰੇਡੀ ਤਰੰਗ ਹੈ, ਜੋ ਸਪੇਸ ਦੇ ਖਲਾਅ ਵਿੱਚੋਂ ਲੰਘਦੀ ਹੈ। ਹਾਲਾਂਕਿ, ਕਿਸੇ ਵੀ ਕਿਸਮ ਦਾ ਪੁਲਾੜ ਵਾਹਨ ਤਾਰਿਆਂ ਵਿਚਕਾਰ ਯਾਤਰਾ ਕਰਨ ਦੇ ਯੋਗ ਨਹੀਂ ਹੈ। ਜੇਕਰ ਅਸੀਂ ਭੌਤਿਕ ਪੁੰਜ ਨੂੰ ਈਥਰ ਵਿੱਚ ਭੇਜਣਾ ਚਾਹੁੰਦੇ ਹਾਂ, ਲੋਕਾਂ ਦੇ ਰੂਪ ਵਿੱਚ ਤਾਂ ਇਹ ਬਹੁਤ ਜ਼ਿਆਦਾ ਚੁਣੌਤੀਪੂਰਨ ਹੋ ਜਾਂਦਾ ਹੈ। ਅਤੇ ਜੇਕਰ ਸਾਡੀ ਸੱਭਿਅਤਾ ਅਜੇ ਤੱਕ ਅਜਿਹਾ ਕਰਨ ਦੇ ਯੋਗ ਨਹੀਂ ਹੈ, ਤਾਂ ਮਾਹਰ ਕਹਿੰਦੇ ਹਨ ਕਿ ਹੋ ਸਕਦਾ ਹੈ ਕਿ ਸਾਡੇ ਆਕਾਸ਼ੀ ਗੁਆਂਢੀ ਵੀ ਸ਼ਾਇਦ ਅਜਿਹਾ ਕਰਨ ਦੇ ਯੋਗ ਨਹੀਂ ਹਨ।

ਭਾਵੇਂ ਉਨ੍ਹਾਂ ਕੋਲ ਸਾਡੇ ਤੱਕ ਸਮੁੰਦਰੀ ਸਫ਼ਰ ਕਰਨ ਦੀ ਤਕਨਾਲੋਜੀ ਸੀ, ਸਾਨੂੰ ਇਸ ਸਪੱਸ਼ਟ ਸੰਭਾਵਨਾ 'ਤੇ ਵਿਚਾਰ ਕਰਨ ਦੀ ਲੋੜ ਹੈ ਕਿ ਉਹ ਸ਼ਾਇਦ ਅਜਿਹਾ ਨਾ ਕਰਨਾ ਚਾਹੁਣ। ਇਸ ਵਿੱਚ ਇੱਕ ਨਿਸ਼ਚਿਤ ਮਾਤਰਾ ਵਿੱਚ ਬ੍ਰਹਿਮੰਡੀ ਤੌਰ ਉੱਤੇ ਚੰਗਾ ਸਮਾਂ ਵੀ ਸ਼ਾਮਲ ਹੋਣਾ ਚਾਹੀਦਾ ਹੈ। ਇਹ ਯਾਦ ਰੱਖਣਾ ਸ਼ਾਇਦ ਔਖਾ ਹੈ ਕਿ ਸਾਡੀ ਸੱਭਿਅਤਾ ਅਸਲ ਵਿੱਚ ਧਰਤੀ 'ਤੇ ਕਿੰਨਾ ਘੱਟ ਸਮਾਂ ਰਹੀ ਹੈ। ਧਰਤੀ ਉੱਤੇ ਜੀਵਨ 3.5 ਅਰਬ ਸਾਲਾਂ ਤੋਂ ਵੱਧ ਸਮੇਂ ਤੋਂ ਮੌਜੂਦ ਹੈ, ਪਰ ਆਧੁਨਿਕ ਮਨੁੱਖ ਤਕਰੀਬਨ 300,000 ਸਾਲਾਂ ਤੋਂ ਹੀ ਇੱਥੇ ਰਹਿ ਸਕੇ ਹਨ। ਅਤੇ ਕਿਉਂਕਿ ਸੱਭਿਅਤਾਵਾਂ ਤੇਜ਼ੀ ਨਾਲ ਅਲੋਪ ਹੋ ਸਕਦੀਆਂ ਹਨ, ਸੰਪਰਕ ਲਈ ਸਾਧਨ ਘੱਟ ਹਨ।

ਸਾਨੂੰ ਪੱਕਾ ਪਤਾ ਨਹੀਂ ਹੈ ਕਿ ਕੀ ਏਲੀਅਨ ਕਦੇ ਸਾਡੇ ਪਲਾਂਟ 'ਤੇ ਆਏ ਸਨ, ਅਸੀਂ ਥੋੜ੍ਹੇ ਹੋਰ ਯਕੀਨ ਨਾਲ ਕਹਿ ਸਕਦੇ ਹਾਂ ਕਿ ਉਹ ਸ਼ਾਇਦ ਉਸ ਸਮੇਂ ਦੌਰਾਨ ਨਹੀਂ ਆਏ ਹੋਣਗੇ ਜਦੋਂ ਮਨੁੱਖ ਗ੍ਰਹਿ 'ਤੇ ਘੁੰਮ ਰਹੇ ਹਨ। ਡਾਕਟਰ ਐਡਰਿਨ ਪੋਕੌਕ ਕਹਿੰਦੇ ਹਨ, "ਜੇ ਸਾਡੀਆਂ ਸੱਭਿਅਤਾਵਾਂ ਇੱਕ ਦੂਜੇ ਨਾਲ ਸੰਪਰਕ ਤੱਕ ਨਹੀਂ ਪਹੁੰਚਦੀਆਂ, ਤਾਂ ਅਸੀਂ ਕਦੇ ਵੀ ਏਲੀਅਨਾਂ ਨੂੰ ਨਹੀਂ ਮਿਲਾਂਗੇ।" ਸ਼ਾਇਦ ਉਹ ਬਹੁਤ ਸਮਾਂ ਪਹਿਲਾਂ ਆਏ ਸਨ, ਜਾਂ ਉਹ ਭਵਿੱਖ ਵਿੱਚ ਆਉਣਗੇ, ਮਨੁੱਖੀ ਜੀਵਨ ਦੀ ਮਿਆਦ ਖ਼ਤਮ ਹੋਣ ਤੋਂ ਬਹੁਤ ਬਾਅਦ। ਇਸ ਲਈ ਸ਼ਾਇਦ ਜੁਰਾਸਿਕ ਕਾਲ ਦੌਰਾਨ ਡਾਇਨਾਸੌਰਾਂ ਨੇ ਪਰਦੇਸੀ ਜੀਵਨ ਦੀ ਮੇਜ਼ਬਾਨੀ ਕੀਤੀ। ਸਾਨੂੰ ਸ਼ਾਇਦ ਕਦੇ ਇਸ ਸਭ ਬਾਰੇ ਸਪੱਸ਼ਟ ਪਤਾ ਨਹੀਂ ਲੱਗੇਗਾ।

## ਜਨਤਕ ਟਾਇਲਟਾਂ ਨਾਲੋਂ ਜ਼ਿਆਦਾ ਖ਼ਤਰਨਾਕ ਘਰ ਦੇ ਟਾਇਲਟ!

ਜਦੋਂ ਤੁਸੀਂ ਇੱਕ ਅਜਿਹੀ ਟਾਇਲਟ ਸੀਟ 'ਤੇ ਬੈਠਦੇ ਹੋ ਜਿਸਦੀ ਵਰਤੋਂ ਦਿਨ ਭਰ 'ਚ ਸੈਂਕੜੇ ਲੋਕ ਕਰਦੇ ਹਨ, ਤਾਂ ਤੁਹਾਡੇ ਮਨ 'ਚ ਇਹ ਖਿਆਲ ਤਾਂ ਜ਼ਰੂਰ ਆਉਂਦਾ ਹੋਵੇਗਾ ਕਿ ਕਿਤੇ ਇਸ ਸੀਟ 'ਤੇ ਰੋਗਾਣੂ ਤਾਂ ਨਹੀਂ ਹਨ ਜਾਂ ਫਿਰ ਇੱਕ ਟਾਇਲਟ ਸੀਟ 'ਤੇ ਰੋਗਾਣੂ ਜਾਂ ਰੋਗ ਫੈਲਾਉਣ ਵਾਲੇ ਬੈਕਟੀਰੀਆ ਕਿੰਨਾ ਚਿਰ ਜਿਉਂਦੇ ਰਹਿ ਸਕਦੇ ਹਨ। ਜਨਤਕ ਟਾਇਲਟ ਵਿੱਚ ਪੈਰ ਧਰਨ ਵੇਲੇ ਹਰ ਕਿਸੇ ਨੂੰ ਇੱਕ "ਸੂਗ" ਆਉਂਦੀ ਹੈ। ਟਾਇਲਟ ਸੀਟ ਅਤੇ ਫਰਸ਼ 'ਤੇ ਪਿਸ਼ਾਬ ਦੇ ਛਿੱਟੇ, ਕਿਸੇ ਹੋਰ ਦੇ ਸਰੀਰਕ ਤਰਲ ਪਦਾਰਥਾਂ ਦੀ ਤੇਜ਼ ਗੰਧ ਆਦਿ ਤੁਹਾਡੇ ਨੱਕ ਤਾਂ ਸੜਾ ਹੀ ਦਿੰਦੇ ਹਨ ਨਾਲ ਹੀ ਤੁਹਾਡਾ ਦਿਮਾਗ ਵੀ ਉਸ ਦ੍ਰਿਸ਼ ਨੂੰ ਭੁੱਲ ਨਹੀਂ ਪਾਉਂਦਾ, ਨਤੀਜੇ ਵਜੋਂ ਤੁਹਾਨੂੰ ਬੇਚੈਨੀ ਮਹਿਸੂਸ ਹੋ ਸਕਦੀ ਹੈ।

ਇਸੇ ਸੂਗ ਦੀ ਭਾਵਨਾ ਦੇ ਚੱਲਦਿਆਂ ਕੁਝ ਲੋਕ ਆਪਣੀ ਕੂਹਣੀ ਨਾਲ ਦਰਵਾਜ਼ਾ ਖੋਲ੍ਹਦੇ ਹਨ, ਕਈ ਆਪਣੇ ਪੈਰ ਨਾਲ ਪਾਣੀ ਦੀ ਟੂਟੀ ਚਾਲੂ ਕਰਦੇ ਹਨ, ਜਾਂ ਕੁਝ ਲੋਕ ਤਾਂ ਪੂਰੀ ਸੀਟ ਨੂੰ ਹੀ ਟਾਇਲਟ ਪੇਪਰ ਨਾਲ ਢੱਕ ਦਿੰਦੇ ਹਨ। ਜੇ ਫਿਰ ਵੀ ਦਿਲ ਤੇ ਦਿਮਾਗ ਗਵਾਹੀ ਨਾ ਦੇਵੇ ਤਾਂ ਹੋ ਸਕਦਾ ਹੈ ਕਿ ਕੁਝ ਲੋਕ ਟਾਇਲਟ ਸੀਟ 'ਤੇ ਬੈਠੇ ਬਿਨ੍ਹਾਂ ਹੀ ਇਸਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰਨ। ਪਰ ਕੀ ਟਾਇਲਟ ਸੀਟ 'ਤੇ ਬੈਠਣਾ ਸੱਚਮੁੱਚ ਬਿਮਾਰੀਆਂ ਫੈਲਾ ਸਕਦਾ ਹੈ? ਕੀ ਇਹ ਤਰੀਕੇ ਜੋ ਕੁਝ ਲੋਕ ਸੀਟ ਨੂੰ ਛੂਹਣ ਤੋਂ ਬਚਣ ਲਈ ਵਰਤਦੇ ਹਨ, ਕੰਮ ਵੀ ਕਰਦੇ ਹਨ ਜਾਂ ਫਿਰ ਬੇਲੋੜੇ ਹਨ? ਆ ਜਾਣਦੇ ਹਾਂ ਕਿ ਸੂਖਮ ਜੀਵ ਵਿਗਿਆਨੀਆਂ ਦਾ ਇਸ ਬਾਰੇ ਕੀ ਕਹਿਣਾ ਹੈ।

"ਸਿਧਾਂਤਕ ਤੌਰ 'ਤੇ ਟਾਇਲਟ ਸੀਟ ਤੋਂ ਬਿਮਾਰੀਆਂ ਫੈਲਣ ਦੀ ਸੰਭਾਵਨਾ ਹੁੰਦੀ ਹੈ,



ਪਰ ਇਹ ਜੋਖਮ ਬਹੁਤ ਘੱਟ ਹੈ।" ਇਹ ਕਹਿਣਾ ਹੈ ਯੂਨੀਵਰਸਿਟੀ ਆਫ਼ ਸਾਊਥ ਫਲੋਰੀਡਾ ਵਿੱਚ ਪਬਲਿਕ ਹੈਲਥ ਅਤੇ ਮਾਈਕ੍ਰੋਬਾਇ ਲੋਜੀ ਦੇ ਪ੍ਰੋਫੈਸਰ ਜਿਲ ਰੌਬਰਟਸ ਦਾ।

ਮਿਸਾਲ ਵਜੋਂ, ਜਿਨਸੀ ਤੌਰ 'ਤੇ ਸੰਚਾਰਿਤ ਬਿਮਾਰੀਆਂ (STDs) ਦੀ ਗੱਲ ਕਰਦੇ ਹਾਂ। ਗੋਨੋਰੀਆ ਤੋਂ ਲੈ ਕੇ ਕਲੈਮੀਡੀਆ ਤੱਕ, ਉਨ੍ਹਾਂ ਦਾ ਕਾਰਨ ਬਣਨ ਵਾਲੇ ਬੈਕਟੀਰੀਆ ਅਤੇ ਵਾਇਰਸ ਕਿਸੇ ਜੀਵਤ ਜੀਵ ਦੇ ਸਰੀਰ ਦੇ ਬਾਹਰ, ਖਾਸ ਕਰਕੇ ਟਾਇਲਟ ਸੀਟ ਵਰਗੀ ਠੰਡੀ, ਸਖ਼ਤ ਸਤ੍ਹਾ 'ਤੇ ਜ਼ਿਆਦਾ ਦੇਰ ਤੱਕ ਨਹੀਂ ਰਹਿ ਸਕਦੇ। ਇਸੇ ਕਰਕੇ ਇਹ ਸਮਝਿਆ ਜਾਂਦਾ ਹੈ ਕਿ ਜ਼ਿਆਦਾਤਰ ਜਿਨਸੀ ਤੌਰ 'ਤੇ ਸੰਚਾਰਿਤ ਬਿਮਾਰੀਆਂ ਸਿੱਧੇ ਜਣਨ ਸੰਪਰਕ ਅਤੇ ਸਰੀਰਕ ਤਰਲ ਪਦਾਰਥਾਂ ਦੇ ਆਦਾਨ-ਪ੍ਰਦਾਨ ਨਾਲ ਫੈਲਦੀਆਂ ਹਨ। ਰੌਬਰਟਸ ਕਹਿੰਦੇ ਹਨ ਕਿ ਇੱਕੋ-ਇੱਕ ਜੋਖਮ ਇਹ ਹੈ ਕਿ ਜੇਕਰ ਟਾਇਲਟ ਸੀਟ 'ਤੇ ਮੌਜੂਦ ਕਿਸੇ ਹੋਰ ਦੇ ਸਰੀਰਕ ਤਰਲ ਪਦਾਰਥ ਤੁਰੰਤ ਹੱਥਾਂ ਜਾਂ ਟਾਇਲਟ ਪੇਪਰ ਰਾਹੀਂ ਦੂਜੇ ਵਿਅਕਤੀ ਦੇ ਜਣਨ ਅੰਗਾਂ ਤੱਕ ਪਹੁੰਚ ਜਾਂਦੇ ਹਨ, ਤਾਂ ਸਮੱਸਿਆ ਹੋ ਸਕਦੀ ਹੈ। ਇਸ ਲਈ ਸਾਵਧਾਨ ਰਹਿਣਾ ਅਤੇ ਗੰਦੇ ਟਾਇਲਟਾਂ ਤੋਂ ਬਚਣਾ ਬਿਹਤਰ ਹੈ।

ਪਰ ਇਸ ਬਾਰੇ ਇੰਨੀ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ ਕਿ ਤੁਸੀਂ ਇਸ ਨੂੰ ਲੈ ਕੇ ਬੇਚੈਨ ਹੀ ਹੋ ਜਾਵੋ। ਉਹ ਕਹਿੰਦੇ ਹਨ, "ਜੇ ਟਾਇਲਟ ਸੀਟਾਂ ਆਸਾਨੀ ਨਾਲ ਜਿਨਸੀ ਤੌਰ 'ਤੇ ਸੰਚਾਰਿਤ ਬਿਮਾਰੀਆਂ ਨੂੰ ਸੰਚਾਰਿਤ ਕਰ ਸਕਦੀਆਂ ਹਨ ਤਾਂ ਉਹ ਹਰ ਉਮਰ ਦੇ ਲੋਕਾਂ ਅਤੇ ਉਨ੍ਹਾਂ ਲੋਕਾਂ ਵਿੱਚ ਵੀ ਵਧੇਰੇ ਵਾਰ ਵੇਖੀਆਂ ਜਾਣਗੀਆਂ ਜੋ ਜਿਨਸੀ ਤੌਰ 'ਤੇ ਕਿਰਿਆਸ਼ੀਲ ਨਹੀਂ ਸਨ।" ਰੌਬਰਟਸ ਕਹਿੰਦੇ ਹਨ ਕਿ ਇਸੇ ਤਰ੍ਹਾਂ ਟਾਇਲਟ ਸੀਟ ਤੋਂ ਖ਼ੂਨ ਨਾਲ ਹੋਣ ਵਾਲੀਆਂ ਬਿਮਾਰੀਆਂ ਦੀ ਲਾਗ ਦੀ ਸੰਭਾਵਨਾ ਵੀ ਬਹੁਤ ਘੱਟ ਹੈ।

ਉਹ ਕਹਿੰਦੇ ਹਨ ਕਿ ਪਹਿਲੀ ਗੱਲ ਤਾਂ ਇਹ ਕਿ ਜੇ ਤੁਸੀਂ ਕਿਸੇ ਟਾਇਲਟ ਸੀਟ 'ਤੇ ਖ਼ੂਨ ਦੇਖੋਗੇ ਤਾਂ ਇਸਦੇ ਇਸਤੇਮਾਲ ਤੋਂ ਬਚੋਗੇ ਜਾਂ ਇਸਤੇਮਾਲ ਹੀ ਨਹੀਂ ਕਰੋਗੇ। ਦੂਜਾ, ਉਹ ਇਹ ਵੀ ਕਹਿੰਦੇ ਹਨ ਕਿ ਖ਼ੂਨ ਸਬੰਧਤ ਰੋਗਾਣੂ ਆਸਾਨੀ ਨਾਲ ਸੰਚਾਰਿਤ ਨਹੀਂ ਹੁੰਦੇ, ਜਦੋਂ ਤੱਕ ਉਨ੍ਹਾਂ ਨੂੰ ਜਿਨਸੀ ਗਤੀਵਿਧੀ ਜਾਂ ਦੂਸ਼ਿਤ ਸੂਈਆਂ ਰਾਹੀਂ ਸਰੀਰ ਦੇ ਅੰਦਰ ਨਹੀਂ ਪਹੁੰਚਾਇਆ ਜਾਂਦਾ। ਰੌਬਰਟਸ ਕਹਿੰਦੇ ਹਨ ਕਿ ਇਸੇ ਤਰ੍ਹਾਂ, ਤੁਹਾਨੂੰ ਕਿਸੇ ਹੋਰ ਦੀ ਟਾਇਲਟ ਸੀਟ ਤੋਂ ਪਿਸ਼ਾਬ ਨਾਲੀ ਦੀ ਲਾਗ (ਯੂਟੀਆਈ) ਹੋਣ ਦੀ ਸੰਭਾਵਨਾ ਵੀ ਬਹੁਤ ਘੱਟ ਹੈ। ਉਹ ਕਹਿੰਦੇ ਹਨ ਕਿ ਟਾਇਲਟ ਸੀਟ ਤੋਂ ਪਿਸ਼ਾਬ ਨਾਲੀ ਵਿੱਚ ਮਲ-ਮੂਤਰ ਦੇ ਰੋਗਾਣੂਆਂ ਦਾ ਜਾਣਾ ਇੱਕੋ-ਇੱਕ ਤਰੀਕਾ ਹੈ ਜਿਸ ਨਾਲ ਪਿਸ਼ਾਬ ਨਾਲੀ ਦੀ ਲਾਗ ਹੋ ਸਕਦੀ ਹੈ, ਪਰ ਇਸਦੇ ਲਈ ਵੱਡੀ ਮਾਤਰਾ ਵਿੱਚ ਮਲ ਦੀ ਲੋੜ ਹੁੰਦੀ ਹੈ। ਉਹ ਇਹ ਵੀ ਦੱਸਦੇ ਹਨ ਕਿ ਆਪਣੇ ਹੀ ਮਲ ਨੂੰ ਜਣਨ ਅੰਗਾਂ ਦੇ ਬਹੁਤ ਨੇੜੇ ਪੂੰਝਣ ਨਾਲ ਪਿਸ਼ਾਬ ਨਾਲੀ ਦੀ ਲਾਗ (ਯੂਟੀਆਈ) ਹੋਣ ਦਾ ਜੋਖਮ ਵੱਧ ਜਾਂਦਾ ਹੈ।

ਜਿਨਸੀ ਤੌਰ 'ਤੇ ਸੰਚਾਰਿਤ ਬਿਮਾਰੀਆਂ ਦੇ ਲੰਬੇ ਸਮੇਂ ਤੱਕ ਬਣੇ ਰਹਿਣ ਦੇ ਕੁਝ ਅਪਵਾਦ ਹਨ। ਮਨੁੱਖੀ ਪੈਪੀਲੋਮਾਵਾਇਰਸ (ਐਚਪੀਵੀ), ਜੋ ਜਣਨ ਅੰਗਾਂ ਦੇ ਵਾਰਟਸ ਦਾ ਕਾਰਨ ਬਣਦੇ ਹਨ, ਇੱਕ ਹਫ਼ਤੇ ਤੱਕ ਸਤਹਾਂ 'ਤੇ ਜਿਉਂਦੇ ਰਹਿ ਸਕਦੇ ਹਨ, ਪਰ ਇਹ ਵੀ ਕਈ ਕਾਰਕਾਂ 'ਤੇ ਨਿਰਭਰ ਕਰਦਾ ਹੈ। ਨੇਵਾਡਾ ਦੀ ਟੂਰੋ ਯੂਨੀਵਰਸਿਟੀ ਵਿੱਚ ਮਾਈਕ੍ਰੋਬਾਇ ਲੋਜੀ ਅਤੇ ਇਮਯੂਨੋਲੋਜੀ ਵਿਭਾਗ ਦੇ ਪ੍ਰੋਫੈਸਰ ਕੈਰਨ ਡਿਊਸ ਕਹਿੰਦੇ ਹਨ, "ਇਹ ਵਾਇਰਸ ਬਹੁਤ ਛੋਟੇ ਹੁੰਦੇ ਹਨ ਅਤੇ ਇਨ੍ਹਾਂ ਵਿੱਚ ਬਹੁਤ ਸਥਿਰ ਪ੍ਰੋਟੀਨ ਸ਼ੈੱਲ ਹੁੰਦੇ ਹਨ। ਇਹ ਉਨ੍ਹਾਂ ਨੂੰ ਵਾਤਾਵਰਣ ਵਿੱਚ ਲੰਬੇ ਸਮੇਂ ਤੱਕ 'ਸਮੇਂ' ਤੱਕ ਜਿਉਂਦੇ ਰਹਿਣ ਦੀ ਸਮਰੱਥਾ ਦਿੰਦੇ ਹਨ।"

ਇਹ ਵਾਇਰਸ (ਐਚਪੀਵੀ) ਹੈਂਡ ਸੈਨੀਟਾਈਜ਼ਰ ਪ੍ਰਤੀ ਰੋਧਕ ਹੁੰਦਾ ਹੈ। ਡਿਊਸ ਕਹਿੰਦੇ ਹਨ ਕਿ ਉਸ ਸਖ਼ਤ, ਸੁਰੱਖਿਆ ਵਾਲੀ ਪ੍ਰੋਟੀਨ ਪਰਤ ਨੂੰ ਨਸ਼ਟ ਕਰਨ ਲਈ 10 ਫੀਸਦੀ ਬਲੀਚ ਦੀ ਲੋੜ ਹੁੰਦੀ ਹੈ। ਹਾਲਾਂਕਿ, ਇਹ ਵਾਇਰਸ ਸਿਰਫ਼ ਉਦੋਂ ਹੀ ਸਰੀਰ ਵਿੱਚ ਦਾਖਲ ਹੋ ਸਕਦੇ ਹਨ ਜਦੋਂ ਤੁਸੀਂ ਟਾਇਲਟ 'ਤੇ ਬੈਠੇ ਹੁੰਦੇ ਹੋਵੋ ਅਤੇ ਉਸ ਦੌਰਾਨ ਜਣਨ ਖੇਤਰ ਦੀ ਚਮੜੀ ਸੰਕਰਮਿਤ ਹੋਵੇ, ਭਾਵ ਜੇਕਰ ਉੱਥੇ ਕੋਈ ਧੱਫੜ/ਰੈਸ਼ ਜਾਂ ਜ਼ਖ਼ਮ ਹੋਵੇ। ਇਸ ਲਈ ਇਹ ਵਾਇਰਸ (ਐਚਪੀਵੀ) ਆਮ ਤੌਰ 'ਤੇ ਸਿਰਫ਼ ਮੂੰਹ, ਗੁਦਾ ਅਤੇ ਯੋਨੀ ਸਬੰਧ ਵਰਗੇ ਸੰਪਰਕ ਰਾਹੀਂ ਹੀ ਪ੍ਰਸਾਰਿਤ ਹੁੰਦਾ ਹੈ।

ਇਸੇ ਤਰ੍ਹਾਂ, ਜੇਕਰ ਜਣਨ ਅੰਗਾਂ 'ਚ ਹਰਪੀਜ਼ (ਦਾਦ ਜਾਂ ਲਾਗ) ਵਾਲਾ ਕੋਈ ਵਿਅਕਤੀ ਟਾਇਲਟ ਸੀਟ 'ਤੇ ਇਹ ਵਾਇਰਸ ਫੈਲਾ ਸਕਦਾ ਹੈ। ਅਮਰੀਕੀ ਔਨਲਾਈਨ ਸਿਹਤ ਸੇਵਾ ਕੰਪਨੀ ਟਰੀਟੇਡ ਡਾਟ ਕਾਮ ਦੇ ਮੈਡੀਕਲ ਡਾਇਰੈਕਟਰ ਡੈਨੀਅਲ ਐਟਕਿੰਸਨ ਕਹਿੰਦੇ ਹਨ ਕਿ ਇਸ ਤੋਂ

(ਬਾਕੀ ਅਗਲੇ ਸਫੇ 'ਤੇ)

# ਅਮਰੀਕਾ ਦੀ ਸਖਤੀ ਅਤੇ ਭਾਰਤ ਦੀ ਅਗਲੇਰੀ ਰਣਨੀਤੀ



ਅਮਰੀਕਾ ਨਾਲ ਪ੍ਰਸਤਾਵਿਤ ਵਪਾਰ ਸਮਝੌਤੇ ’ਤੇ ਗੱਲਬਾਤ ਦੀ ਅਨਿਸ਼ਚਤਤਾ ਦੇ ਵਿਚਕਾਰ ਆਜ਼ਾਦੀ ਦਿਵਸ ਦੇ ਸਮਾਰੋਹ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਾਲ ਕਿਲ੍ਹੇ ਦੀ ਫਸੀਲ ਤੋਂ ਇਹ ਸਾਫ਼ ਕੀਤਾ ਕਿ ਉਹ ਕਿਸਾਨਾਂ, ਪਸ਼ੂ ਪਾਲਕਾਂ ਅਤੇ ਮਛੇਰਿਆਂ ਦੇ ਹਿੱਤਾਂ ਦੀ ਰੱਖਿਆ ਲਈ ਇਕ ਦੀਵਾਰ ਵਾਂਗ ਖੜ੍ਹੇ ਰਹਿਣਗੇ। ਉਨ੍ਹਾਂ ਨੇ ਕਿਹਾ ਕਿ ਭਾਰਤ ਆਪਣੇ ਕਿਸਾਨਾਂ ਦੇ ਹਿੱਤਾਂ ਨਾਲ ਕਦੇ ਵੀ ਕੋਈ ਸਮਝੌਤਾ ਨਹੀਂ ਕਰੇਗਾ। ਪ੍ਰਧਾਨ ਮੰਤਰੀ ਮੋਦੀ ਦੀ ਇਹ ਟਿੱਪਣੀ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਅਮਰੀਕਾ ਪ੍ਰਸਤਾਵਿਤ ਦੋ-ਪੱਖੀ ਵਪਾਰ ਸਮਝੌਤੇ (ਬੀਟੀਏ) ਵਿਚ ਖੇਤੀਬਾੜੀ ਅਤੇ ਡੇਅਰੀ ਦੇ ਖੇਤਰਾਂ ਵਿਚ ਭਾਰਤ ਤੋਂ ਟੈਕਸਾਂ ਵਿਚ ਛੋਟ ਦੀ ਮੰਗ ਕਰ ਰਿਹਾ ਹੈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਟਰੰਪ ਨੂੰ ਸੁਨੇਹਾ ਦਿੰਦੇ ਹੋਏ ਕਿਹਾ ਸੀ ਕਿ ਭਾਰਤ ਆਪਣੇ ਕਿਸਾਨਾਂ, ਮੱਛੀਆਂ ਫੜਨ ਵਾਲਿਆਂ ਅਤੇ ਡੇਅਰੀ ਫਾਰਮਰਾਂ ਦੇ ਹਿੱਤਾਂ ਨਾਲ ਕਦੇ ਵੀ ਸਮਝੌਤਾ ਨਹੀਂ ਕਰੇਗਾ। ਪ੍ਰਸਤਾਵਿਤ ਬੀਟੀਏ ਵਿਚ ਅਮਰੀਕਾ ਮੱਕੀ, ਸੋਇਆਬੀਨ, ਸੇਬ, ਬਦਾਮ ਅਤੇ ਈਥੋਨਲ ਵਰਗੇ ਉਤਪਾਦਾਂ ’ਤੇ ਟੈਰਿਫ ਘਟਾਉਣ ਦੇ ਨਾਲ-ਨਾਲ ਅਮਰੀਕੀ ਦੁੱਧ ਦੇ ਉਤਪਾਦਾਂ ਦੀ ਭਾਰਤ ਵਿਚ ਪਹੁੰਚ ਵਧਾਉਣ ਦੀ ਮੰਗ ਕਰ ਰਿਹਾ ਹੈ। ਟਰੰਪ ਦੁਆਰਾ ਭਾਰਤੀ ਉਤਪਾਦਾਂ ਦੇ ਆਯਾਤ ’ਤੇ 25 ਪ੍ਰਤੀਸ਼ਤ ਵਾਧੂ ਟੈਰਿਫ ਲਗਾਉਣ ਦੇ ਹੁਕਮ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਦਾ ਇਹ ਬਿਆਨ ਹੋਰ ਵੀ ਮਹੱਤਵਪੂਰਨ ਹੋ ਗਿਆ ਹੈ। ਹਾਲਾਂਕਿ ਟਰੰਪ ਦਾ ਇਹ ਹੁਕਮ 27 ਅਗਸਤ ਤੋਂ ਲਾਗੂ ਹੋਵੇਗਾ ਜਿਸ ਤੋਂ ਬਾਅਦ ਕੁੱਲ ਟੈਰਿਫ ਦਰ 50 ਪ੍ਰਤੀਸ਼ਤ ਹੋ ਜਾਵੇਗੀ। ਅਮਰੀਕਾ ਭਾਰਤ ਵਿਚ ਆਪਣੇ ਖੇਤੀਬਾੜੀ ਉਤਪਾਦਾਂ ਲਈ ਬਾਜ਼ਾਰ ਚਾਹੁੰਦਾ ਹੈ ਪਰ ਭਾਰਤ ਨੇ ਸਾਫ਼ ਕਰ ਦਿੱਤਾ ਹੈ ਕਿ ਉਹ ਦੁੱਧ ਦੇ ਖੇਤਰ ਅਤੇ ਜੀਐੱਮ ਸੋਇਆਬੀਨ ਅਤੇ ਮੱਕੀ ਲਈ ਆਪਣਾ ਬਾਜ਼ਾਰ ਨਹੀਂ ਖੋਲ੍ਹੇਗਾ।

ਅਮਰੀਕਾ ਵਿਚ ਪਸ਼ੂ ਖੁਰਾਕ ਦਾ ਇਸਤੇਮਾਲ ਦੁੱਧ ਦੇ ਖੇਤਰ ਵਿਚ ਕੀਤਾ ਜਾਂਦਾ ਹੈ। ਭਾਰਤ ਨੇ ਇਸ ਖੇਤਰ ਵਿਚ ਆਪਣੇ ਪਹਿਲੇ ਕਿਸੇ ਵੀ ਵਪਾਰ ਸਮਝੌਤੇ ਵਿਚ ਕਦੇ ਵੀ ਟੈਕਸ ਦੀ ਕੋਈ ਛੋਟ ਨਹੀਂ ਦਿੱਤੀ। ਭਾਰਤ ਵਿਚ ਸੱਭਿਆਚਾਰਕ ਅਤੇ ਧਾਰਮਿਕ ਭਾਵਨਾਵਾਂ ਵੀ ਇਕ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਇਸ ਤੋਂ ਇਲਾਵਾ, ਅਮਰੀਕਾ ਦੁਆਰਾ ਮਵੇਸ਼ੀਆਂ ਨੂੰ ਪਸ਼ੂ ਉਤਪਾਦ ਖੁਆਉਣ ਦੀ ਪ੍ਰਥਾ ਨੂੰ ਲੈ ਕੇ ਵੀ ਚਿੰਤਾਵਾਂ ਹਨ। ਦੁੱਧ ਦੇ ਖੇਤਰ ਵਿਚ ਧਾਰਮਿਕ ਭਾਵਨਾਵਾਂ ਜੁੜੀਆਂ ਹੋਈਆਂ ਹਨ ਕਿਉਂਕਿ ਪਾਬੰਦੀਸ਼ੁਦਾ ਮਾਸ ਪਦਾਰਥਾਂ ਦਾ ਇਸ ਵਿਚ ਉਪਯੋਗ ਹੁੰਦਾ ਹੈ, ਇਸ ਲਈ ਇਹ ਸਵੀਕਾਰਨਯੋਗ ਨਹੀਂ ਹੈ। ਭਾਰਤ ਦੇ ਸਖ਼ਤ ਰੁਖ਼ ਅਪਣਾਉਣ ਕਾਰਨ ਖੇਤੀਬਾੜੀ ਅਤੇ ਦੇਸ਼ ਦੇ ਸਵੈਮਾਣ ਨਾਲ ਜੁੜੇ ਸਵਾਲਾਂ ਨੂੰ ਦਰਕਿਨਾਰ ਕਰ ਕੇ ਕਿਸੇ ਸਮਝੌਤੇ ਦੀ ਸੰਭਾਵਨਾ ਮੁਸ਼ਕਲ ਹੈ। ਅਮਰੀਕਾ ਦਾ ਇਹ ਰੌਂਅ ਚੀਨ ਨੂੰ ਆਪਣੀ ਨਿਰਯਾਤ ਵਿਚ ਗਿਰਾਵਟ ਨੂੰ ਲੈ ਕੇ ਉਸ ਦੀ ਚਿੰਤਾ ਤੋਂ ਪੈਦਾ ਹੋਇਆ ਹੈ। ਅਮਰੀਕਾ ਦੇ ਸੋਇਆਬੀਨ ਨਿਰਯਾਤ ਵਿਚ ਚੀਨ ਦਾ ਲਗਪਗ 55 ਪ੍ਰਤੀਸ਼ਤ ਅਤੇ ਮੱਕੀ ਨਿਰਯਾਤ ਵਿਚ 20 ਪ੍ਰਤੀਸ਼ਤ ਹਿੱਸਾ ਹੈ। ਅਮਰੀਕਾ ਭਾਰਤ ਨਾਲ ਸੰਪਰਕ ਕਰ ਕੇ ਆਪਣੇ ਖ਼ਰੀਦਦਾਰ ਆਧਾਰ ਦਾ ਵਿਸਥਾਰ ਕਰਨਾ ਚਾਹੁੰਦਾ ਹੈ। ਖੇਤੀਬਾੜੀ ਵਪਾਰ ਵਿਚ ਭਾਰਤ ਦਾ ਅਮਰੀਕਾ ਨੂੰ ਨਿਰਯਾਤ ਵਿੱਤੀ ਵਰ੍ਹੇ 2024-25 ਵਿਚ 6.25 ਅਰਬ ਡਾਲਰ ਰਿਹਾ ਜੋ 2023-24 ਵਿਚ 5.52 ਅਰਬ ਡਾਲਰ ਸੀ। ਇਸੇ ਤਰ੍ਹਾਂ ਕੈਲੰਡਰ ਵਰ੍ਹਾ 2023 ਵਿਚ ਅਮਰੀਕਾ ਦਾ ਭਾਰਤ ਨੂੰ ਨਿ-ਰਯਾਤ 37.3 ਕਰੋੜ ਡਾਲਰ ਸੀ। ਵਿੱਤੀ ਵਰ੍ਹਾ 2024-25 ਵਿਚ ਅਮਰੀਕਾ ਨੂੰ ਭਾਰਤ ਦਾ ਕੁੱਲ ਨਿਰਯਾਤ 86.51 ਅਰਬ ਡਾਲਰ ਸੀ ਜਦਕਿ ਅਮਰੀਕਾ ਤੋਂ ਆਯਾਤ ਕੁੱਲ 45.69 ਅਰਬ ਡਾਲਰ ਸੀ। ਅੱਜ ਭਾਰਤ ਇਕ ਮਹੱਤਵਪੂਰਨ ਮੋੜ ’ਤੇ ਖੜ੍ਹਾ ਹੈ ਜਿੱਥੇ ਉਹ ਇਕ ਪਾਸੇ ਦੋ-ਪੱਖੀ ਵਪਾਰ ਸਮਝੌਤੇ ’ਤੇ ਪਹੁੰਚਣ ਦੀ ਕੋਸਿਸ ਕਰ ਰਿਹਾ ਹੈ ਜਿਸ ਨਾਲ ਉਸ ਨੂੰ ਟਰੰਪ ਦੀ ਟੈਰਿਫ ਪ੍ਰਬੰਧ ਤੋਂ ਮੁਕਤੀ ਮਿਲ ਸਕੇ। ਭਾਰਤ ਲਈ ਕੱਪੜਾ, ਚਮੜਾ, ਜੁੱਤੇ-ਚੱਪਲ ਵਰਗੇ ਕਿਰਤ-ਕੇਂਦਰਿਤ ਖੇਤਰਾਂ ਲਈ ਰਾਹਤ ਯਕੀਨੀ ਬਣਾਉਣਾ ਇਕ ਮੁੱਢਲਾ ਟੀਚਾ ਹੈ।

ਇਸੇ ਦੌਰਾਨ ਪੈਕੇਜ ਦੇ ਹਿੱਸੇ ਵਜੋਂ ਜੀਐੱਮ ਸੋਇਆਬੀਨ ਅਤੇ ਮੱਕੀ ਦੇ ਨਿਰਯਾਤ ਨੂੰ ਸ਼ਾਮਲ ਕਰਨ ਦੇ ਅਮਰੀਕਾ ਦੇ ਸਖ਼ਤ ਰੁਖ਼ ਕਾਰਨ ਗੱਲਬਾਤ ’ਤੇ ਖ਼ਤਰੇ ਦੇ ਬੱਦਲ ਛਾ ਗਏ ਹਨ। ਭਾਰਤ ਦਾ ਆਪਣੇ ਕਿਸਾਨਾਂ ਦੇ ਹਿੱਤ ਵਿਚ ਅਮਰੀਕਾ ਦੇ ਸਾਹਮਣੇ ਸਖ਼ਤ ਰੁਖ਼ ਅਪਣਾਉਣਾ ਸਮੇਂ ਦੀ ਮੰਗ ਹੈ।

**-ਕੇ. ਸੀ. ਤਿਆਗੀ**

# ਜਨਤਕ ਟਾਇਲਟਾਂ ਨਾਲੋਂ ਜ਼ਿਆਦਾ ਖ਼ਤਰਨਾਕ ਘਰ ਦੇ ਟਾਇਲਟ !

**(ਸਫਾ 17 ਦੀ ਬਾਕੀ)**

ਬਾਅਦ, ਜੇਕਰ ਉਸ ਟਾਇਲਟ ਸੀਟ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਜੇ ਜਣਨ ਅੰਗਾਂ ਦੀ ਚਮੜੀ ਸਬੰਧੀ ਕੋਈ ਦਿੱਕਤ ਹੈ ਜਾਂ ਜੇ ਉਨ੍ਹਾਂ ਦਾ ਇਮਿਊਨ ਸਿਸਟਮ ਕਮਜ਼ੋਰ ਹੈ, ਤਾਂ ਉਨ੍ਹਾਂ ਵੀ ਅਜਿਹੀ ਸੀਟ 'ਤੇ ਬੈਠਣ ਨਾਲ ਜੋਖਮ ਹੋ ਸਕਦਾ ਹੈ। ਪਰ ਨਾਲ ਹੀ ਉਹ ਇਹ ਕਿ ਕਹਿੰਦੇ ਹਨ ਕਿ ਅਜਿਹਾ ਹੋਣਾ ਬਹੁਤ ਹੱਦ ਤੱਕ ਅਸੰਭਵ ਹੁੰਦਾ ਹੈ।

ਤਾਂ ਕੀ ਸਾਨੂੰ ਟਾਇਲਟ ਸੀਟ ਨੂੰ ਢੱਕ ਕੇ ਬੈਠਣਾ ਚਾਹੀਦਾ ਹੈ, ਜਾਂ ਟਾਇਲਟ ਦੇ ਇਸਤੇਮਾਲ ਸਮੇਂ ਇਸ ਤਰ੍ਹਾਂ (ਸਕੁਐਟ ਪੁਜ਼ੀਸ਼ਨ) 'ਚ ਇਸ ਝੁਕਣਾ ਚਾਹੀਦਾ ਹੈ ਤਾਂ ਜੋ ਸਾਨੂੰ ਇਸਨੂੰ ਛੂਹਣਾ ਨਾ ਪਵੇ? ਟਾਇਲਟ ਸੀਟ 'ਤੇ ਬੈਠਣ ਤੋਂ ਪਹਿਲਾਂ ਇਸਨੂੰ ਟਿਸ਼ੂ ਪੇਪਰ ਜਾਂ ਕਾਗਜ਼ ਨਾਲ ਢਕਣਾ ਜਾਂ ਟਾਇਲਟ-ਸੀਟ ਕਵਰ ਦੀ ਵਰਤੋਂ ਕਰਨਾ, ਜਨਤਕ ਟਾਇਲਟ ਦੀ ਵਰਤੋਂ ਕਰਨ ਦਾ ਸਭ ਤੋਂ ਸਾਫ਼ ਤਰੀਕਾ ਜਾਪ ਸਕਦਾ ਹੈ। 2023 ਤੋਂ ਖੋਜ ਸਮੂਹੰ ਘੋਵ ਦੇ ਇੱਕ ਸਰਵੇਖਣ ਦੇ ਅਨੁਸਾਰ, ਲਗਭਗ 63 ਫੀਸਦੀ ਅਮਰੀਕੀ ਜਨਤਕ ਟਾਇਲਟ ਦੀ ਵਰਤੋਂ ਕਰਦੇ ਸਮੇਂ ਬੈਠ ਜਾਂਦੇ ਹਨ - ਪਰ ਉਨ੍ਹਾਂ ਵਿੱਚੋਂ ਅੱਧੇ ਲੋਕ ਟਾਇਲਟ ਰੋਲ ਨਾਲ ਪਹਿਲਾਂ ਸੀਟ ਨੂੰ ਢਕਦੇ ਹਨ। ਉਸੇ ਸਰਵੇਖਣ ਵਿੱਚ ਪਾਇਆ ਗਿਆ ਕਿ ਲਗਭਗ 20 ਫੀਸਦੀ ਲੋਕ ਪੂਰੀ ਤਰ੍ਹਾਂ ਬੈਠਣ ਦੀ ਬਜਾਏ, ਬਿਨਾਂ ਬੈਠੇ ਹੀ ਸਕੁਐਟ ਪੁਜ਼ੀਸ਼ਨ 'ਚ ਟਾਇਲਟ ਦਾ ਇਸਤੇਮਾਲ ਕਰਦੇ ਹਨ।

ਹਾਲਾਂਕਿ, ਟਾਇਲਟ ਪੇਪਰ ਜਾਂ ਟਾਇਲਟ ਕਵਰ ਦੀ ਇੱਕ ਪਰਤ ਸੰਭਾਵਤ ਤੌਰ 'ਤੇ ਤੁਹਾਨੂੰ ਰੋਗਾਣੂਆਂ ਤੋਂ ਨਹੀਂ ਬਚਾਏਗੀ - ਉਹ ਪੋਰਸ ਸਮੱਗਰੀ ਦੇ ਬਣੇ ਹੁੰਦੇ ਹਨ, ਇਸ ਲਈ ਉਹ ਕੀਟਾਣੂਆਂ ਨੂੰ ਤੁਹਾਡੇ ਜਣਨ ਅੰਗਾਂ ਤੱਕ ਪਹੁੰਚਣ ਅਤੇ ਛੂਹਣ ਤੋਂ ਨਹੀਂ ਰੋਕ ਸਕਦੇ। ਹੀ ਸਟੇਟ ਯੂਨੀਵਰਸਿਟੀ ਵੇਕਸਨਰ ਮੈਡੀਕਲ ਸੈਂਟਰ ਵਿੱਚ ਪੇਲਵਿਕ ਸਿਹਤ ਵਿੱਚ ਇੱਕ ਕਲੀਨਿਕਲ ਮਾਹਰ ਸਟੈਫਨੀ ਬੋਬਿੰਗਰ ਦੇ ਅਨੁਸਾਰ, ਸਕੁਐਟ ਪੁਜ਼ੀਸ਼ਨ 'ਚ ਟਾਇਲਟ ਦਾ ਇਸਤੇਮਾਲ ਸੰਭਾਵੀ ਤੌਰ 'ਤੇ ਫਾਇਦੇਮੰਦ ਹੋਣ ਦੀ ਬਜਾਏ ਨੁਕਸਾਨ ਜ਼ਿਆਦਾ ਕਰ ਸਕਦਾ ਹੈ। ਜਦੋਂ ਮਹਿਲਾਵਾਂ ਪਿਸ਼ਾਬ ਕਰਨ ਲਈ ਟਾਇਲਟ ਉੱਤੇ ਝੁਕਦੀਆਂ ਹਨ, ਤਾਂ ਉਨ੍ਹਾਂ ਦੀਆਂ ਪੇਲਵਿਕ ਫਲੋਰ ਅਤੇ ਪੇਲਵਿਕ ਗਰਡਲ ਮਾਸਪੇਸ਼ੀਆਂ ਸੁੰਗੜਦੀਆਂ ਹਨ। ਇਹ ਸਥਿਤੀ ਬਲੈਡਰ ਤੋਂ ਪਿਸ਼ਾਬ ਦੇ ਪ੍ਰਵਾਹ ਨੂੰ ਰੋਕਦੀ ਹੈ, ਜਿਸ ਨਾਲ ਜ਼ਿਆਦਾ ਜ਼ੋਰ ਲਗਾਉਣਾ ਪੈਂਦਾ ਹੈ ਅਤੇ ਪੇਡੂ 'ਤੇ ਬੇਲੋੜਾ ਦਬਾਅ ਪਾਉਣਾ ਪੈਂਦਾ ਹੈ। ਇਸਦਾ ਇਹ ਵੀ ਮਤਲਬ ਹੈ ਕਿ ਮਹਿਲਾਵਾਂ ਇਸ ਪ੍ਰਕਿਰਿਆ ਵਿੱਚ ਆਪਣਾ ਪੂਰਾ ਬਲੈਡਰ ਖਾਲੀ ਨਹੀਂ ਕਰ ਸਕਦੀਆਂ, ਜਿਸ ਨਾਲ ਕਈ ਵਾਰ ਪਿਸ਼ਾਬ ਨਾਲੀ ਦੀ ਲਾਗ ਵੀ ਹੋ ਸਕਦੀ ਹੈ।

## ਅਸਲ ਸਮੱਸਿਆ ਕੀ ਹੈ?

ਬਾਥਰੂਮ ਜਾਂ ਟਾਇਲਟ ਤੋਂ ਬਿਮਾਰੀਆਂ ਹੋਣ ਦਾ ਖ਼ਤਰਾ, ਆਮ ਤੌਰ 'ਤੇ ਟਾਇਲਟ ਸੀਟ ਨਾਲ ਤੁਹਾਡੇ ਜਣਨ ਅੰਗਾਂ ਦੇ ਸੰਪਰਕ ਨਾਲ ਨਹੀਂ ਹੁੰਦਾ। ਰੌਬਰਟਸ ਕਹਿੰਦਾ ਹੈ ਕਿ ਇਸ ਦੀ ਬਜਾਏ, ਇਹ ਤੁਹਾਡੇ ਹੱਥਾਂ ਦੁਆਰਾ ਟਾਇਲਟ ਸੀਟ ਨੂੰ ਛੂਹਣ ਅਤੇ ਤੁਹਾਡੇ ਜਾਂ ਹੋਰ ਲੋਕਾਂ ਦੇ ਸਰੀਰਕ ਪਦਾਰਥਾਂ ਦੇ ਛੋਟੇ ਕਣਾਂ ਤੋਂ ਬੈਕਟੀਰੀਆ ਜਾਂ ਵਾਇਰਸਾਂ ਨਾਲ ਦੂਸ਼ਿਤ ਹੋਣ ਕਾਰਨ ਹੁੰਦਾ ਹੈ - ਅਤੇ ਫਿਰ ਤੁਸੀਂ ਇਨ੍ਹਾਂ ਗੰਦੇ ਹੱਥਾਂ ਨਾਲ ਆਪਣੇ ਚਿਹਰੇ ਅਤੇ ਮੂੰਹ ਨੂੰ ਛੂਹ ਲੈਂਦੇ ਹੋ। ਉਹ ਕਹਿੰਦੇ ਹਨ, "ਖਤਰਾ ਤੁਹਾਡੇ ਮਲ-ਮੂਤਰ ਤਿਆਗਣ ਵਾਲੇ ਅੰਗਾਂ ਤੋਂ ਨਹੀਂ ਸਗੋਂ ਤੁਹਾਡੇ ਹੱਥਾਂ ਤੋਂ ਤੁਹਾਡੇ ਮੂੰਹ ਨੂੰ ਹੈ।"

ਸ਼ੁਰੂਆਤ ਲਈ, ਟਾਇਲਟ ਸੀਟ 'ਤੇ ਪਏ ਮਲ ਦੇ ਕਣਾਂ ਵਿੱਚ ਐਸਚੇਰੀਚੀਆ ਕੋਲੀ, ਸਾਲਮੋਨੇਲਾ, ਸ਼ਿ-ਗੇਲਾ, ਸਟੈਫ਼ੀਲੋਕੋਕਸ ਜਾਂ ਸਟ੍ਰੈਪਟੋਕੋਕਸ ਵਰਗੇ ਰੋਗਾਣੂ ਹੋ ਸਕਦੇ ਹਨ। ਜਦੋਂ ਇਹ ਸਰੀਰ 'ਚ ਦਾਖਲ ਹੋ ਜਾਂਦੇ ਹਨ ਤਾਂ ਮਤਲੀ, ਉਲਟੀਆਂ ਅਤੇ ਦਸਤ ਵਰਗੇ ਗੈਸਟਰੋ ਇੰਟੇਸਟਾਈਨਲ ਲੱਛਣਾਂ ਦਾ ਕਾਰਨ ਬਣ ਸਕਦੇ ਹਨ। ਮਲ ਵਿੱਚ ਨੋਰੋਵਾਇਰਸ ਦੇ ਅੰਸ਼ ਵੀ ਹੋ ਸਕਦੇ ਹਨ। ਇਹ ਬਹੁਤ ਹੀ ਛੂਤ ਵਾਲਾ ਰੋਗਾਣੂ ਦੂਸ਼ਿਤ ਸਤਹਾਂ, ਨਾਲ ਹੀ ਭੋਜਨ ਜਾਂ ਪੀਣ ਵਾਲੇ ਪਦਾਰਥਾਂ, ਜਾਂ ਕਿਸੇ ਬਿਮਾਰ ਵਿਅਕਤੀ ਨਾਲ ਸਿੱਧੇ ਸੰਪਰਕ ਰਾਹੀਂ ਆਸਾਨੀ ਨਾਲ ਫੈਲਦਾ ਹੈ। ਇਹ ਵਾਤਾਵਰਣ ਮੁਤਾਬਕ ਬਹੁਤ ਹੀ ਢਲਣ ਯੋਗ ਹੁੰਦਾ ਹੈ। ਕੁਝ ਸਤਹਾਂ 'ਤੇ ਤਾਂ ਇਹ ਦੋ ਮਹੀਨਿਆਂ ਤੱਕ ਜੀਉਂਦਾ ਰਹਿ ਸਕਦਾ ਹੈ ਅਤੇ ਥੋੜ੍ਹਾ ਜਿਹਾ ਵਾਇਰਸ ਵੀ ਕਿਸੇ ਨੂੰ ਬਿਮਾਰ ਕਰਨ ਵਿੱਚ ਬਹੁਤ ਵਵਦੀ ਭੂਮਿਕਾ ਨਿਭਾ ਸਕਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਵਾਇਰਸ ਦੇ 10 ਤੋਂ 100 ਕਣ ਕਿਸੇ ਨੂੰ ਸੰਕਰਮਿਤ ਕਰਨ ਲਈ ਕਾਫ਼ੀ ਹੋ ਸਕਦੇ ਹਨ।

ਇੱਕ ਅਧਿਐਨ 'ਚ ਦੇਖਿਆ ਗਿਆ ਕਿ ਕੋਵਿਡ-19 ਅਤੇ ਐਡੀਨੋਵਾਇਰਸ - (ਇੱਕ ਰੋਗਾਣੂ ਜੋ ਜ਼ਿਆਦਾਤਰ ਸੰਕਰਮਿਤ ਲੋਕਾਂ ਵਿੱਚ ਜ਼ੁਕਾਮ ਜਾਂ ਫਲੂ ਵਰਗੇ ਲੱਛਣਾਂ ਦਾ ਕਾਰਨ ਬਣਦਾ ਹੈ, ਜਾਂ ਬਜ਼ੁਰਗਾਂ ਜਾਂ ਕਮਜ਼ੋਰ ਇਮਯੂਨਿਟੀ ਵਾਲੇ ਲੋਕਾਂ ਵਿੱਚ ਵਧੇਰੇ ਗੰਭੀਰ ਬਿਮਾਰੀ ਦਾ ਕਾਰਨ ਬਣਦਾ ਹੈ) ਦੇ ਮੁਕਾਬਲੇ, ਲੋਕਾਂ ਵਿੱਚ ਟਾਇਲਟ ਵਿੱਚ ਦੂਸ਼ਿਤ ਸਤਹਾਂ ਨੂੰ ਛੂਹਣ ਨਾਲ ਨੋਰੋਵਾਇਰਸ ਨਾਲ ਲਾਗ ਦੀ ਸੰਭਾਵਨਾ ਸਭ ਤੋਂ ਵੱਧ ਹੁੰਦੀ ਹੈ। ਫਿਰ ਵੀ, ਇਸ ਤਰੀਕੇ ਨਾਲ ਬਿਮਾਰ ਹੋਣ ਦਾ ਅਸਲ ਜੋਖਮ ਘੱਟ ਹੋ ਸਕਦਾ ਹੈ। ਰੌਬਰਟਸ ਕਹਿੰਦੇ ਹਨ, "ਅਜਿਹਾ ਨਹੀਂ ਹੈ ਕਿ ਟਾਇਲਟ ਜਾਂ ਬਾਥਰੂਮ ਵਿੱਚ ਸਦੀਆਂ ਪੁਰਾਣਾ ਗੰਦ ਪਿਆ ਰਹਿੰਦਾ ਹੋਵੇ, ਇਸਨੂੰ ਨਿਯਮਿਤ ਤੌਰ 'ਤੇ ਸਾਫ਼ ਕੀਤਾ ਜਾਂਦਾ ਹੈ।" ਉਹ ਕਹਿੰਦੇ ਹਨ ਕਿ ਜਦੋਂ ਉਨ੍ਹਾਂ ਦੇ ਮਾਈਕ੍ਰੋਬਾਇ ਲੋਜੀ ਦੇ ਵਿਦਿਆਰਥੀ ਵੱਖ-ਵੱਖ ਵਾਤਾਵਰਣਾਂ ਦੀਆਂ ਸਤਹਾਂ 'ਤੇ ਰੋਗਾਣੂਆਂ ਦੀ ਜਾਂਚ ਕਰਦੇ ਹਨ ਤਾਂ ਕੰਪਿਊਟਰ ਲੈਬ ਵਿੱਚ ਰੋਗਾਣੂਆਂ ਦੀ ਜੋ ਮਾਤਰਾ ਮਿਲਦੀ ਹੈ, ਉਹ ਟਾਇਲਟਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਹੁੰਦੀ ਹੈ, ਇੰਨੀ ਕਿ ਤੁਸੀਂ ਵਿਸ਼ਵਾਸ ਨਹੀਂ ਕਰ ਸਕਦੇ।

ਐਰੀਜ਼ੋਨਾ ਯੂਨੀਵਰਸਿਟੀ ਦੇ ਵਾਇਰੋਲੋਜੀ ਦੇ ਪ੍ਰੋਫੈਸਰ ਚਾਰਲਸ ਗੇਰਬਾ ਕਹਿੰਦੇ ਹਨ, "ਸੰਯੁਕਤ ਰਾਜ ਅਮਰੀਕਾ ਵਿੱਚ ਘਰੇਲੂ ਟਾਇਲਟ ਉਨ੍ਹਾਂ ਜਨਤਕ ਟਾਇਲਟ ਨਾਲੋਂ ਕਿਤੇ ਜ਼ਿਆਦਾ ਕੀਟਾਣੂ ਵਾਲੇ ਹੁੰਦੇ ਹਨ ਜਿਨ੍ਹਾਂ ਦਾ ਅਸੀਂ ਯੂਨੀਵਰਸਿਟੀ ਵਿੱਚ ਅਧਿਐਨ ਕੀਤਾ ਸੀ। ਜ਼ਿਆਦਾਤਰ ਥਾਵਾਂ 'ਤੇ ਘਰ ਨਾਲੋਂ ਜਨਤਕ ਟਾਇਲਟ ਵਿੱਚ ਟਾਇਲਟ ਦੀ ਵਰਤੋਂ ਕਰਨਾ ਯਕੀਨੀ ਤੌਰ 'ਤੇ ਸੁਰੱਖਿਅਤ ਹੈ।" ਗੇਰਬਾ ਦੇ ਸਰਵੇਖਣਾਂ ਮੁਤਾਬਕ, ਜ਼ਿਆਦਾਤਰ ਥਾਵਾਂ 'ਤੇ ਸਫਾਈ ਕਰਮਚਾਰੀ ਦਿਨ ਵਿੱਚ ਕਈ ਵਾਰ ਜਨਤਕ ਟਾਇਲਟ ਸਾਫ਼ ਕਰਦੇ ਹਨ, ਜਦਕਿ ਜ਼ਿਆਦਾਤਰ ਘਰ ਹਫ਼ਤੇ ਵਿੱਚ ਸਿਰਫ਼ ਇੱਕ ਵਾਰ ਹੀ ਆਪਣਾ ਬਾਥਰੂਮ ਅਤੇ ਟਾਇਲਟ ਸਾਫ਼ ਕਰਦੇ ਹਨ। ਗੇਰਬਾ ਦੀ ਲੈਬੋਰੇਟਰੀ ਮੁਤਾਬਕ, ਘਰੇਲੂ ਬਾਥਰੂਮਾਂ ਅਤੇ ਟਾਇਲਟਾਂ ਨੂੰ ਹਰ ਤਿੰਨ ਦਿਨਾਂ ਅੰਦਰ ਸਾਫ ਕਰਨਾ ਚਾਹੀਦਾ ਹੈ।

ਬੇਸ਼ੱਕ, ਅਜਿਹਾ ਨਹੀਂ ਹੈ ਕਿ ਲੋਕ ਬਾਥਰੂਮਾਂ ਦੀਆਂ ਟਾਇਲਟ ਸੀਟਾਂ ਨੂੰ ਬਿਨਾਂ ਮਤਲਬ ਹੱਥ ਲਾਈ ਜਾਣ। ਹਾਲਾਂਕਿ ਬਹੁਤ ਸਾਰੇ ਅਜਿਹੇ ਹੁੰਦੇ ਹਨ ਜੋ ਟਾਇਲਟ ਦੇ ਇਸਤੇਮਾਲ ਤੋਂ ਬਾਅਦ ਹੱਥ ਧੋਣ ਨੂੰ ਨਾ ਮਹੱਤਵ ਨਹੀਂ ਦਿੰਦੇ, ਪਰ ਉਮੀਦ ਹੈ ਕਿ ਤੁਸੀਂ ਆਮ ਤੌਰ 'ਤੇ ਟਾਇਲਟ ਦੀ ਵਰਤੋਂ ਕਰਨ ਤੋਂ ਬਾਅਦ ਆਪਣੇ ਹੱਥ ਆਪਣੇ ਮੂੰਹ ਵਿੱਚ ਨਹੀਂ ਪਾਉਂਦੇ ਹੋਵੋਗੇ। ਹਾਲਾਂਕਿ, ਬਾਥਰੂਮ ਵਿੱਚ ਬਿਮਾਰੀ ਲੱਗਣ ਦਾ ਇੱਕ ਹੋਰ ਤਰੀਕਾ ਵੀ ਹੈ। ਜਦੋਂ ਤੁਸੀਂ ਟਾਇਲਟ ਫਲੱਸ਼ ਕਰਦੇ ਹੋ ਤਾਂ ਉਸ ਅੰਦਰਲੇ ਕੀਟਾਣੂ ਹਵਾ ਵਿੱਚ ਫੈਲ ਜਾਂਦੇ ਹਨ ਅਤੇ ਟਾਇਲਟ ਦੇ ਵਾਤਾਵਰਣ ਵਿੱਚ ਫੈਲ ਜਾਂਦੇ ਹਨ। ਅਤੇ ਜੇਕਰ ਤੁਸੀਂ ਵੀ ਉੱਥੇ ਮੌਜੂਦ ਹੋ ਤਾਂ ਇਹ ਤੁਹਾਡੇ ਸਾਰੇ ਸਰੀਰ 'ਤੇ ਵੀ ਚਿਪਕ ਜਾਂਦੇ ਹਨ।

ਗਣਿਤਿਕ ਮਾਡਲ ਸੁਝਾਅ ਦਿੰਦੇ ਹਨ ਕਿ ਟਾਇਲਟ ਪੌਟ ਵਿੱਚ ਮੌਜੂਦ 40-60 ਫੀਸਦੀ ਕਣ ਯਾਤਰਾ ਕਰ ਸਕਦੇ ਹਨ। ਗੇਰਬਾ ਕਹਿੰਦੇ ਹਨ ਕਿ "ਕੁਝ ਲੋਕ ਇਸਨੂੰ 'ਟਾਇਲਟ ਸਨੀਜ਼ ਜਾਂ ਟਾਇਲਟ ਦੀ ਛਿੱਕ' ਕਹਿ ਸਕਦੇ ਹਨ। ਅਧਿਐਨਾਂ ਵਿੱਚ ਪਾਇਆ ਗਿਆ ਹੈ ਕਿ ਬੈਕਟੀਰੀਆ ਕਲੋਸਟ੍ਰਿਡੀਅਮ ਡਿਫਿਸਿਲ - ਇੱਕ ਰੋਗਾਣੂ ਜੋ ਸਿਹਤ ਸੰਭਾਲ ਸੈਟਿੰਗਾਂ ਵਿੱਚ ਆਮ ਹੈ ਅਤੇ ਵਾਤਾਵਰਣ ਤੋਂ ਖ਼ਤਮ ਕਰਨਾ ਬਹੁਤ ਮੁਸ਼ਕਲ ਹੋ ਸਕਦਾ ਹੈ - ਟਾਇਲਟ ਨੂੰ ਫਲੱਸ਼ ਕਰਨ ਤੋਂ ਬਾਅਦ ਹਵਾ ਵਿੱਚ ਦੂਰ-ਦੂਰ ਤੱਕ ਯਾਤਰਾ ਕਰ ਸਕਦਾ ਹੈ। ਉਹ ਬੀਜਾਣੂਆਂ ਵਿੱਚ ਵੀ ਯਾਤਰਾ ਕਰ ਸਕਦਾ ਹੈ ਅਤੇ ਸਾਹ ਰਾਹੀਂ ਵੀ ਅੰਦਰ ਸਰੀਰ ਅੰਦਰ ਜਾ ਸਕਦਾ ਹੈ। ਗੇਰਬਾ ਕਹਿੰਦੇ ਹਨ, ਇਸ ਲਈ ਇਹ ਜੋਖਮ ਸਿਰਫ਼ ਟਾਇਲਟ ਸੀਟਾਂ ਤੋਂ ਨਹੀਂ ਹੈ, ਸਗੋਂ ਟਾਇਲਟ ਦੇ ਢੱਕਣਾਂ, ਦਰਵਾਜ਼ੇ ਦੇ ਹੈਂਡਲਾਂ, ਟਾਇਲਟ ਫਲੱਸ਼ਾਂ, ਸਿੰਕ ਹੈਂਡਲਾਂ ਅਤੇ ਤੌਲੀਏ ਤੇ ਸੋਪ ਡਿਸਪੈਂਸਰਾਂ ਤੋਂ ਵੀ ਹੈ, ਜਿਨ੍ਹਾਂ ਨੂੰ ਤੁਸੀਂ ਸਿੱਧੇ ਆਪਣੇ ਹੱਥਾਂ ਨਾਲ ਛੂਹਦੇ ਹੋ। ਉਹ ਕਹਿੰਦੇ ਹਨ ਕਿ "ਸਭ ਤੋਂ ਜ਼ਿਆਦਾ ਕੀਟਾਣੂਆਂ ਵਾਲੀ" ਸਤਹ ਅਸਲ ਵਿੱਚ ਫਰਸ਼ ਹੈ। ਬਦਕਿਸਮਤੀ ਨਾਲ, ਬਾਥਰੂਮਾਂ ਵਿੱਚ ਅਕਸਰ ਹੋਰ ਕਈ ਤਰ੍ਹਾਂ ਦੇ ਰੋਗਾਣੂ ਵੀ ਹੁੰਦੇ ਹਨ, ਜੋ ਜ਼ਰੂਰੀ ਨਹੀਂ ਕਿ ਕਿਸੇ ਦੇ ਪਿਸ਼ਾਬ ਜਾਂ ਮਲ ਨਾਲ ਜੁੜੇ ਹੋਣ, ਸਗੋਂ ਇਹ ਸਿਰਫ਼ ਛਿੱਕਣ ਅਤੇ ਖੰਘਣ ਨਾਲ ਵੀ ਜੁੜੇ ਹੋ ਸਕਦੇ ਹਨ। ਉਦਾਹਰਨ ਲਈ, ਫਲੂ ਵਾਇਰਸ ਕਈ ਵਾਰ ਬਾਥਰੂਮ ਦੀਆਂ ਸਤਹਾਂ 'ਤੇ ਪਾਇਆ ਜਾ ਸਕਦਾ ਹੈ। ਕੁਝ ਆਮ ਸਾਵਧਾਨੀਆਂ ਵਰਤ ਕੇ ਤੁਸੀਂ ਕਿਸੇ ਵੀ ਟਾਇਲਟ ਤੋਂ ਕੋਈ ਮਾੜੀ ਲਾਗ ਲੈਣ ਤੋਂ ਬਚ ਸਕਦੇ ਹੋ, ਭਾਵੇਂ ਘਰ ਵਿੱਚ ਹੋਵੇ ਜਾਂ ਜਨਤਕ ਤੌਰ 'ਤੇ।

ਯੂਕੇ ਵਿੱਚ ਲੌਫਬੋਰੋਹ ਯੂਨੀਵਰਸਿਟੀ ਵਿੱਚ ਇੱਕ ਵਾਟਰ ਹਾਈਜੀਨ ਇੰਜੀਨੀਅਰ, ਐਲਿਜ਼ਾਬੈਥ ਪੈਡੀ ਸਲਾਹ ਦਿੰਦੇ ਹਨ ਕਿ ਜਿੰਨਾ ਸੰਭਵ ਹੋ ਸਕੇ ਚੀਜ਼ਾਂ ਨੂੰ ਘੱਟ ਤੋਂ ਘੱਟ ਛੂਹਣ ਦੀ ਕੋਸ਼ਿਸ਼ ਕਰੋ। (ਉਹ ਕਹਿੰਦੇ ਹਨ ਕਿ ਸਗੋਂ ਟਾਇਲਟ ਨਿਰਮਾਤਾ ਹੀ ਬਾਥਰੂਮਾਂ ਨੂੰ ਸੁਰੱਖਿਅਤ ਬਣਾ ਸਕਦੇ ਹਨ। ਇਸਦੇ ਲਈ ਟੱਚਲੈੱਸ ਫਲੱਸ਼ਿੰਗ ਵਿਧੀ (ਸੈਂਸਰ ਨਾਲ ਕੰਮ ਕਰਨ ਵਾਲਾ ਫਲਸ਼ ਬਟਨ), ਸਾਬਣ ਡਿਸਪੈਂਸਰ, ਹੈਂਡ ਡ੍ਰਾਇਅਰ, ਅਤੇ ਹੋਰ ਬਹੁਤ ਕੁਝ ਡਿਜ਼ਾਈਨ ਕਰਨਾ ਫਾਇਦੇਮੰਦ ਰਹੇਗਾ।)

ਗੇਰਬਾ ਕਹਿੰਦੇ ਹਨ ਕਿ ਟਾਇਲਟ ਪਲੱਮ (ਫਲਸ਼ ਕਰਨ ਦੌਰਾਨ ਵਾਤਾਵਰਣ 'ਚ ਕੀਟਾਣੂਆਂ ਦੇ ਫੈਲਣ) ਤੋਂ ਬਚਣ ਲਈ, ਫਲੱਸ਼ ਕਰਨ ਸਮੇਂ ਉਸਦੇ ਢੱਕਣ ਨੂੰ ਬੰਦ ਕਰਨਾ ਮਦਦਗਾਰ ਲੱਗ ਸਕਦਾ ਹੈ ਪਰ "ਢੱਕਣ ਨੂੰ ਬੰਦ ਕਰਨ ਅਤੇ ਇਸਨੂੰ ਖੋਲ੍ਹਣ ਨਾਲ ਇਸ ਵਿੱਚ ਕੋਈ ਬਹੁਤਾ ਫ਼ਰਕ ਨਹੀਂ ਪਿਆ"। ਉਨ੍ਹਾਂ ਦਾ 2024 ਦਾ ਅਧਿਐਨ ਸੁਝਾਅ ਦਿੰਦਾ ਹੈ ਕਿ ਟਾਇਲਟ ਪਲੱਮ ਵਿੱਚ ਵਾਇਰਸ ਪਾਸੇ (ਢੱਕਣ ਦੀ ਸਾਈਡ) ਤੋਂ ਬਚ ਕੇ ਨਿਕਲ ਸਕਦੇ ਹਨ, ਭਾਵੇਂ ਢੱਕਣ ਹੇਠਾਂ ਵੀ ਹੋਵੇ। ਇਹ ਇਸ ਲਈ ਸੰਭਵ ਹੈ ਕਿਉਂਕਿ ਢੱਕਣ ਟਾਇਲਟ ਸੀਟਾਂ 'ਤੇ ਫਿੱਟ ਨਹੀਂ ਹੁੰਦੇ ਅਤੇ ਜਨਤਕ ਪਖਾਨਿਆਂ ਵਿੱਚ ਪਾਣੀ ਦੀ ਬੱਚਤ ਲਈ ਫਲਸ਼ ਨੂੰ ਵਧੇਰੇ ਪ੍ਰੈਸ਼ਰ ਵਾਲਾ ਰੱਖਿਆ ਜਾਂਦਾ ਹੈ। ਪੈਡੀ ਦਾ ਤਾਂ ਇਹ ਵੀ ਕਹਿਣਾ ਹੈ ਕਿ ਬਾਥਰੂਮ ਨਿਰਮਾਤਾਵਾਂ ਨੂੰ ਟਾਇਲਟ ਤੋਂ ਢੱਕਣ ਪੂਰੀ ਤਰ੍ਹਾਂ ਹਟਾ ਹੀ ਦੇਣੇ ਚਾਹੀਦੇ ਹਨ ਤਾਂ ਜੋ ਲੋਕ ਢੱਕਣ ਨੂੰ ਛੂਹਣ ਅਤੇ ਫਿਰ ਗਲਤੀ ਨਾਲ ਟਾਇਲਟ ਸੀਟ ਨੂੰ ਵੀ ਛੂਹਣ ਤੋਂ ਬਚ ਸਕਣ। ਉਹ ਕਹਿੰਦੇ ਹਨ, "ਢੱਕਣ ਲਗਾਉਣਾ ਅਸਲ ਵਿੱਚ ਸਹੀ ਤਰੀਕਾ ਨਹੀਂ ਹੈ।" ਪੈਡੀ ਕਹਿੰਦੇ ਹਨ ਕਿ ਹੋਰ ਪ੍ਰਭਾਵਸ਼ਾਲੀ ਤਰੀਕੇ ਵੀ ਹਨ, ਜਿਵੇਂ ਕਿ ਪੌਟ ਅਤੇ ਸੀਟ ਵਿਚਕਾਰ ਦੀਆਂ ਢਾਲਾਂ ਨੂੰ ਇੱਕ ਸ਼ੀਲਡ ਨਾਲ ਬਣਾਉਣਾ। ਵਰਤਮਾਨ ਵਿੱਚ, ਇਨ੍ਹਾਂ ਦੀ ਵਰਤੋਂ ਨਰਸਾਂ ਅਤੇ ਡਾਕਟਰਾਂ ਨੂੰ ਮਰੀਜ਼ਾਂ ਦੇ ਫਲੱਸ਼ ਕੀਤੇ ਰੋਗਾਣੂਆਂ ਤੋਂ ਬਚਾਉਣ ਲਈ ਕੀਤੀ ਜਾਂਦੀ ਹੈ। ਉਹ ਦੱਸਦੇ ਹਨ ਕਿ ਕੁਝ ਏਅਰ ਸਪਰੇਅ ਵੀ ਹਨ ਜੋ ਬਾਥਰੂਮਾਂ ਵਿੱਚ ਹਵਾ ਅਤੇ ਸਤਹਾਂ ਨੂੰ ਰੋਗਾਣੂ-ਮੁਕਤ ਕਰਨ ਵਿੱਚ ਪ੍ਰਭਾਵਸ਼ਾਲੀ ਸਾਬਤ ਹੋਏ ਹਨ, ਜੋ ਟਾਇਲਟ "ਸਨੀਜ਼ ਜਾਂ ਛਿੱਕ" ਰਾਹੀਂ ਰੋਗਾਣੂਆਂ ਦੇ ਪ੍ਰਸਾਰ ਨੂੰ ਰੋਕਣ ਵਿੱਚ ਮਦਦ ਕਰਦੇ ਹਨ। ਇੱਕ ਹੋਰ ਤਰੀਕਾ ਹੈ ਫਲੱਸ਼ ਕਰਨਾ ਅਤੇ ਫਿਰ ਤੁਰੰਤ ਉੱਥੋਂ ਬਾਹਰ ਆ ਜਾਣਾ।

ਗੇਰਬਾ ਕਹਿੰਦੇ ਹਨ ਕਿ "ਮੈਂ ਆਮ ਤੌਰ 'ਤੇ ਫਲੱਸ਼ ਕਰਦਾ ਹਾਂ ਅਤੇ ਭੱਜਦਾ ਹਾਂ।" ਉਹ ਇਸ ਗੱਲ ਦੀ ਵੀ ਸਿਫਾਰਿਸ਼ ਕਰਦੇ ਹਨ ਕਿ ਜਨਤਕ ਟਾਇਲਟ ਵਿੱਚ ਕਿਸੇ ਹੋਰ ਦੇ ਜਾਣ ਤੋਂ ਬਾਅਦ 10 ਮਿੰਟ ਉਡੀਕ ਕਰਨ ਤੋਂ ਬਾਅਦ ਅੰਦਰ ਜਾਣਾ ਚਾਹੀਦਾ ਹੈ। ਹਾਲਾਂਕਿ, ਇਹ ਕਹਿਣਾ ਜਿੰਨਾ ਸੌਖਾ ਲੱਗਦਾ ਹੈ ਕਰਨਾ ਨਾ ਹੀ ਮੁਸ਼ਕਿਲ ਹੋ ਸਕਦਾ ਹੈ। ਫਿਰ ਗੱਲ ਆਉਂਦੀ ਹੈ ਮੋਬਾਈਲ ਫੋਨ ਦੀ। ਰੌ-ਬਰਟਸ ਕਹਿੰਦੇ ਹਨ ਕਿ ਟਾਇਲਟ ਵਿੱਚ ਆਪਣੇ ਫ਼ੋਨ ਦੀ ਵਰਤੋਂ ਨਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਉਹ ਕਹਿੰਦੇ ਹਨ, ਤੁਹਾਡਾ ਫ਼ੋਨ ਪਹਿਲਾਂ ਹੀ ਬਹੁਤ ਗੰਦਾ ਹੁੰਦਾ ਹੈ, ਕਿਉਂਕਿ ਤੁਸੀਂ ਇਸਨੂੰ ਹਰ ਜਗ੍ਹਾ ਆਪਣੇ ਨਾਲ ਲੈ ਕੇ ਜਾਂਦੇ ਹੋ, ਇਸਨੂੰ ਹਰ ਥਾਂ ਰੱਖ ਦਿੰਦੇ ਹੋ ਅਤੇ ਇਸਨੂੰ ਹਰ ਸਮੇਂ ਹੱਥ ਲਗਾਉਂਦੇ ਹੋ। ਜੇ ਤੁਸੀਂ ਇਸਨੂੰ ਟਾਇਲਟ ਵਿੱਚ ਵੀ ਲੈ ਜਾ ਗੇ ਤਾਂ ਇਸ ਇਸਦਾ ਮਤਲਬ ਹੈ ਕਿ ਉੱਥੇ ਫੈਲਣ ਵਾਲੇ ਰੋਗਾਣੂ ਇਸ 'ਤੇ ਚਿਪਕਣ ਦਾ ਪੂਰਾ-ਪੂਰਾ ਜੋਖਮ ਹੈ, ਫਿਰ ਤੁਸੀਂ ਆਪਣੇ ਹੱਥ ਧੋਣ ਤੋਂ ਬਾਅਦ ਵੀ ਉਸ ਗੰਦੇ ਮੋਬਾਈਲ ਨੂੰ ਬਿਨਾਂ ਕੋਈ ਸਾਫ਼-ਸਫ਼ਾਈ ਦੇ ਉਸੇ ਤਰ੍ਹਾਂ ਹੱਥ ਲਗਾਉਂਦੇ ਰਹੋਗੇ।

ਗੇਰਬਾ ਕਹਿੰਦੇ ਹਨ ਕਿ ਸਭ ਤੋਂ ਸੌਖਾ ਕੰਮ ਜੋ ਤੁਸੀਂ ਕਰ ਸਕਦੇ ਹੋ ਉਹ ਹੈ ਬਾਥਰੂਮ ਜਾਣ ਤੋਂ ਤੁਰੰਤ ਬਾਅਦ ਹਮੇਸ਼ਾ ਆਪਣੇ ਹੱਥ ਧੋਣਾ। ਉਹ ਕਹਿੰਦੇ ਹਨ ਕਿ ਟਕਸਨ, ਐਰੀਜ਼ੋਨਾ ਵਿੱਚ ਔਸਤ ਵਿਅਕਤੀ ਆਪਣੇ ਹੱਥ ਧੋਣ ਵਿੱਚ ਸਿਰਫ਼ 11 ਸਕਿੰਟ ਬਿਤਾਉਂਦਾ ਹੈ, ਜਦਕਿ ਸੰਯੁਕਤ ਰਾਜ ਅਮਰੀਕਾ ਵਿੱਚ ਰੋਗ ਨਿਯੰਤਰਣ ਕੇਂਦਰ 20 ਸਕਿੰਟ ਲਈ ਹੱਥ ਧੋਣ ਦਾ ਸੁਝਾਅ ਦਿੰਦੇ ਹਨ। ਉਹ ਕਹਿੰਦੇ ਹਨ, "ਪੰਜ ਵਿੱਚੋਂ ਸਿਰਫ਼ ਇੱਕ ਵਿਅਕਤੀ ਹੀ ਅਸਲ ਵਿੱਚ ਆਪਣੇ ਹੱਥਾਂ ਨੂੰ ਚੰਗੀ ਤਰ੍ਹਾਂ ਧੋਂਦਾ ਹੈ।"

ਇਸ ਲਈ, ਜਨਤਕ ਟਾਇਲਟ ਵਿੱਚ ਬਿਮਾਰੀ ਦੇ ਸੰਪਰਕ 'ਚ ਆਉਣ ਤੋਂ ਬਚਣ ਲਈ ਆਪਣੇ ਹੱਥ ਧੋਵੋ। ਇਸ ਤੋਂ ਵੀ ਬਿਹਤਰ, ਹੈਂਡ ਸੈਨੀਟਾਈਜ਼ਰ ਲਗਾਉਣ ਦੀ ਇੱਕ ਵਾਧੂ ਸੁਰੱਖਿਆ ਵੀ ਸ਼ਾਮਲ ਕਰੋ। ਕਿਉਂਕਿ ਇਕੱਲੇ ਹੱਥ ਧੋਣ ਦੀ ਬਜਾਏ, ਸੈਨੇਟਾਈਜ਼ਰ ਲਗਾਉਣਾ ਅਤੇ ਫਿਰ ਚੰਗੀ ਤਰ੍ਹਾਂ ਸਾਬਣ ਨਾਲ ਹੱਥ ਧੋਣਾ ਵਧੇਰੇ ਸੁਰੱਖਿਆ ਦਿੰਦਾ ਹੈ। ਟਾਇਲਟ 'ਚ ਲੁਕਾ ਰੋਗਾਣੂਆਂ ਤੋਂ ਇੰਨਾ ਵੀ ਡਰਨ ਦੀ ਲੋੜ ਨਹੀਂ ਕਿਉਂਕਿ ਇਹ ਜੋਖਮ (ਸ਼ਾਇਦ) ਤੁਹਾਡੇ ਸੋਚਣ ਨਾਲੋਂ ਘੱਟ ਹੈ।

# ਜਾਨਵਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਦਾ ਖ਼ਤਰਾ



ਦੁਨੀਆ ਦਾ 9 ਪ੍ਰਤੀਸ਼ਤ ਖੇਤਰ ਉੱਚ-ਰਿਸਕ ਵਾਲੀ ਸਥਿਤੀ ਵਿੱਚ ਹਨ, ਜਿਸ ਵਿੱਚ ਬਿਮਾਰੀਆਂ ਫੈਲਣ ਦੀ ਸੰਭਾਵਨਾ ਬਹੁਤ ਜ਼ਿਆਦਾ ਹੈ। ਇਹ ਹੈਰਾਨ ਕਰਨ ਵਾਲਾ ਤੱਥ ਇੱਕ ਅਧਿਐਨ ਤੋਂ ਬਾਅਦ ਸਾਹਮਣੇ ਆਇਆ ਹੈ। ਵਿਗਿਆਨਕ ਜਰਨਲ ਸਾਇੰਸ ਐਡਵਾਂਸ ਵਿੱਚ ਪ੍ਰਕਾਸ਼ਿਤ ਅਧਿਐਨ ਦੇ ਅਨੁਸਾਰ, ਵਿਸ਼ਵ ਆਬਾਦੀ ਦਾ ਲਗਪਗ ਤਿੰਨ ਪ੍ਰਤੀਸ਼ਤ ਉੱਚ-ਜੋਖਮ ਵਾਲੇ ਖੇਤਰਾਂ ਵਿੱਚ ਰਹਿੰਦਾ ਹੈ ਅਤੇ ਲਗਪਗ ਇੱਕ-ਪੰਜਵਾਂ ਹਿੱਸਾ ਦਰਮਿਆਨੇ-ਜੋਖਮ ਵਾਲੇ ਖੇਤਰਾਂ ਵਿੱਚ ਹੈ।

### ਜ਼ੂਨੋਸਿਸ ਕੀ ਹੈ?

ਜ਼ੂਨੋਟਿਕ ਉਹ ਲਾਗਾਂ ਹਨ ਜੋ ਜਾਨਵਰਾਂ ਅਤੇ ਮਨੁੱਖਾਂ ਵਿਚਕਾਰ ਫੈਲਦੀਆਂ ਹਨ। ਇਹ ਬਿਮਾਰੀਆਂ ਬੈਕਟੀਰੀਆ, ਵਾਇਰਸ, ਫੰਜਾਈ ਅਤੇ ਪਰਜੀਵੀਆਂ ਵਰਗੇ ਕਈ ਤਰ੍ਹਾਂ ਦੇ ਰੋਗਾਣੂਆਂ ਕਾਰਨ ਹੋ ਸਕਦੀਆਂ ਹਨ। ਯੂਰਪੀਅਨ ਕਮਿਸ਼ਨ ਦੇ ਸੰਯੁਕਤ ਖੋਜ ਕੇਂਦਰ ਦੀ ਵਿਗਿਆਨਕ ਵਿਕਾਸ ਪ੍ਰੋਗਰਾਮ ਇਕਾਈ ਦੇ ਖੋਜਕਰਤਾਵਾਂ ਨੇ ਗਲੋਬਲ ਇਨਫੈਕਸ਼ਨ ਰੋਗ ਅਤੇ ਮਹਾਂਮਾਰੀ ਵਿਗਿਆਨ ਨੈੱਟਵਰਕ ਡੇਟਾਸੈਟ ਅਤੇ ਵਿਸ਼ਵ ਸਿਹਤ ਸੰਗਠਨ ਦੀ ਉਨ੍ਹਾਂ ਬਿਮਾਰੀਆਂ ਦੀ ਸੂਚੀ ਦਾ ਵਿਸ਼ਲੇਸ਼ਣ ਕੀਤਾ ਜਿਨ੍ਹਾਂ ਨੂੰ ਮਹਾਂਮਾਰੀ ਜਾਂ ਪ੍ਰਕੋਪ ਪੈਦਾ ਕਰਨ ਦੀ ਉਨ੍ਹਾਂ ਦੀ ਸੰਭਾਵਨਾ ਦੇ ਅਨੁਸਾਰ ਤਰਜੀਹ ਦਿੱਤੀ ਗਈ ਹੈ।

### ਕੁਝ ਥਾਵਾਂ 'ਤੇ ਜ਼ਿਆਦਾ ਰਿਸਕ ਕਿਉਂ ਹੈ?

ਵਿਸ਼ਲੇਸ਼ਣ ਨੇ ਦਿਖਾਇਆ ਕਿ ਉੱਚ ਤਾਪਮਾਨ, ਬਾਰਿਸ਼ ਦੀ ਘਾਟ ਅਤੇ ਪਾਣੀ ਵਰਗੀਆਂ ਜਲਵਾਯੂ ਪਰਿਵਰਤਨ-ਪ੍ਰੇਰਿਤ ਸਥਿਤੀਆਂ ਜ਼ੂਨੋਸਿਸ ਦੇ ਜੋਖਮ ਨੂੰ ਵਧਾਉਂਦੀਆਂ ਹਨ। ਲੇਖਕਾਂ ਨੇ ਇਹ ਵੀ ਦੱਸਿਆ ਕਿ ਏਸ਼ੀਆ ਦੇ ਲਗਪਗ ਸੱਤ ਪ੍ਰਤੀਸ਼ਤ ਅਤੇ ਅਫਰੀਕਾ ਦੇ ਲਗਪਗ ਪੰਜ ਪ੍ਰਤੀਸ਼ਤ ਭੂਮੀ ਖੇਤਰ ਫੈਲਣ ਦੇ ਉੱਚ ਅਤੇ ਬਹੁਤ ਉੱਚ ਜੋਖਮ 'ਤੇ ਹਨ।

ਵਿਗਿਆਨੀਆਂ ਦੇ ਅਨੁਸਾਰ, ਅਧਿਐਨ ਜਨਤਕ ਸਿਹਤ ਯੋਜਨਾਬੰਦੀ ਵਿੱਚ ਜਲਵਾਯੂ ਅਨੁਕੂਲਨ ਦੇ ਨਿਰੰਤਰ ਨਿਗਰਾਨੀ ਅਤੇ ਏਕੀਕਰਨ ਦੀ ਜ਼ਰੂਰਤ ਨੂੰ ਉਜਾਗਰ ਕਰਦਾ ਹੈ। ਇਸ ਤੋਂ ਪਹਿਲਾਂ ਵੀ, ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ ਦੁਆਰਾ ਕੀਤੇ ਗਏ ਇੱਕ ਅਧਿਐਨ ਵਿੱਚ ਪਾਇਆ ਗਿਆ ਸੀ ਕਿ 2018 ਅਤੇ 2023 ਦੇ ਵਿਚਕਾਰ ਦੇਸ਼ ਦੇ ਛੂਤ ਵਾਲੇ ਰੋਗ ਨਿਗਰਾਨੀ ਪ੍ਰਣਾਲੀ ਅਧੀਨ ਰਿਪੋਰਟ ਕੀਤੇ ਗਏ ਅੱਠ ਪ੍ਰਤੀਸ਼ਤ ਤੋਂ ਵੱਧ ਪ੍ਰਕੋਪ ਜ਼ੂਨੋਟਿਕ ਸਨ। ਕੁੱਲ 6,948 ਪ੍ਰਕੋਪਾਂ ਵਿੱਚੋਂ, 583 ਜਾਨਵਰਾਂ ਤੋਂ ਮਨੁੱਖਾਂ ਵਿੱਚ ਫੈਲੇ ਸਨ। ਇਸ ਦੇ ਨਾਲ ਹੀ, ਜੂਨ, ਜੁਲਾਈ ਅਤੇ ਅਗਸਤ ਵਿੱਚ ਇਹ ਪ੍ਰਕੋਪ ਸਿਖਰ 'ਤੇ ਪਹੁੰਚਿਆ ਵੀ ਪਾਇਆ ਗਿਆ।

ਸਫਾਈ ਦਾ ਧਿਆਨ ਰੱਖੋ - ਜਾਨਵਰਾਂ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਸਾਬਣ ਅਤੇ ਪਾਣੀ ਨਾਲ ਹੱਥਾਂ ਨੂੰ ਚੰਗੀ ਤਰ੍ਹਾਂ ਧੋਵੋ। ਜੇਕਰ ਸਾਬਣ ਉਪਲਬਧ ਨਹੀਂ ਹੈ ਤਾਂ ਅਲਕੋਹਲ-ਅਧਾਰਤ ਸੈਨੀਟਾਈਜ਼ਰ ਦੀ ਵਰਤੋਂ ਕਰੋ।

ਪਾਲਤੂ ਜਾਨਵਰਾਂ ਦਾ ਨਿਯਮਿਤ ਤੌਰ 'ਤੇ ਟੀਕਾਕਰਨ ਕਰਵਾ - ਜੇਕਰ ਤੁਹਾਡੇ ਘਰ ਵਿੱਚ ਕੋਈ ਕੁੱਤਾ, ਬਿੱਲੀ ਜਾਂ ਕੋਈ ਹੋਰ ਪਾਲਤੂ ਜਾਨਵਰ ਹੈ, ਤਾਂ ਸਮੇਂ-ਸਮੇਂ 'ਤੇ ਟੀਕਾਕਰਨ ਕਰਵਾ । ਰੇਬੀਜ਼ ਵਰਗੀ ਘਾਤਕ ਬਿਮਾਰੀ ਨੂੰ ਰੋਕਣ ਲਈ ਇਹ ਬਹੁਤ ਮਹੱਤਵਪੂਰਨ ਹੈ।

ਜੰਗਲੀ ਜਾਂ ਅਵਾਰਾ ਜਾਨਵਰਾਂ ਤੋਂ ਦੂਰ ਰਹੋ - ਜੰਗਲੀ ਜਾਨਵਰ (ਜਿਵੇਂ ਕਿ ਚਮਗਿੱਦੜ, ਬਾਂਦਰ, ਗਿਲਹਰੀ) ਜਾਂ ਅਵਾਰਾ ਕੁੱਤੇ ਅਤੇ ਬਿੱਲੀਆਂ ਕਈ ਬਿਮ-ਾਰੀਆਂ ਦੇ ਵਾਹਕ ਹੋ ਸਕਦੇ ਹਨ। ਉਨ੍ਹਾਂ ਦੇ ਸੰਪਰਕ ਵਿੱਚ ਆਉਣ ਤੋਂ ਬਚੋ ਅਤੇ ਬੱਚਿਆਂ ਨੂੰ ਵੀ ਸਾਵਧਾਨ ਕਰੋ।

ਕੀੜੇ-ਮਕੌੜਿਆਂ ਦੇ ਕੱਟਣ ਤੋਂ ਬਚਾਅ- ਮੱਛਰ, ਚਿੱਚੜ ਅਤੇ ਪਿੱਸੂ ਵਰਗੇ ਕੀੜੇ ਵੀ ਜ਼ੂਨੋਟਿਕ ਬਿਮਾਰੀਆਂ ਫੈਲਾਉਂਦੇ ਹਨ। ਡੇਂਗੂ, ਮਲੇਰੀਆ, ਲਾਈਮ ਬਿਮਾਰੀ ਅਤੇ ਜ਼ੀਕਾ ਵਾਇਰਸ ਵਰਗੀਆਂ ਬਿਮਾਰੀਆਂ ਇਨ੍ਹਾਂ ਕਾਰਨ ਹੁੰਦੀਆਂ ਹਨ। ਮੱਛਰਦਾਨੀ ਦੀ ਵਰਤੋਂ ਕਰੋ, ਕੀੜੇ-ਮਕੌੜਿਆਂ ਨੂੰ ਭਜਾਉਣ ਵਾਲੀ ਕਰੀਮ ਲਗਾ ਅਤੇ ਘਰ ਦੇ ਆਲੇ-ਦੁਆਲੇ ਪਾਣੀ ਇਕੱਠਾ ਨਾ ਹੋਣ ਦਿ ।

ਜੇਕਰ ਲੱਛਣ ਦਿਖਾਈ ਦਿੰਦੇ ਹਨ ਤਾਂ ਤੁਰੰਤ ਡਾਕਟਰ ਨਾਲ ਸੰਪਰਕ ਕਰੋ - ਜੇਕਰ ਜਾਨਵਰਾਂ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਬੁਖਾਰ, ਸਿਰ ਦਰਦ, ਧੱਫੜ, ਉਲਟੀਆਂ ਜਾਂ ਥਕਾਵਟ ਵਰਗੇ ਲੱਛਣ ਦਿਖਾਈ ਦਿੰਦੇ ਹਨ, ਤਾਂ ਤੁਰੰਤ ਡਾਕਟਰ ਨਾਲ ਸਲਾਹ ਕਰੋ। ਸਮੇਂ ਸਿਰ ਇਲਾਜ ਗੰਭੀਰ ਬਿਮਾਰੀਆਂ ਨੂੰ ਰੋਕ ਸਕਦਾ ਹੈ।

# ਭਾਦੋਂ ਦੀ ਤਿੜਕੀ ਤੇ ਮਤਰੇਈ ਦੀ ਝਿੜਕੀ...



ਭਾਵੇਂ ਮਨੁੱਖ ਨੇ ਬਹੁਤ ਤਰੱਕੀ ਕਰ ਲਈ ਹੈ, ਪਰ ਫਿਰ ਵੀ ਉਹ ਕੁਦਰਤ ਦੀ ਥਾਹ ਨਹੀਂ ਪਾ ਸਕਿਆ ਕਿਉਂਕਿ ਕੁਦਰਤ ਇੱਕ ਉਹ ਸ਼ਕਤੀ ਹੈ ਜੋ ਆਪਣੇ ਫ਼ੈਸਲੇ ਆਪ ਹੀ ਕਰਕੇ ਦਿਖਾ ਦਿੰਦੀ ਹੈ। ਰੁੱਤਾਂ ਬਦਲਦੀਆਂ ਹਨ। ਇਹ ਸਭ ਨੂੰ ਪਤਾ ਹੈ। ਕਿਸ ਰੁੱਤ ਵਿੱਚ ਕਦੋਂ ਮੀਂਹ ਪੈਣਾ ਹੈ ਅਤੇ ਕਦੋਂ ਮੌਸਮ ਸੁੱਕਾ ਰਹਿਣਾ ਹੈ, ਇਹ ਵੀ ਕੁਦਰਤ ਦੇ ਵੱਸ ਵਿੱਚ ਹੀ ਹੈ। ਅੱਸੂ ਕੱਤੇ ਸੁਹਾਵਣੇ ਮੌਸਮ ਵਿੱਚ ਵੀ ਕਈ ਵਾਰ ਇੰਨੇ ਤਕੜੇ ਮੀਂਹ ਪੈ ਜਾਂਦੇ ਹਨ ਕਿ ਲੋਕਾਂ ਨੂੰ ਘਰੋਂ ਬੇਘਰ ਕਰ ਦਿੰਦੇ ਹਨ। ਇਸ ਲਈ ਕੁਦਰਤ ਨੂੰ ਤਾਕਤਵਰ ਮੰਨ ਕੇ ਹੀ ਮਨੁੱਖ ਨੂੰ ਉਸ ਅਨੁਸਾਰ ਚੱਲਣਾ ਪੈਂਦਾ ਹੈ।

ਬਰਸਾਤ ਹਰ ਪ੍ਰਾਣੀ ਨੂੰ ਖ਼ੁਸ਼ੀ ਦਿੰਦੀ ਹੈ। ਇਸ ਨਾਲ ਧਰਤੀ ਹੇਠਲੇ ਜੀਵ ਜੰਤੂਆਂ ਨੂੰ ਅਤੇ ਧਰਤੀ ਦੇ ਉੱਤੇ ਰਹਿਣ ਵਾਲੇ ਪ੍ਰਾਣੀਆਂ ਨੂੰ ਰਾਹਤ ਮਿਲਦੀ ਹੈ। ਸਾਉਣ ਤੋਂ ਬਾਅਦ ਮੌਸਮ ਵਿੱਚ ਤਬਦੀਲੀ ਆਉਣੀ ਸ਼ੁਰੂ ਹੋ ਜਾਂਦੀ ਹੈ। ਭਾਦੋਂ ਦਾ ਮਹੀਨਾ ਚੜ੍ਹਦੇ ਹੀ ਰਾਤ ਨੂੰ ਤਰੇਲ ਪੈਣੀ ਸ਼ੁਰੂ ਹੋ ਜਾਂਦੀ, ਪਰ ਦਿਨ ਵੇਲੇ ਪੂਰੀ ਤਿੱਖੀ ਧੁੱਪ ਪੈਂਦੀ ਹੈ ਜੋ ਬਰਦਾਸ਼ਤ ਕਰਨੀ ਔਖੀ ਹੋ ਜਾਂਦੀ ਹੈ। ਭਾਦੋਂ ਦੇ ਮਹੀਨੇ ਵਿੱਚ ਖੇਤਾਂ ਵਿੱਚ ਕੰਮ ਕਰਦੇ ਕਾਮਿਆਂ ਨੂੰ ਇਹ ਤੇਜ਼ ਧੁੱਪ ਬਹੁਤ ਔਖਾ ਕਰਦੀ ਹੈ। ਬਜ਼ੁਰਗਾਂ ਦੇ ਕਹਿਣ ਮੁਤਾਬਕ ਭਾਦੋਂ ਦੀ ਧੁੱਪ ਦੇ ਸਤਾਏ ਹੋਏ ਲੋਕ ਸਾਧ ਬਣਨ ਲਈ ਮਜਬੂਰ ਹੋ ਜਾਂਦੇ ਹਨ। ਇਸ ਤਰ੍ਹਾਂ ਭਾਦੋਂ ਦੀ ਧੁੱਪ ਬਾਰੇ ਸਿਆਣਿਆਂ ਨੇ ਇੰਜ ਕਿਹਾ ਹੈ;

ਭਾਦੋਂ ਦੀ ਤਿੜਕੀ ਤੇ ਮਤਰੇਈ ਦੀ ਝਿੜਕੀ।

ਇਸ ਦਾ ਭਾਵ ਇਹ ਹੈ ਕਿ ਭਾਦੋਂ ਦੀ ਤਿੜਕੀ ਹੋਈ ਧੁੱਪ ਇੰਨਾ ਸਤਾਉਂਦੀ ਹੈ ਜਿਵੇਂ ਕਿ ਮਤਰੇਈ ਮਾਂ ਦੀ ਦਿੱਤੀ ਹੋਈ ਝਿੜਕ ਮਤਲਬ ਕੁਰੱਖਤ ਬੋਲ ਵਿਅਕਤੀ ਨੂੰ ਪਰੇਸ਼ਾਨ ਕਰਦੇ ਹਨ। ਸਾਉਣ ਦਾ ਮਹੀਨਾ ਕੁੜੀਆਂ ਲਈ ਖ਼ੁਸ਼ੀ ਦਾ ਹੁੰਦਾ ਹੈ ਅਤੇ ਕੁੜੀਆਂ ਪੇਕੇ ਆ ਕੇ ਆਪਣੇ ਹਾਣ ਦੀਆਂ ਨਾਲ ਖ਼ੁਸ਼ੀਆਂ ਮਨਾਉਂਦੀਆਂ ਹਨ। ਤੀਆਂ ਵਿੱਚ ਜਾ ਕੇ ਕੁੜੀਆਂ ਆਪਣੇ ਮਨ ਦੇ ਭਾਵਾਂ ਨੂੰ ਪ੍ਰਗਟ ਕਰਦੀਆਂ ਅਤੇ ਖ਼ੁਸ਼ੀ ਮਨਾਉਂਦੀਆਂ ਹਨ। ਚਿਰ ਦੀਆਂ ਵਿਆਹੀਆਂ ਹੋਈਆਂ ਕੁੜੀਆਂ ਨੂੰ ਸੰਧਾਰੇ ਦਿੱਤੇ ਜਾਂਦੇ ਹਨ ਅਤੇ ਨਾਲ ਹੀ ਪੇਕੇ ਆਈਆਂ ਨੂੰ ਜੋ ਸੱਜ ਵਿਆਹੀਆਂ ਹੁੰਦੀਆਂ ਹਨ, ਉਨ੍ਹਾਂ ਨੂੰ ਸਹੁਰਿਆਂ ਵੱਲੋਂ ਸੰਧਾਰਾ ਦਿੱਤਾ ਜਾਂਦਾ ਹੈ। ਇਸ ਸੰਧਾਰੇ ਵਿੱਚ ਸੂਟ, ਮਠਿਆਈ ਅਤੇ ਇਸ ਤੋਂ ਇਲਾਵਾ ਸ਼ਿੰਗਾਰ ਦਾ ਸਾਮਾਨ ਹੁੰਦਾ ਹੈ। ਪੀਂਘ ਝੂਟਣ ਲਈ ਫੱਟੀ ਅਤੇ ਲੱਜ (ਲੰਮਾ ਰੱਸਾ) ਵੀ ਦਿੱਤਾ ਜਾਂਦਾ ਹੈ। ਸਾਉਣ ਵਿੱਚ ਕੁੜੀਆਂ ਇਕੱਠੀਆਂ ਹੁੰਦੀਆਂ ਹਨ, ਪਰ ਭਾਦੋਂ ਵਿੱਚ ਉਨ੍ਹਾਂ ਨੇ ਆਪੋ ਆਪਣੇ ਸਹੁਰੇ ਘਰ ਜਾਣਾ ਹੀ ਹੁੰਦਾ ਹੈ ਤਾਂ ਹੀ ਕੁੜੀਆਂ ਬੋਲੀ ਪਾਉਂਦੀਆਂ ਕਹਿੰਦੀਆਂ ਹਨ;

ਸਾਉਣ ਵੀਰ ਇਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ।

ਪਹਿਲਾਂ ਕੁੜੀਆਂ ਨੂੰ ਵਿਆਹ ਤੋਂ ਬਾਅਦ ਉਸੇ ਵਕਤ ਸਹੁਰੇ ਨਹੀਂ ਭੇਜਿਆ ਜਾਂਦਾ ਸੀ ਬਲਕਿ ਉਸ ਨੂੰ ਕੁਝ ਮਹੀਨਿਆਂ ਬਾਅਦ ਭੇਜਿਆ ਜਾਂਦਾ ਸੀ। ਜਦੋਂ ਕੁੜੀ ਦੂਜੀ ਵਾਰ ਸਹੁਰੇ ਜਾਂਦੀ ਤਾਂ ਉਸ ਸਮੇਂ ਵੀ ਉਸ ਨੂੰ ਕਾਫ਼ੀ ਕੁਝ ਦਿੱਤਾ ਜਾਂਦਾ, ਜਿਵੇਂ ਬਿਸਤਰੇ ਅਤੇ ਸੂਟ ਤੋਂ ਇਲਾਵਾ ਮਠਿਆਈ ਵਗੈਰਾ। ਦੂਜੀ ਵਾਰ ਇਹ ਸਾਮਾਨ ਦੇਣ ਕਰਕੇ ਇਸ ਨੂੰ ਦਰੌਜਾ ਵੀ ਕਿਹਾ ਜਾਂਦਾ ਸੀ। ਸੌਣ ਦੀਆਂ ਤੀਆਂ ਤੋਂ ਬਾਅਦ ਭਾਦੋਂ ਵਿੱਚ ਕੁੜੀਆਂ ਨੂੰ ਸਹੁਰੇ ਘਰ ਭੇਜਿਆ ਜਾਂਦਾ ਸੀ ਤਾਂ ਇਹ ਸ਼ਬਦ ਵੀ ਇਸ ਤਰ੍ਹਾਂ ਵਰਤਦੇ ਸਨ;

ਤੀਆਂ ਸੌਣ ਦੀਆਂ, ਭਾਦੋਂ ਦੇ ਮੁਕਲਾਵੇ

ਇਸ ਤਰ੍ਹਾਂ ਲੋਕ ਗੀਤਾਂ ਵਿੱਚ ਵੀ ਭਾਦੋਂ ਦੇ ਮੁਕਲਾਵਿਆਂ ਦਾ ਜਿਕਰ ਆਉਂਦਾ ਹੈ;

ਪੰਜ ਭਾਦੋਂ ਨੂੰ ਆਈਂ ਵੇ
ਵੇ ਮੇਰਾ ਲੈਣ ਦਰੌਜਾ।

ਭਾਦੋਂ ਦੇ ਦਿਨ ਬੀਤਣ ਨਾਲ ਨਿਊਲੇ ਬਾਹਰ ਆਉਣ ਲੱਗ ਜਾਂਦੇ ਹਨ, ਇਸ ਕਰਕੇ ਸੱਪਾਂ ਦਾ ਡਰ ਘਟ ਜਾਂਦਾ ਹੈ ਕਿਉਂਕਿ ਨਿਉਲਾ ਸੱਪ ਦਾ ਦੁਸ਼ਮਣ ਹੈ ਅਤੇ ਉਹ ਉਸ ਨੂੰ ਦੇਖਦਿਆਂ ਹੀ ਉਸ ਉੱਤੇ ਵਾਰ ਕਰ ਦਿੰਦਾ ਹੈ।

ਇਨ੍ਹਾਂ ਦਿਨਾਂ ਵਿੱਚ ਮੌਸਮ ਸਾਫ਼ ਹੋਣ ਲੱਗ ਜਾਂਦਾ ਹੈ ਅਤੇ ਖੇਤਾਂ ਵਿੱਚ ਕਿਤੇ ਕਿਤੇ ਕਪਾਹਾਂ ਵੀ ਤਿੜਕਣ ਲੱਗ ਜਾਂਦੀਆਂ ਹਨ। ਕਈ ਵਾਰ ਤਾਂ ਭਾਦੋਂ ਦੇ ਪਿਛਲੇ ਪੱਖ ਕਪਾਹਾਂ ਖਿੜ ਜਾਂਦੀਆਂ ਹਨ ਅਤੇ ਲੋਕ ਇੱਕ ਇੱਕ ਵਾਰੀ ਲਾ ਵੀ ਲੈਂਦੇ ਹਨ। ਖੇਤਾਂ ਵਿੱਚ ਖਿੜੀਆਂ ਕਪਾਹਾਂ ਦੇਖਣ ਵਿੱਚ ਬਹੁਤ ਹੀ ਸੁੰਦਰ ਲੱਗਦੀਆਂ ਹਨ ਤੇ ਰਾਹ ਜਾਂਦੇ ਦਾ ਕਪਾਹ ਚੁਗਣ ਦਾ ਜੀਅ ਹੋ ਜਾਂਦਾ ਹੈ। ਇਨ੍ਹਾਂ ਦਿਨਾਂ ਵਿੱਚ ਦਿਨ ਵੇਲੇ ਗਰਮੀ ਹੁੰਦੀ ਹੈ ਅਤੇ ਰਾਤ ਨੂੰ ਠੰਢ ਹੋਣ ਲੱਗ ਜਾਂਦੀ ਹੈ।

ਇਸ ਮੌਸਮ ਵਿੱਚ ਕਪਾਹ ਅਤੇ ਨਰਮੇ ਦੇ ਖੇਤ ਫ਼ਸਲ ਨਾਲ ਭਰਪੂਰ ਤਾਂ ਹੁੰਦੇ ਹੀ ਹਨ, ਨਾਲ ਹੀ ਇਸ ਵਿੱਚ ਆਪੇ ਉੱਗੇ ਨਦੀਨ ਚਿੱਭੜ ਅਤੇ ਫੁੱਟਾਂ ਹੋ ਜਾਂਦੀਆਂ ਹਨ ਜਿਸ ਨੂੰ ਲੋਕ ਚਾਹ ਕੇ ਖਾਂਦੇ ਹਨ ਅਤੇ ਚਿੱਭੜਾਂ ਦੀ ਚਟਨੀ ਵੀ ਬਣਾਈ ਜਾਂਦੀ ਹੈ। ਕਪਾਹ ਚੁਗਣ ਵੇਲੇ ਰੋਟੀ ਨਾਲ ਚਿੱਭੜਾਂ ਦੀ ਚਟਣੀ ਦਾ ਸਵਾਦ 36 ਪਦਾਰਥਾਂ ਨਾਲੋਂ ਵੀ ਵੱਧ ਲੱਗਦਾ ਹੈ। ਇਨ੍ਹਾਂ ਦਿਨਾਂ ਵਿੱਚ ਮਲ੍ਹਿਆਂ ਦੇ ਬੇਰ ਵੀ ਲੱਗਦੇ ਹਨ।

ਭਾਦੋਂ ਦੇ ਚਾਨਣੇ ਪੱਖ ਵਿੱਚ ਭਗਵਾਨ ਸ਼ਿਵ ਦੀ ਪੂਜਾ ਕਰਨ ਵਾਲੇ ਇੱਕ ਧਾਗਾ ਬੰਨ੍ਹਦੇ ਹਨ ਜੋ ਲਗਭਗ ਢਾਈ ਮਹੀਨਿਆਂ ਦੇ ਬਾਅਦ ਖੋਲ੍ਹਿਆ ਜਾਂਦਾ ਹੈ। ਇਹ ਧਾਗਾ ਕੱਚੇ ਸੂਤ ਦਾ ਬਣਾ ਕੇ ਤਿਆਰ ਕੀਤਾ ਜਾਂਦਾ ਹੈ ਅਤੇ ਉਸ ਨੂੰ ਪੀਲੇ ਰੰਗ ਦਾ ਰੰਗਿਆ ਜਾਂਦਾ ਹੈ। ਇਸ ਮਹੀਨੇ ਦੇ ਚਾਨਣੇ ਪੱਖ ਦੇ ਕਿਸੇ ਵੀ ਸੋਮਵਾਰ ਨੂੰ ਇਹ ਧਾਗਾ ਬੰਨ੍ਹਿਆ ਜਾਂਦਾ ਹੈ ਅਤੇ ਇਸ ਨੂੰ ਢਾਈ ਮਹੀਨਿਆਂ ਦੇ ਬਾਅਦ ਖੋਲ੍ਹਿਆ ਜਾਂਦਾ ਹੈ। ਇਨ੍ਹਾਂ ਢਾਈ ਮਹੀਨਿਆਂ ਦੇ ਦੌਰਾਨ ਧਾਗਾ ਬੰਨ੍ਹਣ ਵਾਲੇ ਨੇ ਜਵਾਰ ਨਹੀਂ ਖਾਣੀ ਹੁੰਦੀ। ਇੱਥੋਂ ਤੱਕ ਕਿ ਜਵਾਰ ਭਾਵ ਚਰ੍ਹੀ ਦਾ ਗੰਨਾ ਵੀ ਨਹੀਂ ਚੂਪਿਆ ਜਾਂਦਾ। ਇਸ ਤੋਂ ਬਾਅਦ ਮੱਘਰ ਦੇ ਚਾਨਣੇ ਪੱਖ ਵਿੱਚ ਇਹ ਧਾਗਾ ਖੋਲ੍ਹਿਆ ਜਾਂਦਾ ਹੈ ਅਤੇ ਉਸ ਦਿਨ ਜਵਾਰ ਦੀ ਰੋਟੀ ਖਾਧੀ ਜਾਂਦੀ ਹੈ। ਇਸ ਆਟੇ ਦੀ ਚੂਰੀ ਕੁੱਟੀ ਜਾਂਦੀ ਹੈ ਅਤੇ ਫਿਰ ਇਸ ਚੂਰੀ ਨੂੰ ਖਾ ਕੇ ਵਰਤ ਤੋੜਿਆ ਜਾਂਦਾ ਹੈ। ਸਾਉਣ ਅਤੇ ਭਾਦੋਂ ਦਾ ਭਾਵੇਂ ਫ਼ਰਕ ਹੈ, ਪਰ ਸਾਉਣ ਦਾ ਪਿਛਲਾ ਪੱਖ ਤੇ ਭਾਦੋਂ ਦਾ ਪਹਿਲਾ ਪੱਖ ਇੱਕੋ ਜਿਹੇ ਹੀ ਬਣ ਜਾਂਦੇ ਹਨ। ਭਾਦੋਂ ਦੇ ਮਹੀਨੇ ਵਿੱਚ ਮੀਂਹ ਇੱਕ ਛਰਾਟੇ ਵਾਂਗ ਆਉਂਦਾ ਹੈ ਅਤੇ ਫਿਰ ਮੌਸਮ ਠੀਕ ਵੀ ਹੋ ਜਾਂਦਾ ਹੈ। ਦੋਵਾਂ ਮਹੀਨਿਆਂ ਦੀ ਮਾਮੂਲੀ ਸਮਾਨਤਾ ਕਰਕੇ ਬੁਝਾਰਤਾਂ ਵਿੱਚ ਵੀ ਇਨ੍ਹਾਂ ਨੂੰ ਪੇਸ਼ ਕੀਤਾ ਗਿਆ ਹੈ;

ਸਾਉਣ ਭਾਦੋਂ ਇੱਕ ਰੁੱਤ
ਦੋ ਬੁੜ੍ਹੀਆਂ ਦੇ ਇੱਕ ਗੁੱਤ। (ਸੂਲਾਂ)

ਕਿਉਂਕਿ ਕਿੱਕਰ ਦੇ ਰੁੱਖ 'ਤੇ ਲੱਗਦੀਆਂ ਸੂਲਾਂ ਇਕੱਠੀਆਂ ਦੋ ਹੀ ਲੱਗਦੀਆਂ ਹਨ। ਸਾਡੇ ਸੱਭਿਆਚਾਰ ਵਿੱਚ ਇਹ ਖ਼ਾਸੀਅਤ ਹੈ ਕਿ ਇੱਥੇ ਹਰ ਮਹੀਨੇ ਕੋਈ ਨਾ ਕੋਈ ਤਿਉਹਾਰ ਜ਼ਰੂਰ ਮਨਾਇਆ ਜਾਂਦਾ ਹੈ ਅਤੇ ਇਸ ਤਰ੍ਹਾਂ ਖ਼ੁਸ਼ ਹੋਣ ਦੇ ਮੌਕੇ ਤਿਆਰ ਕੀਤੇ ਜਾਂਦੇ ਹਨ। ਖ਼ੁਸ਼ ਰਹਿਣਾ ਹੀ ਜ਼ਿੰਦਗੀ ਦਾ ਗਹਿਣਾ ਹੈ ਅਤੇ ਸਾਨੂੰ ਚੰਗਾ ਜੀਵਨ ਜਿਊਣ ਵਾਸਤੇ ਖ਼ੁਸ਼ ਰਹਿਣ ਦੀ ਲੋੜ ਵੀ ਹੈ। ਸਾਡੀਆਂ ਆਦਤਾਂ ਹੀ ਸਾਡੀ ਜੀਵਨਸ਼ੈਲੀ ਦਾ ਆਧਾਰ ਹਨ। ਸੋ ਮਨੁੱਖ ਨੇ ਆਪਣੇ ਆਪ ਨੂੰ ਖ਼ੁਸ਼ ਰੱਖਣ ਲਈ ਅਜਿਹੇ ਸਾਧਨ ਲੱਭੇ ਹਨ, ਜਿਸ ਨਾਲ ਸਭ ਇਕੱਠੇ ਹੋ ਕੇ ਆਪਣੀ ਖ਼ੁਸ਼ੀ ਮਨਾਉਂਦੇ ਹਨ। ਭਾਦੋਂ ਦੇ ਮਹੀਨੇ ਵਿੱਚ ਜਨਮ ਅਸ਼ਟਮੀ ਦਾ ਤਿਉਹਾਰ ਆਉਂਦਾ ਹੈ ਤੇ ਇਸ ਤੋਂ ਬਾਅਦ ਅਗਲੇ ਦਿਨ ਗੁੱਗਾ ਨੌਮੀ ਵੀ ਆਉਂਦੀ ਹੈ। ਇਹ ਦੋਵੇਂ ਦਿਨ ਧੂਮ ਧਾਮ ਨਾਲ ਮਨਾਏ ਜਾਂਦੇ ਹਨ। ਜਿਵੇਂ ਕਿਹਾ ਗਿਆ ਹੈ ਕਿ ਨਾਂ ਪਿੱਤਰਾਂ ਦਾ ਤੇ ਖਾਣਾ ਆਪਣਾ। ਤਿਉਹਾਰਾਂ ਦੇ ਨਾਲ ਹੀ ਮਨੁੱਖ ਆਪਣੇ ਅਤੇ ਆਪਣੇ ਸਹਿਯੋਗੀਆਂ ਨਾਲ ਖਾਣ ਪੀਣ ਸਾਂਝਾ ਕਰਦਾ ਹੈ। ਇਸੇ ਲਈ ਇਹ ਤਿਉਹਾਰ ਵੀ ਸਾਡੇ ਜੀਵਨ ਦਾ ਇੱਕ ਪ੍ਰਮੁੱਖ ਅੰਗ ਬਣ ਚੁੱਕੇ ਹਨ।

# ਅਚਾਨਕ ਸਾਢੇ ਪੰਜ ਗੁਣਾ ਵਧਿਆ ਹਵਾਈ ਜਹਾਜ਼ ਦਾ ਕਿਰਾਇਆ

ਮੇਰਠ- ਸ਼ਾਲੀਮਾਰ ਐਕਸਪ੍ਰੈਸ ਰੱਦ ਹੋਣ ਕਾਰਨ ਜੰਮੂ-ਕਸ਼ਮੀਰ ਜਾਣ ਵਾਲੇ ਸੈਲਾਨੀਆਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰੇਲਗੱਡੀ ਰੱਦ ਹੋਣ ਕਾਰਨ ਕੰਕਰਖੇੜਾ ਗੋਵਿੰਦਪੁਰੀ ਦੇ 11 ਲੋਕਾਂ ਨੂੰ ਉਡਾਣ ਭਰਨੀ ਪਈ। ਹਵਾਈ ਕਿਰਾਇਆ ਜੋ ਆਮ ਤੌਰ 'ਤੇ ਤਿੰਨ ਹਜ਼ਾਰ ਰੁਪਏ ਹੁੰਦਾ ਹੈ, ਉਸ ਲਈ 17 ਹਜ਼ਾਰ ਰੁਪਏ ਦੇਣੇ ਪਏ। ਸਿਮਰਨ ਨੇ ਦੱਸਿਆ ਕਿ ਸੋਮਵਾਰ ਨੂੰ ਉਨ੍ਹਾਂ ਦੀ ਰੇਲਗੱਡੀ ਜੰਮੂ ਤੋਂ ਸੀ। ਸਿਮਰਨਜੀਤ ਸਿੰਘ, ਜਗਜੀਤ, ਜਸਪਾਲ ਸਿੰਘ, ਕਨਿਕਾ, ਕੰਕਰਖੇੜਾ ਗੋਵਿੰਦਪੁਰੀ ਦੇ ਹਰਜੋਤ ਅਤੇ ਖਤੌਲੀ ਦੇ ਰਾਜੀਵ ਗਰੋਵਰ 26 ਅਗਸਤ ਨੂੰ ਸ਼ਾਲੀਮਾਰ ਐਕਸਪ੍ਰੈਸ ਰਾਹੀਂ ਮੇਰਠ ਤੋਂ ਜੰਮੂ ਲਈ ਰਵਾਨਾ ਹੋਏ। ਇੱਥੋਂ ਉਹ ਪਹਿਲਗਾਮ, ਗੁਲਮਰਗ, ਸੋਨ ਮਾਰਗ ਗਏ।

ਬਾਰਾਮੂਲਾ ਵਿੱਚ, ਉਨ੍ਹਾਂ ਨੇ ਗੁਰੂ ਹਰਗੋਬਿੰਦ ਸਿੰਘ ਸਾਹਿਬ ਦੇ ਪੰਜ ਗੁਰਦੁਆਰਿਆਂ ਵਿੱਚ ਮੱਥਾ ਟੇਕਿਆ। ਜਗਜੀਤ ਨੇ ਦੱਸਿਆ ਕਿ ਉਨ੍ਹਾਂ ਕੋਲ ਸ਼ਾਲੀਮਾਰ ਐਕਸਪ੍ਰੈਸ ਵਿੱਚ ਥਰਡ ਏਸੀ ਰਿਜ਼ਰਵੇਸ਼ਨ ਸੀ। ਪਰ ਟ੍ਰੇਨ ਰੱਦ ਹੋਣ ਕਾਰਨ ਹਵਾਈ ਟਿਕਟ ਬੁੱਕ ਕਰਨੀ ਪਈ। ਟ੍ਰੇਨ ਅਤੇ ਸੜਕੀ ਰੂਟਾਂ ਦੀ ਨਾਕਾਬੰਦੀ ਕਾਰਨ ਕੰਪਨੀਆਂ ਨੇ ਹਵਾਈ ਕਿਰਾਏ ਵਿੱਚ ਭਾਰੀ ਵਾਧਾ ਕਰ ਦਿੱਤਾ ਹੈ। ਸ਼੍ਰੀਨਗਰ ਤੋਂ ਦਿੱਲੀ ਦੀ ਟਿਕਟ 17 ਹਜ਼ਾਰ ਰੁਪਏ ਦੀ ਹੈ।

# ਮਰੀਜ਼ਾਂ ਨੂੰ ਮੰਜਿਆਂ 'ਤੇ ਹਸਪਤਾਲ ਲਿਜਾ ਰਹੇ ਨੇ ਪਹਾੜਾਂ ਦੇ ਲੋਕ



ਰਿਆਸੀ- ਰਿਆਸੀ ਜ਼ਿਲ੍ਹੇ ਦੇ ਇੱਕ ਦੂਰ-ਦੁਰਾਡੇ ਪਿੰਡ ਦੇ ਲੋਕ ਖੁਸ਼ ਸਨ ਜਦੋਂ ਸਾਲਾਂ ਬਾਅਦ ਪਿੰਡ ਵਿੱਚ ਸੜਕ ਦਾ ਕੰਮ ਸ਼ੁਰੂ ਹੋਇਆ, ਪਰ ਪਿਛਲੇ 7 ਸਾਲਾਂ ਵਿੱਚ ਵੀ ਸੜਕ ਨਿਰਮਾਣ ਦਾ ਕੰਮ ਪੂਰਾ ਨਹੀਂ ਹੋਇਆ। ਮੀਂਹ ਕਾਰਨ ਕਈ ਥਾਵਾਂ 'ਤੇ ਉਸਾਰੀ ਦਾ ਕੰਮ ਖਰਾਬ ਹੋ ਗਿਆ ਹੈ। ਸਾਲ 2017 ਵਿੱਚ ਪੌਣੀ ਸ਼ਹਿਰ ਦੇ ਮਾੜੀ ਖੇਤਰ ਵਿੱਚ ਮਾੜੀ ਤੋਂ ਟੱਕੀਕੋਟ ਤੱਕ 16 ਕਿਲੋਮੀਟਰ ਸੜਕ ਦੇ ਨਿਰਮਾਣ ਲਈ ਪੀਐਮਜੀਐਸਵਾਈ ਦੁਆਰਾ ਸੂਚਕ ਬੋਰਡ ਲਗਾਏ ਗਏ ਸਨ। ਜਿਸ ਵਿੱਚ ਸਾਲ 2019 ਵਿੱਚ ਸੜਕ ਨਿਰਮਾਣ ਦਾ ਕੰਮ ਪੂਰਾ ਹੋਣ ਬਾਰੇ ਜਾਣਕਾਰੀ ਦਿੱਤੀ ਗਈ ਸੀ, ਪਰ ਸੜਕ ਨਿਰਮਾਣ ਦਾ ਕੰਮ ਸ਼ੁਰੂ ਨਾ ਹੋਣ ਕਾਰਨ ਪਿੰਡ ਵਾਸੀਆਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।

ਸੜਕ ਨਿਰਮਾਣ ਦਾ ਕੰਮ ਸਾਲ 2023-24 ਵਿੱਚ ਸ਼ੁਰੂ ਹੋਇਆ ਸੀ ਅਤੇ ਲਗਭਗ 10 ਕਿਲੋਮੀਟਰ ਸੜਕ ਕੱਟ ਦਿੱਤੀ ਗਈ ਹੈ। ਬਾਕੀ ਸੜਕ ਬਣਾਉਣ ਦਾ ਕੰਮ ਮੀਂਹ ਕਾਰਨ ਬੰਦ ਕਰ ਦਿੱਤਾ ਗਿਆ ਹੈ। ਪੀਐਮਜੀਐਸਵਾਈ ਅਧਿਕਾਰੀਆਂ ਨੇ ਦੱਸਿਆ ਕਿ ਮੀਂਹ ਕਾਰਨ ਸੜਕ ਨੂੰ ਬਹੁਤ ਨੁਕਸਾਨ ਹੋਇਆ ਹੈ।

ਦੋ ਜੇਸੀਬੀ ਮਲਬਾ ਹਟਾਉਣ ਵਿੱਚ ਲੱਗੇ ਹੋਏ ਹਨ। ਕੁਝ ਦਿਨਾਂ ਵਿੱਚ ਮਲਬਾ ਹਟਾ ਦਿੱਤਾ ਜਾਵੇਗਾ ਅਤੇ ਲੋਕਾਂ ਦੇ ਚੱਲਣ ਲਈ ਇੱਕ ਰਸਤਾ ਬਣਾਇਆ ਜਾਵੇਗਾ। ਮਾਤਾ ਤੋਂ ਟਿੱਕੀਕੋਟ ਤੱਕ ਹੋਰ ਕੰਮ ਵੀ ਕੀਤਾ ਜਾਵੇਗਾ। ਪਰ ਹਰ ਵਾਰ ਮੀਂਹ ਤੋਂ ਬਾਅਦ, ਸੜਕ ਖਰਾਬ ਹੋ ਜਾਂਦੀ ਹੈ ਅਤੇ ਪੀਐਮਜੀਐਸਬੀਵਾਈ ਦੀ ਦੇਰੀ ਕਾਰਨ, ਪਿੰਡ ਵਿੱਚ ਸੜਕ ਨਿਰਮਾਣ ਹੁਣ ਤੱਕ ਪੂਰਾ ਨਹੀਂ ਹੋਇਆ ਹੈ।

# ਇਕੱਲੇਪਣ ਦਾ ਸ਼ਿਕਾਰ ਹੋ ਰਹੇ ਨੇ ਨਵੀਂ ਪੀੜੀ ਦੇ ਬੱਚੇ

ਅੱਜ ਦੇ ਸਮੇਂ ਵਿੱਚ ਕਿਸ਼ੋਰ ਅਵਸਥਾ ਤੋਂ ਹੀ ਬੱਚਿਆਂ ’ਤੇ ਕਰੀਅਰ ਬਣਾਉਣ ਦਾ ਬਹੁਤ ਜ਼ਿਆਦਾ ਦਬਾਅ ਹੈ। ਬੱਚਿਆਂ ਨੂੰ ਇਹੀ ਗੱਲ ਪੁੱਛੀ ਜਾਂਦੀ ਹੈ ਕਿ ਤੁਸੀਂ ਕੀ ਕਰ ਰਹੇ ਹੋ ਤੇ ਤੁਸੀਂ ਕੀ ਬਣਨਾ ਹੈ? ਮਾਤਾ-ਪਿਤਾ ਤੋਂ ਹਰ ਕੋਈ ਇਹੀ ਸਵਾਲ ਕਰਦਾ ਹੈ ਕਿ ਤੁਹਾਡੇ ਬੱਚੇ ਕੀ ਕਰ ਰਹੇ ਹਨ? ਕਿੰਨੇ ਨੰਬਰ ਆਏ ਹਨ? ਕਿਹੜਾ ਰੈਂਕ ਆਇਆ ਹੈ? ਸਾਡੇ ਆਲੇ ਦੁਆਲੇ ਤੇ ਸਮਾਜ ਵਿੱਚੋਂ ਆਏ ਇਨ੍ਹਾਂ ਸਵਾਲਾਂ ਦਾ ਦਬਾਅ ਮਾਂ-ਬਾਪ ’ਤੇ ਤਾਂ ਬਣਦਾ ਹੀ ਹੈ, ਪਰ ਬੱਚਿਆਂ ’ਤੇ ਬਹੁਤ ਜਿਆਦਾ ਬਣਦਾ ਹੈ।

ਬੱਚਿਆਂ ਦੀ ਕਾਰਗੁਜ਼ਾਰੀ ਨੂੰ ਰੁਤਬੇ ਨਾਲ ਜੋੜ ਲਿਆ ਗਿਆ ਹੈ। ਮਾਂ-ਬਾਪ ਇਹ ਚਾਹੁੰਦੇ ਹਨ ਕਿ ਉਨ੍ਹਾਂ ਦਾ ਬੱਚਾ ਕੁਝ ਅਜਿਹਾ ਕਰੇ ਜਿਸ ਨਾਲ ਉਹ ਹੁੱਬ ਕੇ ਇਹ ਦੱਸਣ ਕਿ ਉਨ੍ਹਾਂ ਦੇ ਬੱਚੇ ਦੀ ਪ੍ਰਾਪਤੀ ਕੀ ਹੈ, ਪਰ ਕੀ ਇਹ ਜ਼ਰੂਰੀ ਹੈ ਕਿ ਹਰ ਬੱਚਾ ਉਸ ਪੱਧਰ ’ਤੇ ਪਹੁੰਚ ਸਕੇ? ਕੀ ਹਰ ਬੱਚੇ ਦੀ ਕਾਬਲੀਅਤ ਇੱਕੋ ਜਿਹੀ ਹੁੰਦੀ ਹੈ? ਅਜਿਹਾ ਨਾ ਹੁੰਦਾ ਹੈ ਅਤੇ ਨਾ ਹੋ ਸਕਦਾ ਹੈ। ਇਸ ਗੱਲ ਨੂੰ ਨਾ ਸਮਝਣ ਕਰਕੇ ਹੀ ਬੱਚੇ ਦਬਾਅ ਹੇਠ ਜੀਅ ਰਹੇ ਹਨ।

ਉਹ ਉਮਰ ਜਿਸ ਵਿੱਚ ਬੱਚੇ ਨੂੰ ਮਾਂ-ਬਾਪ ਦੀ ਸਭ ਤੋਂ ਜ਼ਿਆਦਾ ਜ਼ਰੂਰਤ ਹੁੰਦੀ ਹੈ, ਉਸ ਸਮੇਂ ਉਸ ਤੋਂ ਦੂਰੀ ਬਣਾਈ ਜਾਂਦੀ ਹੈ ਕਿ ਉਹ ਪੜ੍ਹਾਈ ਕਰੇ। ਜਿਸ ਉਮਰ ਵਿੱਚ ਦੋਸਤਾਂ ਨਾਲ ਉਸ ਨੇ ਬਹੁਤ ਕੁਝ ਸਿੱਖਣਾ ਹੁੰਦਾ ਹੈ, ਉਸ ਉਮਰ ਵਿੱਚ ਉਸ ਨੂੰ ਕੋਚਿੰਗ ਸੰਸਥਾਵਾਂ ਦੇ ਜਾਲ ਵਿੱਚ ਫਸਾ ਦਿੱਤਾ ਜਾਂਦਾ ਹੈ। ਬੱਚਾ ਕੋਚਿੰਗ



ਸੰਸਥਾਨ ਤੋਂ ਘਰ ਤੇ ਘਰ ਤੋਂ ਕੋਚਿੰਗ ਸੰਸਥਾਨ, ਬਸ ਇਸੇ ਵਿੱਚ ਉਲਝਿਆ ਰਹਿ ਜਾਂਦਾ ਹੈ। ਵੱਡੇ ਵੱਡੇ ਕੋਚਿੰਗ ਸੰਸਥਾਨ ਪੈਸੇ ਕਮਾਉਣ ਦੀਆਂ ਮਸ਼ੀਨਾਂ ਹਨ। ਮਾਂ-ਬਾਪ ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ।

ਉਹ ਸਿਰਫ਼ ਇਹ ਚਾਹੁੰਦੇ ਹਨ ਕਿ ਉਨ੍ਹਾਂ ਦਾ ਬੱਚਾ ਕਰੋੜਾਂ ਦਾ ਪੈਕੇਜ ਲਵੇ, ਬਿਨਾਂ ਇਹ ਸਮਝੇ ਕਿ ਬੱਚਾ ਕੀ ਚਾਹੁੰਦਾ ਹੈ। ਕਾਰਗੁਜ਼ਾਰੀ ਦਾ ਦਬਾਅ ਇੰਨਾ ਜ਼ਿਆਦਾ ਹੈ ਕਿ ਬੱਚੇ ਦੇ ਮਨ ਵਿੱਚ ਜੇ ਉਸ ਪੱਧਰ ਦੀ ਪ੍ਰਾਪਤੀ ਨਾ ਕਰ ਸਕੇ ਜਿਸ ਦੀ ਉਸ ਤੋਂ ਉਮੀਦ ਕੀਤੀ ਗਈ ਹੈ, ਨਿਰਾਸ਼ਾ ਪੈਦਾ ਹੋ ਜਾਂਦੀ ਹੈ। ਉਸ ਨੂੰ ਆਪਣੇ ਆਪ ਤੋਂ ਹਿਕਾਰਤ ਹੋਣ ਲੱਗਦੀ ਹੈ। ਉਹ ਬਿਨਾਂ ਜ਼ਿੰਦਗੀ ਦੇ ਕਿਸੇ ਮੈਦਾਨ ਵਿੱਚ ਨਿੱਤਰੇ ਆਪਣੇ ਆਪ ਨੂੰ ਹਾਰਿਆ ਹੋਇਆ ਮੰਨ ਲੈਂਦਾ ਹੈ। ਇਹ ਹਾਰ ਉਸ ਦੇ ਅੰਦਰ ਇੰਨੀ ਗਹਿਰੀ ਬੈਠ ਜਾਂਦੀ ਹੈ ਕਿ ਉਹ ਕੁਝ ਨਹੀਂ ਕਰ ਸਕਦਾ।

ਦੋ-ਢਾਈ ਸਾਲ ਦੇ ਬੱਚੇ ਤੋਂ ਉਮੀਦ ਸ਼ੁਰੂ ਹੋ ਜਾਂਦੀ ਹੈ ਕਿ ਉਹ ਦੂਜਿਆਂ ਅੱਗੇ ਵਧੀਆ ਪੇਸ਼ਕਾਰੀ ਕਰੇ। 14 ਸਾਲ ਦੀ ਉਮਰ ਤੋਂ ਬਾਅਦ ਤਾਂ ਇਹ ਦਬਾਅ ਬਹੁਤ ਜ਼ਿਆਦਾ ਵਧ ਜਾਂਦਾ ਹੈ। ਬੱਚੇ ਦਾ ਬਚਪਨ ਇਨ੍ਹਾਂ ਉਮੀਦਾਂ ਤੇ ਦਬਾਅ ਵਿੱਚ ਰੁਲ ਜਾਂਦਾ ਹੈ। ਕਦੀ ਧਿਆਨ ਕਰੋ ਅੱਜਕੱਲ੍ਹ ਦੇ ਬੱਚਿਆਂ ਦੇ ਦੋਸਤ ਨਹੀਂ ਹਨ। ਬੱਚੇ ਦੋਸਤਾਂ ਦੇ ਘਰ ਨਹੀਂ ਜਾਂਦੇ, ਨਾ ਹੀ ਦੋਸਤ ਉਨ੍ਹਾਂ ਦੇ ਘਰ ਆਉਂਦੇ ਹਨ। ਚੰਗੇ ਨੰਬਰਾਂ ਦੇ ਚੱਕਰ ਵਿੱਚ ਮਾਂ-ਬਾਪ ਇੱਕ ਨਿਗਰਾਨੀ ਕੈਮਰੇ ਵਾਂਗ ਉਨ੍ਹਾਂ ਦੇ ਦੁਆਲੇ ਘੁੰਮਦੇ ਹਨ। ਉਹ ਇਹ ਚਾਹੁੰਦੇ ਹਨ ਕਿ ਉਹੀ ਬੱਚੇ ਦੇ ਦੋਸਤ ਬਣਨ। ਇਹ ਬਹੁਤ ਚੰਗੀ ਗੱਲ ਹੈ ਕਿ ਉਹ ਬੱਚੇ ਦੇ ਦੋਸਤ ਬਣਨ, ਪਰ ਬੱਚੇ ਨੂੰ ਹਮ ਉਮਰ ਦੋਸਤਾਂ ਦੀ ਵੀ ਜ਼ਰੂਰਤ ਹੈ।

ਜਿਹੜੀ ਸਾਂਝ ਬੱਚਾ ਆਪਣੇ ਹਮ ਉਮਰ ਦੋਸਤਾਂ ਨਾਲ ਪਾ ਸਕਦਾ ਹੈ, ਉਹ ਮਾਂ-ਬਾਪ ਨਾਲ ਸੰਭਵ ਨਹੀਂ। ਇਸ ਉਮਰ ਵਿੱਚ ਸ਼ਖ਼ਸੀਅਤ ਦੀ ਨੀਂਹ ਰੱਖੀ ਜਾਂਦੀ ਹੈ। ਅੱਧੇ ਨੂੰ ਮਜ਼ਬੂਤੀ ਦੇਣ ਲਈ ਪਾਣੀ ਪਾਉਣਾ ਪੈਂਦਾ ਹੈ ਤੇ ਮਿੱਟੀ ਨਰਮ ਰੱਖਣੀ ਪੈਂਦੀ ਹੈ। ਸਖ਼ਤ ਮਿੱਟੀ ਵਿੱਚ ਪੌਦਾ ਮਰ ਜਾਂਦਾ ਹੈ। ਬਸ ਇਹੀ ਭੁੱਲ ਅੱਜਕੱਲ੍ਹ ਮਾਂ-ਬਾਪ ਆਪਣੇ ਬੱਚਿਆਂ ਨਾਲ ਕਰ ਰਹੇ ਹਨ। ਉਨ੍ਹਾਂ ਨੂੰ ਨਰਮ ਮਿੱਟੀ ਨਹੀਂ ਦੇ ਰਹੇ ਜਿੱਥੇ ਉਹ ਆਪਣੇ ਤਰੀਕੇ ਨਾਲ ਵਧ ਫੁੱਲ ਸਕਣ।

ਹਰ ਬੱਚੇ ਦੇ ਅੰਦਰ ਕੋਈ ਨਾ ਕੋਈ ਪ੍ਰਤਿਭਾ ਹੈ, ਪਰ ਹਰ ਬੱਚੇ ਦੇ ਅੰਦਰ ਇੱਕੋ ਪ੍ਰਤਿਭਾ ਨਹੀਂ ਹੈ। ਜੇ ਦੂਜੇ ਦੇ ਬੱਚੇ ਨੇ ਡਾਕਟਰੀ ਕੀਤੀ ਹੈ ਤਾਂ ਜ਼ਰੂਰੀ ਨਹੀਂ ਹੈ ਕਿ ਤੁਹਾਡਾ ਬੱਚਾ ਵੀ ਡਾਕਟਰੀ ਹੀ ਕਰੇਗਾ। ਇਸ ਸਾਰੇ ਰੌਲੇ ਗੌਲੇ ਵਿੱਚ ਬੱਚਾ ਅੰਦਰੋਂ ਅੰਦਰ ਇਕੱਲਾ ਹੁੰਦਾ ਜਾ ਰਿਹਾ ਹੈ। ਉਹ ਆਪਣੇ ਮਾਂ-ਬਾਪ ਜੋ ਕਿ ਉਸ ਦੇ ਦੋਸਤ ਬਣੇ ਹੋਏ ਹਨ, ਉਨ੍ਹਾਂ ਨਾਲ ਆਪਣਾ ਡਰ ਸਾਂਝਾ ਨਹੀਂ ਕਰ ਸਕਦਾ। ਉਸ ਨੂੰ ਪਤਾ ਹੈ ਕਿ ਉਸ ਤੋਂ ਉਮੀਦਾਂ ਬਹੁਤ ਜ਼ਿਆਦਾ ਹਨ। ਉਹ ਇਕੱਲੇਪਣ ਦਾ ਸ਼ਿਕਾਰ ਹੋ ਰਿਹਾ ਹੈ। ਉਸ ਦੇ ਡਰ ਉਸ ’ਤੇ ਹਾਵੀ ਹੋ ਜਾਂਦੇ ਹਨ, ਜਦੋਂ ਉਹ ਉਸ ਪੱਧਰ ਦੀ ਕਾਰਗੁਜ਼ਾਰੀ ਨਹੀਂ ਦਿਖਾ ਸਕਦਾ ਜਿਸ ਦੀ ਉਸ ਤੋਂ ਉਮੀਦ ਕੀਤੀ ਗਈ ਹੈ।

ਦੋਸਤਾਂ ਦਾ ਹੌਸਲਾ ਬਹੁਤ ਵੱਡਾ ਹੁੰਦਾ ਹੈ। ਚੰਗੇ ਦੋਸਤ ਜਦੋਂ ਸਾਨੂੰ ਜ਼ਿੰਦਗੀ ਵਿੱਚ ਕੁਝ ਕਰ ਗੁਜ਼ਰਨਾ ਸਿਖਾਉਂਦੇ ਹਨ, ਨਾਲ ਇਹ ਵੀ ਸਿਖਾਉਂਦੇ ਹਨ ਕਿ ਹਾਰ ਨੂੰ ਕਿਸ ਤਰ੍ਹਾਂ ਮਨਜ਼ੂਰ ਕਰਨਾ ਹੈ। ਲੱਖ ਦੋਸਤ ਬਣ ਜਾਵੋ, ਤੁਸੀਂ ਆਪਣੇ ਬੱਚਿਆਂ ਦੇ ਹਮਉਮਰ ਦੀ ਦੋਸਤੀ ਦਾ ਮੁਕਾਬਲਾ ਨਹੀਂ ਕਰ ਸਕਦੇ। ਉਸ ਦੋਸਤੀ ਵਿੱਚ ਇੱਕ ਦੂਜੇ ਨੂੰ ਜੱਜ ਨਹੀਂ ਕੀਤਾ ਜਾਂਦਾ, ਨਿਰਖਿਆ ਪਰਖਿਆ ਨਹੀਂ ਜਾਂਦਾ। ਉਸ ਦੋਸਤੀ ਵਿੱਚ ਇੱਕ ਦੂਜੇ ਨੂੰ ਕਬੂਲ ਕੀਤਾ ਜਾਂਦਾ ਹੈ। ਕਬੂਲੇ ਜਾਣ ਦਾ ਅਹਿਸਾਸ ਬੰਦੇ ਨੂੰ ਅੰਦਰੋਂ ਮਜ਼ਬੂਤ ਬਣਾਉਂਦਾ ਹੈ। ਇੱਕ ਵਧੀਆ ਸ਼ਖ਼ਸੀਅਤ ਦਾ ਉਭਾਰ ਉਦੋਂ ਵੀ ਹੁੰਦਾ ਹੈ ਜਦੋਂ ਕੋਈ ਅੰਦਰੋਂ ਮਜ਼ਬੂਤ ਹੋਵੇ। ਖੋਖਲੇ ਦਰੱਖਤ ਜ਼ਰਾ ਜਿੰਨੀ ਹਨੇਰੀ ਵਿੱਚ ਡਿੱਗ ਪੈਂਦੇ ਹਨ।

ਕਿਸ਼ੋਰ ਅਵਸਥਾ ਵਿੱਚ ਦੋਸਤਾਂ ਦਾ ਖ਼ਾਸ ਮਹੱਤਵ ਹੁੰਦਾ ਹੈ। ਇਸ ਸਮੇਂ ਦੋਸਤ ਮਾਤਾ-ਪਿਤਾ ਤੋਂ ਵੀ ਪਹਿਲਾਂ ਆ ਜਾਂਦੇ ਹਨ। ਬੱਚਾ ਆਪਣੇ ਦੋਸਤਾਂ ’ਤੇ ਬਹੁਤ ਭਰੋਸਾ ਕਰਦਾ ਹੈ। ਉਨ੍ਹਾਂ ਨਾਲ ਆਪਣੇ ਦਿਲ ਦੀ ਗੱਲ ਸਾਂਝੀ ਕਰਦਾ ਹੈ। ਦੋਸਤ ਨੂੰ ਹੌਸਲਾ ਵੀ ਦਿੰਦੇ ਹਨ। ਇੱਕੋ ਉਮਰ ਦੇ ਹੋਣ ਕਰਕੇ ਇੱਕ-ਦੂਜੇ ਨੂੰ ਸਮਝਦੇ ਹਨ। ਅੱਜ ਜਦੋਂ ਮਾਂ-ਬਾਪ ਨੇ ਆਪਣੇ ਬੱਚਿਆਂ ਨੂੰ ਆਪਣੇ ਨਾਲ ਜੋੜ ਕੇ ਇੱਕ ਲਿਹਾਫ ਦੇ ਵਿੱਚ ਲਪੇਟ ਲਿਆ ਹੈ, ਉਸ ਸਮੇਂ ਬੱਚੇ ਅੰਦਰੋਂ ਕਿੰਨੇ ਸਹਿਮੇ ਹੋਏ ਹਨ, ਇਹ ਸਮਝਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ। ਕਿਤੇ ਬਾਹਰ ਖਾਣ ਜਾਣਾ ਹੈ ਤਾਂ ਵੀ ਮਾਤਾ-ਪਿਤਾ ਨਾਲ, ਕਿਤੇ ਘੁੰਮਣ ਜਾਣਾ ਹੈ ਤਾਂ ਵੀ ਮਾਤਾ-ਪਿਤਾ ਨਾਲ। ਇਹ ਸਮਝਣ ਦੀ ਲੋੜ ਹੈ ਕਿ ਬੱਚੇ ਦੀ ਆਪਣੀ ਸ਼ਖ਼ਸੀਅਤ ਨੂੰ ਵਧਣ ਫੁੱਲਣ ਦੇਣਾ ਵੀ ਜ਼ਰੂਰੀ ਹੈ। ਬਹੁਤ ਅਹਿਮ ਹੈ ਕਿ ਤੁਸੀਂ ਆਪਣੇ ਬੱਚੇ ਦੇ ਦੋਸਤਾਂ ਬਾਰੇ ਜਾਣਕਾਰੀ ਰੱਖੋ। ਉਸ ਨੂੰ ਸਹੀ ਸੰਗਤ ਬਾਰੇ ਦੱਸੋ ਤੇ ਬੁਰੀ ਸੰਗਤ ਤੋਂ ਬਚਾਓ, ਪਰ ਇਸ ਦਾ ਮਤਲਬ ਇਹ ਨਹੀਂ ਕਿ ਉਸ ਨੂੰ ਦੋਸਤਾਂ ਤੋਂ ਦੂਰ ਰੱਖੋ।

ਅਸੀਂ ਛੋਟੇ ਪਰਿਵਾਰ ਦੇ ਨਾਂ ’ਤੇ ਬੱਚੇ ਨੂੰ ਦਾਦਾ-ਦਾਦੀ ਤੋਂ ਦੂਰ ਕਰ ਦਿੱਤਾ ਹੈ। ਪਹਿਲਾਂ ਇਕੱਠੇ ਪਰਿਵਾਰਾਂ ਵਿੱਚ ਚਾਚੇ-ਤਾਇਆਂ ਦੇ ਬੱਚੇ ਹਾਣ ਦੇ ਹੁੰਦੇ ਸਨ ਤੇ ਸਾਰੇ ਬੱਚੇ ਇਕੱਠੇ ਪਲਦੇ ਸਨ। ਉਹ ਭੈਣ-ਭਰਾ ਵੀ ਹੁੰਦੇ ਸਨ ਤੇ ਦੋਸਤ ਵੀ, ਪਰ ਹੁਣ ਇਹ ਕਿਤੇ ਦਿਖਾਈ ਨਹੀਂ ਦਿੰਦਾ। ਹੁਣ ਹਰ ਕੋਈ ਆਪਣੇ ਸੀਮਤ ਦਾਇਰੇ ਵਿੱਚ ਜੀ ਰਿਹਾ ਹੈ। ਜਦੋਂ ਆਪਣਿਆਂ ਦੀ ਗਿਣਤੀ ਘਟਦੀ ਹੈ ਤਾਂ ਉਨ੍ਹਾਂ ’ਤੇ ਧਿਆਨ ਵਧ ਜਾਂਦਾ ਹੈ। ਇਹ ਵਧਿਆ ਹੋਇਆ ਧਿਆਨ ਅੰਦਰੋਂ ਕਿਸੇ ਕਮਜ਼ੋਰੀ ਦਾ ਸੂਚਕ ਵੀ ਹੁੰਦਾ ਹੈ। ਅਜਿਹੇ ਵਿੱਚ ਅਸੀਂ ਇੰਨੇ ਕੁ ਡਰੇ ਹੋਏ ਹੁੰਦੇ ਹਾਂ ਤੇ ਦੂਸਰੇ ਦੀ ਸ਼ਖ਼ਸੀਅਤ ਨੂੰ ਦਬਾ ਦਿੰਦੇ ਹਾਂ। ਇਹੀ ਗ਼ਲਤੀ ਅੱਜ ਦੇ ਮਾਂ-ਬਾਪ ਕਰ ਰਹੇ ਹਨ।

ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਕਿ ਉਨ੍ਹਾਂ ਦੀ ਦੋਸਤੀ ਬੱਚੇ ਨੂੰ ਉਹ ਸਭ ਨਹੀਂ ਦੇ ਸਕਦੀ ਜੋ ਇੱਕ ਹਮ ਉਮਰ ਦੀ ਦੋਸਤੀ ਦੇ ਸਕਦੀ ਹੈ। ਬੱਚੇ ਨੂੰ ਆਪਣੀਆਂ ਨਜ਼ਰਾਂ ਦੇ ਸਾਹਮਣੇ ਰੱਖਣ ਦਾ ਮਤਲਬ ਇਹ ਨਹੀਂ ਕਿ 24 ਘੰਟੇ ਉਸ ਨਾਲ ਹੀ ਰਹੋ। ਵਾਰ ਵਾਰ ਫੋਨ ਕਰਦੇ ਰਹੋ। ਜੇ ਬੱਚਾ ਘਰ ਹੈ ਤਾਂ ਸੀਸੀਟੀਵੀ ਕੈਮਰੇ ਰਾਹੀਂ ਉਸ ਨੂੰ ਵੇਖਦੇ ਰਹੋ। ਇਸ ਸਭ ਨਾਲ ਕੁਝ ਹਾਸਲ ਨਹੀਂ ਹੋਣਾ। ਇਸ ਨਾਲ ਤੁਸੀਂ ਆਪਣੇ ਬੱਚੇ ਦੇ ਅੰਦਰ ਦੇ ਖਾਲੀ ਪਾੜ ਨੂੰ ਵਧਾ ਰਹੇ ਹੋ। ਉਸ ਨੂੰ ਉਸ ਦੇ ਹਿੱਸੇ ਦਾ ਅਸਮਾਨ ਦਿਓ। ਉਸ ਨੂੰ ਉੱਡਣ ਦਿਓ। ਹਾਂ ਉਸ ਨੂੰ ਇਨੀ ਅਪਣੱਤ ਦਿਓ ਕਿ ਉਹ ਉੱਡ ਕੇ ਤੁਹਾਡੇ ਕੋਲ ਵਾਪਸ ਆਵੇ। ਪਿਆਰ ਦਾ ਮਤਲਬ ਬੰਨ੍ਹ ਲੈਣਾ ਨਹੀਂ ਹੈ।

ਅੱਜ ਤੁਸੀਂ ਆਪਣੇ ਬੱਚਿਆਂ ਨੂੰ ਆਪਣੇ ਤੱਕ ਮਹਿਦੂਦ ਕਰ ਲਿਆ। ਇਸ ਦੇ ਸਿੱਟੇ ਦੋਵੇਂ ਪਾਸੇ ਬੁਰੇ ਨਿਕਲਦੇ ਹਨ। ਬੱਚਾ ਵੀ ਅੰਦਰੋਂ ਕਿਤੇ ਖਾਲੀ ਹੋ ਰਿਹਾ ਹੈ, ਉਸ ਨੂੰ ਜ਼ਰੂਰਤ ਹੈ ਆਪਣੇ ਹਮ ਉਮਰ ਦੋਸਤਾਂ ਦੀ। ਤੁਸੀਂ ਵੀ ਆਪਣੇ ਆਪ ਨੂੰ ਉਸ ਤੱਕ ਰੱਖ ਕੇ ਆਪਣੇ ਲਈ ਬਹੁਤ ਸਾਰੇ ਰਾਹ ਬੰਦ ਕੀਤੇ ਹਨ। ਜਦੋਂ ਉਹ ਵੱਡਾ ਹੋ ਕੇ ਜ਼ਿੰਦਗੀ ਦੇ ਮੈਦਾਨ ਵਿੱਚ ਨਿਕਲੇਗਾ, ਫਿਰ ਤੁਸੀਂ ਘਰੇ ਇਕੱਲੇ ਰਹਿ ਜਾਓਗੇ। ਉਹ ਖਾਲੀਪਣ ਤੁਹਾਡੇ ਤੋਂ ਵੀ ਸਹਾਰਿਆ ਨਹੀਂ ਜਾਏਗਾ। ਇਹ ਮਾਨਸਿਕ ਰੋਗਾਂ ਵਿੱਚ ਗ੍ਰਸਤ ਹੋਣ ਦੀ ਨੀਂਹ ਅਸੀਂ ਆਪ ਬਣ ਰਹੇ ਹਾਂ ਆਪਣੇ ਲਈ ਵੀ ਤੇ ਆਪਣੇ ਬੱਚੇ ਲਈ ਵੀ। ਬੱਚੇ ਵੱਲ ਧਿਆਨ ਦਿਓ, ਪਰ ਉਸ ਨੂੰ ਦੋਸਤਾਂ ਵਿੱਚ ਜਿਊਂਦੇ ਹੋਏ ਦੋਸਤੀ ਦਾ ਸੁੱਖ ਮਾਣਨ ਦਾ ਸਮਾਂ ਦਿਓ।

# ਦਿਲ ਨੂੰ ਖੋਲ੍ਹਿਆ ਨਾ ਜੇਕਰ ਯਾਰਾਂ ਦੇ ਨਾਲ, ਖੋਲ੍ਹਣਾ ਪਏਗਾ ਇਹ ਫਿਰ ਔਜ਼ਾਰਾਂ ਦੇ ਨਾਲ

‘ਨਿੱਘ ਹੈ, ਨਾ ਰੋਸ਼ਨੀ ਹੈ! ਕੀ ਤੇਰੀ ਦੋਸਤੀ ਹੈ?’ ਕਵੀ ਡਾ. ਸੁਰਜੀਤ ਪਾਤਰ ਇਸ ਸ਼ਿਅਰ ਰਾਹੀਂ ਕਹਿ ਰਿਹਾ ਹੈ ਕਿ ਦੋਸਤੀ ਸੂਰਜ ਵਾਂਗ ਹੋਣੀ ਚਾਹੀਦੀ ਹੈ। ਉਹ ਸਾਨੂੰ ਨਿੱਘ ਦਿੰਦਾ ਹੈ ਅਤੇ ਚਾਨਣ ਮੁਨਾਰਾ ਬਣ ਕੇ ਸਾਡਾ ਰਾਹ ਵੀ ਰੁਸ਼ਨਾਉਂਦਾ ਹੈ। ਇਸੇ ਤਰ੍ਹਾਂ ਦੋਸਤੀ ਵਿੱਚੋਂ ਸਾਨੂੰ ਨਿੱਘ ਤਾਂ ਆਉਣਾ ਹੀ ਚਾਹੀਦਾ ਹੈ। ਜੇਕਰ ਦੋਸਤਾਂ ਵਿੱਚੋਂ ਕੋਈ ਇੱਕ ਆਪਣੇ ਰਾਹ ਤੋਂ ਭਟਕ ਜਾਵੇ ਤਾਂ ਉਸ ਦਾ ਦੋਸਤ ਉਸ ਨੂੰ ਭਟਕੇ ਰਾਹ ਤੋਂ ਮੋੜ ਕੇ ਸਹੀ ਰਾਹ ’ਤੇ ਲੈ ਆਉਂਦਾ ਹੈ। ਇਹੋ ਦੋਸਤੀ ਹੈ, ਪ੍ਰੰਤੂ ਜੇਕਰ ਦੋਸਤੀ ਵਿੱਚ ਨਿੱਘ ਵੀ ਨਹੀਂ ਹੈ ਤੇ ਰੋਸ਼ਨੀ ਵੀ ਨਹੀਂ ਹੈ। ਤਦ ਇਹੋ ਜਿਹੀ ਸਾਂਝ ਨੂੰ ਦੋਸਤੀ ਨਹੀਂ ਕਿਹਾ ਜਾ ਸਕਦਾ। ਇਹੋ ਜਿਹੇ ਦੋਸਤੀ ਦੇ ਸਬੰਧ ਕਿਸੇ ਕੰਮ ਦੇ ਨਹੀਂ ਹੁੰਦੇ।

ਅਸੀਂ ਜਾਣਦੇ ਹਾਂ ਕਿ ਜਿਸ ਇਨਸਾਨ ਦੇ ਵਧੇਰੇ ਦੋਸਤ ਹੁੰਦੇ ਹਨ, ਉਹ ਓਨਾ ਹੀ ਆਪਣੇ ਆਪ ਵਿੱਚ ਵਧੇਰੇ ਅਮੀਰ ਅਤੇ ਖੁਸ਼ਹਾਲ ਹੁੰਦਾ ਹੈ। ਅੱਜ ਜਿਸ ਢੰਗ ਨਾਲ ਸਮਾਜ ਵਿੱਚ ਚਾਰੇ ਪਾਸੇ ਹਿੰਸਾ ਵਧ ਰਹੀ ਹੈ। ਸਰਹੱਦਾਂ ਉੱਤੇ ਤਣਾਅ ਵਧ ਰਿਹਾ ਹੈ। ਬਾਰੂਦ ਦੇ ਢੇਰ ਇਸ ਧਰਤੀ ਨੂੰ ਨਰਕ ਬਣਾ ਰਹੇ ਹਨ। ਇਹ ਬੇਹੱਦ ਦੁਖਦਾਇਕ ਅਤੇ ਚਿੰਤਾਜਨਕ ਸਥਿਤੀ ਹੈ। ਸੱਚ ਤਾਂ ਇਹ ਹੈ ਕਿ ਮਨੁੱਖਾ ਜੀਵਨ ਇੰਨਾ ਛੋਟਾ ਹੈ ਕਿ ਇਸ ਵਿੱਚ ਦੋਸਤੀਆਂ ਪਾਲਣ ਜੋਗਾ ਵੀ ਖੁੱਲ੍ਹਾ ਸਮਾਂ ਨਹੀਂ ਹੈ। ਫਿਰ ਦੁਸ਼ਮਣੀਆਂ ਕਿਉਂ ਵਧਾਈਆਂ ਜਾ ਰਹੀਆਂ ਹਨ? ਨਫ਼ਰਤ ਨਾਲ ਤਾਂ ਕਦੇ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਨਫ਼ਰਤ ਤਾਂ ਬਰਬਾਦੀ ਦੀ ਨਿਸ਼ਾਨੀ ਹੈ।

ਕਿਹਾ ਜਾਂਦਾ ਹੈ ਕਿ ਪ੍ਰੇਮ ਕਰਨ ਵਾਲੇ ਤਾਂ ਕਾਦਰ ਨੂੰ ਵੀ ਪਾ ਲੈਂਦੇ ਹਨ, ਮਨੁੱਖ ਦੀ ਤਾਂ ਗੱਲ ਹੀ ਛੱਡੋ। ਇਸ ਸੰਸਾਰ ਵਿੱਚ ਕੋਈ ਵੀ ਅਜਿਹਾ ਜੀਵ ਨਹੀਂ ਹੈ, ਜਿਸ ਅੰਦਰ ਪਿਆਰ ਦਾ ਭਾਵ ਨਾ ਹੋਵੇ। ਪਿਆਰ ਪ੍ਰਾਪਤੀ ਦੀ ਭੁੱਖ ਨਾ ਹੋਵੇ। ਅਸਲ ਵਿੱਚ ਜਦੋਂ ਪਿਆਰ ਦੀ ਇਹ ਤਾਂਘ ਪੂਰੀ ਨਹੀਂ ਹੁੰਦੀ, ਉਦੋਂ ਜੀਵ ਹਿੰਸਕ ਬਣ ਜਾਂਦਾ ਹੈ। ਜਦੋਂ ਮਨੁੱਖ ਦੀ ਪਿਆਰ ਦੀ ਭੁੱਖ ਪੂਰੀ ਹੋ ਜਾਂਦੀ ਹੈ ਤਾਂ ਉਹ ਆਪਣੇ ਆਪ ਨੂੰ ਭਰਿਆ-ਭਰਿਆ ਮਹਿਸੂਸ ਕਰਦਾ ਹੈ। ਸਾਰੇ ਸੰਸਾਰ ਵਿੱਚੋਂ ਹਿੰਸਾ ਤਦ ਹੀ ਖ਼ਤਮ ਹੋ ਸਕਦੀ ਹੈ, ਜੇਕਰ ਅਸੀਂ ਆਪਣੇ ਮਤਲਬ ਜਾਂ ਲੋਭ ਦੀ ਖ਼ਾਤਰ ਦੁਸ਼ਮਣੀਆਂ ਨਾ ਪਾਲੀਏ। ਸਗੋਂ ਸਾਰੇ ਪਾਸੇ ਦੋਸਤੀ ਦਾ ਹੱਥ ਵਧਾਈਏ। ਅਜਿਹੇ ਸੱਜਣ ਬਣਾਈਏ ਅਤੇ ਬਣੀਏ, ਜਿਨ੍ਹਾਂ ਨੂੰ ਮਿਲਿਆਂ ਰੂਹ ਖਿੜ ਜਾਵੇ। ਮਨ ਵਿੱਚੋਂ ਬੁਰੇ ਵਿਚਾਰ ਖ਼ਤਮ ਹੋ ਜਾਣ। ਮਨੁੱਖ ਨੂੰ ਸੱਚਾਈ ਦੇ ਰਾਹ ਉੱਤੇ ਤੁਰਨ ਦੀ ਪ੍ਰੇਰਨਾ ਮਿਲੇ।

ਮਨੁੱਖ ਇੱਕ ਸਮਾਜਿਕ ਜੀਵ ਹੈ। ਆਪਸੀ ਸਾਂਝ, ਰਿਸ਼ਤੇਦਾਰੀ ਅਤੇ ਵਰਤ ਵਰਤਾਰਾ ਹੀ ਸਮਾਜ ਦਾ ਆਧਾਰ ਹੈ। ਸਾਂਝ ਅਤੇ ਰਿਸ਼ਤੇਦਾਰੀਆਂ ਦੀ ਨੀਂਹ ਤਾਂ ਪਿਆਰ ਉੱਤੇ ਹੀ ਰੱਖੀ ਜਾਂਦੀ ਹੈ। ਇੱਕ ਦੂਜੇ ਦੇ ਕੰਮ ਆਉਣਾ, ਆਪਸੀ ਪ੍ਰੇਮ ਨਿਭਾਉਣਾ ਅਤੇ ਰਲ ਮਿਲ ਕੇ ਰਹਿਣਾ ਹੀ ਸੱਭਿਆ ਸਮਾਜ ਦੀ ਨਿਸ਼ਾਨੀ ਹੈ। ਸੁੱਖ ਵੇਲੇ ਤਾਂ ਸਾਰੇ ਸੰਗੀ ਬਣ ਜਾਂਦੇ ਹਨ, ਪ੍ਰੰਤੂ ਅਸਲ ਰਿਸ਼ਤੇਦਾਰੀ ਅਤੇ ਰਿਸ਼ਤਾ ਤਾਂ ਉਹੀ ਹੁੰਦਾ ਹੈ, ਜਿਹੜਾ ਦੁੱਖ ਵੇਲੇ ਨਾਲ ਖੜ੍ਹਾ ਹੋਵੇ। ਪੂਰਾ ਸਾਥ ਦੇਵੇ। ਭਾਵੇਂ ਆਪਾ ਹੀ ਕੁਰਬਾਨ ਕਿਉਂ ਨਾ ਕਰਨਾ ਪਵੇ।

ਸਮਾਜਿਕ ਰਿਸ਼ਤਿਆਂ ਦੀ ਜਿੰਦ ਜਾਨ ਆਪਸੀ ਸਨੇਹ ਪਿਆਰ ਅਤੇ ਮੁਹੱਬਤ ਹੀ ਹੁੰਦਾ ਹੈ। ਰਿਸ਼ਤੇਦਾਰੀ ਹੋਣ ਦੇ ਨਾਲ-ਨਾਲ ਦੋਸਤੀ ਹੋਣੀ ਵੀ ਬਹੁਤ ਜ਼ਰੂਰੀ ਹੈ, ਕਿਉਂਕਿ ਪ੍ਰੇਮ ਹੀ ਦੋਸਤੀ ਦੀ ਬੁਨਿਆਦ ਹੈ। ਦੋਸਤੀ ਦਾ ਆਧਾਰ ਹੁੰਦਾ ਹੈ। ਪਿਆਰ ਅਤੇ ਸਾਥ ਤੋਂ ਬਿਨਾਂ ਜੀਵਨ ਅਧੂਰਾ ਅਤੇ ਨੀਰਸ ਹੋ ਜਾਂਦਾ ਹੈ। ਇਕੱਲਤਾ ਮਨੁੱਖ ਲਈ ਸਰਾਪ ਹੈ, ਜਦੋਂ ਕਿ ਦੋਸਤਾਂ ਦਾ ਸਾਥ ਵਰਦਾਨ ਹੁੰਦਾ ਹੈ। ਇਸੇ ਕਰਕੇ ਆਖਿਆ ਜਾਂਦਾ ਹੈ ਕਿ ਇਕੱਲਾ ਤਾਂ ਜੰਗਲ ਵਿੱਚ ਰੁੱਖ ਵੀ ਨਹੀਂ ਹੋਣਾ ਚਾਹੀਦਾ।

ਰਿਸ਼ਤੇਦਾਰੀਆਂ, ਸਾਥੀਆਂ ਅਤੇ ਗੁਆਂਢ ਦਾ ਆਨੰਦ ਵੀ ਉਦੋਂ ਹੀ ਮਾਣਿਆ ਜਾ ਸਕਦਾ ਹੈ, ਜਦੋਂ ਉਸ ਵਿੱਚ ਦੋਸਤੀ ਵਾਲਾ ਨਿੱਘ ਅਤੇ ਮਿਠਾਸ ਹੋਵੇ। ਦੋਸਤੀ ਦੀਆਂ ਤੰਦਾਂ ਨਾਲ ਹੀ ਪਿਉ-ਪੁੱਤਰ ਅਤੇ ਮਾਂ-ਧੀ ਵਿੱਚ ਨਜ਼ਦੀਕੀਆਂ ਬਣਦੀਆਂ ਹਨ। ਜਦੋਂ ਪਰਿਵਾਰ ਵਿੱਚ ਅਜਿਹੀਆਂ ਨਜ਼ਦੀਕੀਆਂ ਹੋਣ, ਉਦੋਂ ਹੀ ਉਸ ਨੂੰ ਸੁਖੀ ਪਰਿਵਾਰ ਅਤੇ ਜੀਵਨ ਨੂੰ ਸਫਲ ਸੁਖਾਵਾਂ ਆਖਿਆ ਜਾ ਸਕਦਾ ਹੈ। ਇਸੇ ਤਰ੍ਹਾਂ ਜਦੋਂ ਸਮਾਜ ਵਿੱਚ ਈਰਖਾ ਦੀ ਥਾਂ ਪਿਆਰ ਦੀ ਗੰਗਾ ਵਗਦੀ ਹੋਵੇ ਤਾਂ ਉਹ ਸਮਾਜ ਅਤੇ ਕੌਮ ਖੁਸ਼ਹਾਲ ਅਤੇ ਸੁਖੀ ਹੁੰਦੀ ਹੈ। ਗੁਆਂਢੀਆਂ ਨਾਲ ਪਿਆਰ ਦੀ ਸਾਂਝ ਹੀ ਮਾਹੌਲ ਨੂੰ ਸੁਖਾਵਾਂ ਬਣਾਉਂਦੀ ਹੈ।ਗੁਆਂਢੀ ਭਾਵੇਂ ਨਾਲ ਦੇ ਘਰ ਦੇ ਰੂਪ ਵਿੱਚ ਹੋਵੇ। ਭਾਵੇਂ ਨਾਲ ਲੱਗਦੇ ਦੇਸ਼ ਦੇ ਰੂਪ ਵਿੱਚ ਹੋਵੇ। ਜੀਵਨ ਵਿੱਚ ਹਰਿਆਵਲ ਲਈ ਪਿਆਰ ਰੂਪੀ ਪਾਣੀ ਦੀ ਲੋੜ ਪੈਂਦੀ ਹੈ। ਪਿਆਰ ਵਿਹੂਣੀ ਜ਼ਿੰਦਗੀ ਸਦਾ ਨੀਰਸ ਹੀ ਰਹਿੰਦੀ ਹੈ।

ਦੋਸਤੀ ਇੱਕ ਪਵਿੱਤਰ ਰਿਸ਼ਤਾ ਹੈ।ਪਿਆਰ ਅਤੇ ਦੋਸਤੀ ਅਜਿਹੀਆਂ ਸ਼ਕਤੀਆਂ ਹਨ, ਜਿਨ੍ਹਾਂ ਸਦਕਾ ਮਨੁੱਖ ਉੱਚੀਆਂ ਉਡਾਰੀਆਂ ਮਾਰਦਾ ਹੈ। ਅਜਿਹਾ ਉਦੋਂ ਹੀ ਸੰਭਵ ਹੈ, ਜਦੋਂ ਮਨੁੱਖ ਈਰਖਾ ਅਤੇ ਹਉਮੈ ਤੋਂ ਮੁਕਤ ਹੋਵੇ। ਦੋਸਤੀ ਅੰਤਰ ਆਤਮਾ ਦੇ ਮਿਲਾਪ ਦਾ ਨਾਮ ਹੈ। ਜਿਸ ਦੇ ਅੰਦਰ ਪਿਆਰ ਦੀ ਨਦੀ ਵਗਦੀ ਹੈ, ਉਹ ਹੀ ਕਾਦਰ ਦੇ ਨੇੜੇ ਹੋ ਸਕਦਾ ਹੈ। ਕਾਦਰ ਦਾ ਵਾਸਾ ਤਾਂ ਹਰੇਕ ਜੀਵ ਵਿੱਚ ਹੈ। ਕਾਦਰ ਨਾਲ ਮੇਲ ਲਈ ਉਸ ਦੀ ਕਾਇਨਾਤ ਨਾਲ ਪ੍ਰੇਮ ਕਰਨਾ ਜ਼ਰੂਰੀ ਹੈ। ਪਿਆਰ ਦੀ ਸਿਖ਼ਰ ਉਦੋਂ ਹੀ ਹੁੰਦੀ ਹੈ, ਜਦੋਂ ਮੈਂ ਅਤੇ ਤੂੰ ਦਾ ਅੰਤਰ ਖ਼ਤਮ ਹੋ ਜਾਂਦਾ ਹੈ। ਦੋਸਤੀ ਜਾਂ ਪ੍ਰੇਮ ਦੀ ਖਿੱਚ ਜਦੋਂ ਆਪਣੇ ਸਿਖ਼ਰ ’ਤੇ ਪੁੱਜ ਜਾਂਦੀ ਹੈ ਤਾਂ ਕੇਵਲ ਦੋਸਤ ਹੀ ਨਹੀਂ, ਸਗੋਂ ਸਾਰੀ ਲੋਕਾਈ ਹੀ ਆਪਣੀ ਜਾਪਣ ਲੱਗ ਪੈਂਦੀ ਹੈ। ਜਦੋਂ ਅਜਿਹੀ ਅਵਸਥਾ ਆ ਜਾਵੇ ਤਾਂ ਨਫ਼ਰਤ, ਈਰਖਾ, ਦਵੈਸ਼ ਅਤੇ ਕੁੜੱਤਣ ਦਾ ਅੰਤ ਹੋ ਜਾਂਦਾ ਹੈ। ਹਰ ਪਾਸੇ ਅਪਣੱਤ, ਆਨੰਦ ਅਤੇ ਖੇੜਾ ਨਜ਼ਰ ਆਉਂਦਾ ਹੈ।

ਜੇਕਰ ਬੱਚਿਆਂ ਨੂੰ ਘਰ ਅਤੇ ਸਕੂਲ ਵਿੱਚ ਆਪਸੀ ਪ੍ਰੇਮ, ਸ਼ਾਂਤੀ ਅਤੇ ਭਾਈਚਾਰੇ ਦਾ ਪਾਠ ਪੜ੍ਹਾਇਆ ਜਾਵੇ ਤਾਂ ਉਨ੍ਹਾਂ ਦੇ ਮਨਾਂ ਵਿੱਚ ਨਫ਼ਰਤ ਦੀ ਭਾਵਨਾ ਪੈਦਾ ਹੀ ਨਹੀਂ ਹੋ ਸਕੇਗੀ। ਉਹ ਆਪਣੇ ਸੰਗੀ ਸਾਥੀਆਂ ਨਾਲ ਦੋਸਤੀਆਂ ਪਾਲਣਗੇ। ਇੰਝ ਘਰ, ਸਕੂਲ ਅਤੇ ਭਾਈਚਾਰੇ ਵਿੱਚ ਆਪਸੀ ਸਾਂਝ ਵਧੇਗੀ। ਹਰ ਪਾਸੇ ਸਕੂਨ ਅਤੇ ਖੁਸ਼ੀ ਦਾ ਮਾਹੌਲ ਹੋਵੇਗਾ। ਸਾਨੂੰ ਇਹ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ ਕਿ ਨਫ਼ਰਤ ਅਤੇ ਝਗੜਾ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੈ। ਇਹ ਸੰਸਾਰ ਬਹੁਤ ਖ਼ੂਬਸੂਰਤ ਹੈ, ਜੀਵਨ ਬਹੁਤ ਛੋਟਾ ਹੈ। ਇਸ ਜੀਵਨ ਦਾ ਪੂਰਨ ਆਨੰਦ ਉਦੋਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ, ਜਦੋਂ ਨਫ਼ਰਤ, ਈਰਖਾ ਅਤੇ ਹਉਮੈ ਨੂੰ ਤਿਆਗ ਕੇ ਦੋਸਤੀ ਤੇ ਪਿਆਰ ਦੀ ਜੋਤ ਜਗਾਈ ਜਾਵੇ। ਇੱਥੋਂ ਤੱਕ ਕਿ ਪਰਮਾਤਮਾ ਦੀ ਪ੍ਰਾਪਤੀ ਵੀ ਸਭਨਾਂ ਨਾਲ ਪ੍ਰੇਮ ਕੀਤਿਆਂ ਹੀ ਹੋ ਸਕਦੀ ਹੈ।

ਅੱਜ ਸੂਚਨਾ ਤਕਨਾਲੋਜੀ ਅਤੇ ਮੀਡੀਆ ਦਾ ਯੁੱਗ ਹੈ। ਇੱਕ ਥਾਂ ਤੋਂ ਦੂਜੀ ਥਾਂ ’ਤੇ ਪਹੁੰਚਦੀਆਂ ਵਧੀਆ



ਸਹੂਲਤਾਂ ਕਾਰਨ ਸਾਰਾ ਸੰਸਾਰ ਇੱਕ ਪਿੰਡ ਹੀ ਜਾਪਣ ਲੱਗ ਪਿਆ ਹੈ। ਜਦੋਂ ਦੂਰੀਆਂ ਘੱਟ ਹੀ ਗਈਆਂ ਹਨ, ਫਿਰ ਆਪਣੇ ਮਨਾਂ ਵਿਚਲੀਆਂ ਦੂਰੀਆਂ ਕਿਉਂ ਵਧ ਰਹੀਆਂ ਹਨ ? ਜਦੋਂ ਸਾਰੇ ਇੱਕੋ ਨੂਰ ਵਿੱਚੋਂ ਹੀ ਆਏ ਹਨ, ਫਿਰ ਇਹ ਨਫ਼ਰਤ ਦਾ ਪਸਾਰਾ ਕਿਉਂ ਹੈ? ਕੁਦਰਤ ਨੇ ਸਾਰੇ ਜੀਵ ਜੰਤੂਆਂ ਦੀਆਂ ਲੋੜਾਂ ਦਾ ਪ੍ਰਬੰਧ ਕੀਤਾ ਹੈ। ਫਿਰ ਅਸੀਂ ਆਪੋ ਵਿੱਚ ਵੰਡੀਆਂ ਪਾ ਕੇ ਕਾਣੀ ਵੰਡ ਨੂੰ ਕਿਉਂ ਉਤਸ਼ਾਹਿਤ ਕਰ ਰਹੇ ਹਾਂ? ਇੱਕ ਦੂਜੇ ਦਾ ਹੱਕ ਮਾਰਨਾ, ਲੋੜ ਤੋਂ ਵੱਧ ਕੁਦਰਤੀ ਦਾਤਾਂ ਦੀ ਵਰਤੋਂ ਕਰਨੀ, ਨਫ਼ਰਤਾਂ ਨੂੰ ਉਤਸ਼ਾਹਿਤ ਕਰਨਾ ਇਨਸਾਨੀਅਤ ਨਹੀਂ ਹੈ। ਟੈਕਨਾਲੋਜੀ ਦੇ ਇਸ ਯੁੱਗ ਵਿੱਚ ਜਨ ਸੰਚਾਰ ਸਾਧਨ ਨਫ਼ਰਤਾਂ ਨੂੰ ਦੂਰ ਕਰਨ ਅਤੇ ਪਿਆਰ ਨੂੰ ਉਤਸ਼ਾਹਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਅ ਸਕਦੇ ਹਨ।

ਇਹ ਸਾਡੀ ਖੁਸ਼ਕਿਸਮਤੀ ਹੈ ਕਿ ਸਾਨੂੰ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ। ਇਸ ਕਾਇਆ ਨੂੰ ਨਫ਼ਰਤ, ਈਰਖਾ ਅਤੇ ਗੁੱਸੇ ਨਾਲ ਗਾਲਣ ਦੀ ਥਾਂ ਦੋਸਤੀ ਅਤੇ ਪਿਆਰ ਦੇ ਨੀਰ ਨਾਲ ਸਿੰਜ ਕੇ ਹਰਾ ਭਰਾ ਰੱਖਣਾ ਚਾਹੀਦਾ ਹੈ। ਆਓ, ਸਾਰੇ ਰਲ ਮਿਲ ਕੇ ਇਹ ਪ੍ਰਣ ਕਰੀਏ ਕਿ ਅੱਜ ਤੋਂ ਅਸੀਂ ਨਫ਼ਰਤ ਦੀ ਥਾਂ ਦੋਸਤੀ, ਪ੍ਰੇਮ, ਪਿਆਰ, ਮੁਹੱਬਤ ਦਾ ਪੈਗ਼ਾਮ ਦੇਵਾਂਗੇ। ਦੋਸਤੀਆਂ ਪਾਵਾਂਗੇ। ਆਪਸੀ ਸਹਿਯੋਗ ਕਰਾਂਗੇ। ਇੰਝ ਇਹ ਸੰਸਾਰ ਸਵਰਗ ਬਣ ਜਾਵੇਗਾ। ਆਓ, ਸਭਨਾਂ ਦੇ ਸਾਜਨ ਬਣੀਏ। ਆਪਣੇ ਘਰ, ਸਮਾਜ, ਦੇਸ਼ ਅਤੇ ਸੰਸਾਰ ਨੂੰ ਸਵਰਗ ਬਣਾਈਏ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਸ ਸੰਸਾਰ ਵਿੱਚ ਕੇਵਲ ਮਨੁੱਖ ਹੀ ਹੈ, ਜਿਸ ਨੂੰ ਹੱਸਣ ਦੀ ਅਨਮੋਲ ਦਾਤ ਪ੍ਰਾਪਤ ਹੋਈ ਹੈ। ਹੱਸਣ ਨਾਲ ਤਨ ਅਤੇ ਮਨ ਤੰਦਰੁਸਤ ਹੋ ਜਾਂਦੇ ਹਨ। ਚਿਹਰੇ ਉਤਲੀ ਮੁਸਕਾਨ ਦੋਸਤੀਆਂ ਵਿੱਚ ਵਾਧਾ ਕਰਦੀ ਹੈ ਅਤੇ ਆਪਸੀ ਝਗੜਿਆਂ ਨੂੰ ਦੂਰ ਕਰਦੀ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ‘ਹੱਸਦਿਆਂ ਦੇ ਘਰ ਵੱਸਦੇ।’ ਜੀਭ ਇੱਕ ਅਜਿਹੀ ਦੋਧਾਰੀ ਤਲਵਾਰ ਹੈ, ਜਿਹੜੀ ਟੁੱਟੇ ਹੋਏ ਰਿਸ਼ਤਿਆਂ ਨੂੰ ਜੋੜ ਸਕਦੀ ਹੈ ਅਤੇ ਮਜ਼ਬੂਤ ਤੋਂ ਮਜ਼ਬੂਤ ਰਿਸ਼ਤਿਆਂ ਨੂੰ ਆਪਣੇ ਦੋ ਬੋਲਾਂ ਨਾਲ ਤੋੜ ਵੀ ਸਕਦੀ ਹੈ। ਜਦੋਂ ਅਸੀਂ ਫਿੱਕਾ ਬੋਲਦੇ ਹਾਂ ਤਾਂ ਕੇਵਲ ਦੂਜਿਆਂ ਤੋਂ ਹੀ ਨਫ਼ਰਤ ਪ੍ਰਾਪਤ ਨਹੀਂ ਹੁੰਦੀ, ਸਗੋਂ ਸਾਡਾ ਆਪਣਾ ਤਨ ਮਨ ਵੀ ਫਿੱਕਾ ਹੋ ਜਾਂਦਾ ਹੈ। ਡਾ. ਸੁਰਜੀਤ ਪਾਤਰ ਦੋਸਤੀ ਦੀ ਅਹਿਮੀਅਤ ਨੂੰ ਸਪੱਸ਼ਟ ਕਰਦੇ ਹੋਏ ਇੱਕ ਸ਼ਿਅਰ ਵਿੱਚ ਲਿਖਦੇ ਹਨ;


ਦਿਲ ਨੂੰ ਖੋਲ੍ਹਿਆ ਨਾ ਜੇਕਰ ਯਾਰਾਂ ਦੇ ਨਾਲ
ਖੋਲ੍ਹਣਾ ਪਏਗਾ ਇਹ ਫਿਰ ਔਜ਼ਾਰਾਂ ਦੇ ਨਾਲ

ਆਓ! ਹਮੇਸ਼ਾ ਮੁਸਕੁਰਾਈਏ, ਮਿੱਠੇ ਬੋਲ ਬੋਲੀਏ, ਦੋਸਤੀਆਂ ਬਣਾਈਏ ਅਤੇ ਨਿਭਾਈਏ।

# ਕੀ ਹੈ ਸੁਦਰਸ਼ਨ ਚੱਕਰ

ਜਗਤਬੀਰ ਸਿੰਘ

ਸੁਤੰਤਰਤਾ ਦਿਵਸ ’ਤੇ ਲਾਲ ਕਿਲੇ ਦੀ ਫਸੀਲ ਤੋਂ ਆਪਣੇ ਸੰਬੋਧਨ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਈ ਮਹੱਤਵਪੂਰਨ ਐਲਾਨ ਕੀਤੇ। ਇਨ੍ਹਾਂ ਵਿੱਚੋਂ ਇਕ ਐਲਾਨ ਰਾਸ਼ਟਰੀ ਸੁਰੱਖਿਆ ਦੇ ਮੋਰਚੇ ’ਤੇ ਵੀ ਕੀਤਾ ਗਿਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਹਰ ਨਾਗਰਿਕ ਨੂੰ ਸੁਰੱਖਿਅਤ ਮਹਿਸੂਸ ਕਰਨਾ ਚਾਹੀਦਾ ਹੈ। ਇਸ ਨੂੰ ਯਕੀਨੀ ਬਣਾਉਣ ਲਈ ਮਿਸ਼ਨ ਸੁਦਰਸ਼ਨ ਚੱਕਰ ਨੂੰ ਅਮਲੀ ਰੂਪ ਦਿੱਤਾ ਜਾਵੇਗਾ। ਇਸ ਤਹਿਤ ਅਗਲੇ ਦਸ ਸਾਲਾਂ ਦੌਰਾਨ ਸਵਦੇਸ਼ੀ ਤਕਨੀਕੀ ਵਿਕਾਸ ਰਾਹੀਂ ਭਾਰਤ ਦੇ ਮਹੱਤਵਪੂਰਨ ਅਦਾਰਿਆਂ ਦੀ ਸੁਰੱਖਿਆ ਢਾਲ ਨੂੰ ਮਜ਼ਬੂਤ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਗਵਾਨ ਸ੍ਰੀਕ੍ਰਿਸ਼ਨ ਤੋਂ ਪ੍ਰੇਰਨਾ ਲੈਂਦੇ ਹੋਏ ਅਸੀਂ ਸੁਦਰਸ਼ਨ ਚੱਕਰ ਦੀ ਰਾਹ ਚੁਣੀ ਹੈ। ਇਸ ਤੰਤਰ ਨਾਲ ਸਬੰਧਤ ਸਾਰੀਆਂ ਖੋਜਾਂ, ਵਿਕਾਸ ਅਤੇ ਉਤਪਾਦਨ ਭਾਰਤ ਵਿਚ ਹੀ ਕੀਤੇ ਜਾਣਗੇ। ਇਹ ਵੀ ਇਕ ਸੰਯੋਗ ਹੀ ਹੈ ਕਿ ਭਾਰਤ ਦੀ ਪ੍ਰਮੁੱਖ ਸਟ੍ਰਾਈਕ ਕੋਰ ਵਿੱਚੋਂ ਇਕ 21 ਕੋਰ ਨੂੰ ਵੀ ਸੁਦਰਸ਼ਨ ਚੱਕਰ ਹੀ ਕਿਹਾ ਜਾਂਦਾ ਹੈ। ਅਤਿ-ਆਧੁਨਿਕ ਹਥਿਆਰਾਂ ਨਾਲ ਲੈਸ ਇਹ ਆਕਰਸ਼ਕ ਇਕਾਈ ਦੁਸ਼ਮਣ ਨੂੰ ਉਸ ਦੇ ਖੇਤਰ ਵਿਚ ਭਾਰੀ ਨੁਕਸਾਨ ਪਹੁੰਚਾਉਣ ਦੀ ਸਮਰੱਥਾ ਰੱਖਦੀ ਹੈ।




ਪਿਛਲੇ ਕੁਝ ਸਮੇਂ ਵਿਚ ਵਿਸ਼ਵ ਸੁਰੱਖਿਆ-ਰੱਖਿਆ ਮੁਹਾਂਦਰਾ ਬਹੁਤ ਤੇਜ਼ੀ ਨਾਲ ਬਦਲਿਆ ਹੈ ਅਤੇ ਲਗਾਤਾਰ ਤਬਦੀਲੀਆਂ ਦਾ ਸਾਹਮਣਾ ਕਰ ਰਿਹਾ ਹੈ। ਇਸ ਮੁਹਾਂਦਰੇ ਵਿਚ ਮਿਜ਼ਾਈਲ ਡਿਫੈਂਸ ਪ੍ਰਣਾਲੀ ਰਾਸ਼ਟਰੀ ਸੁਰੱਖਿਆ ਰਣਨੀਤੀਆਂ ਦਾ ਬੁਨਿਆਦੀ ਥੰਮ੍ਹ ਬਣ ਗਈ ਹੈ। ਇਸ ਲੜੀ ਵਿਚ ਉੱਨਤ ਤਕਨੀਕਾਂ ਮਿਜ਼ਾਈਲ ਖ਼ਤਰਿਆਂ ਦਾ ਪਤਾ ਲਗਾਉਣ, ਉਨ੍ਹਾਂ ਨੂੰ ਟਰੈਕ ਕਰਨ, ਇੰਟਰਸੈਪਟ ਕਰਨ ਅਤੇ ਨਕਾਰਾ ਬਣਾਉਣ ਲਈ ਡਿਜ਼ਾਈਨ ਕੀਤੀਆਂ ਗਈਆਂ ਹਨ। ਇਨ੍ਹਾਂ ਦੇ ਕੰਮ ਦਾ ਦਾਇਰਾ ਛੋਟੀ ਰੇਂਜ ਦੀ ਬੈਲਿਸਟਿਕ ਮਿਜ਼ਾਈਲਾਂ ਤੋਂ ਲੈ ਕੇ ਅੰਤਰ-ਮਹਾਦੀਪੀ ਬੈਲਿਸਟਿਕ ਮਿਜ਼ਾਈਲਾਂ ਯਾਨੀ ਆਈਸੀਬੀਐੱਮ ਤੱਕ ਫੈਲਿਆ ਹੋਇਆ ਹੈ। ਭੂ-ਰਾਜਨੀਤਕ (ਜੀਓ-ਪੋਲੀਟੀਕਲ) ਤਣਾਅ ਵਧਣ ਦੀ ਸਥਿਤੀ ਵਿਚ ਜਦੋਂ ਮਿਜ਼ਾਈਲਾਂ ਦਾ ਚਲਨ ਵਧਦਾ ਹੈ, ਤਦ ਮਜ਼ਬੂਤ ਮਿਜ਼ਾਈਲ ਰੱਖਿਆ ਪ੍ਰਣਾਲੀਆਂ ਦਾ ਮਹੱਤਵ ਬਹੁਤ ਵਧ ਜਾਂਦਾ ਹੈ। ਇਸ ਸਬੰਧ ਵਿਚ ਇਜ਼ਰਾਈਲ ਦੀ ਆਇਰਨ ਡੋਮ ਪ੍ਰਣਾਲੀ ਦੀ ਅਕਸਰ ਉਦਾਹਰਨ ਦਿੱਤੀ ਜਾਂਦੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਇਸ ਸਾਲ ਐਲਾਨ ਕੀਤਾ ਕਿ ਉਹ 175 ਅਰਬ ਡਾਲਰ ਦੀ ਲਾਗਤ ਨਾਲ ਤਿਆਰ ਹੋਣ ਵਾਲੀ ਗੋਲਡਨ ਡੋਮ ਪ੍ਰਣਾਲੀ ਨਾਲ ਅਮਰੀਕਾ ਦੇ ਰੱਖਿਆ ਕਵਚ ਨੂੰ ਹੋਰ ਅਭੇਦ ਬਣਾਉਣਗੇ। ਗੋਲਡਨ ਡੋਮ ਦੀ ਧਾਰਨਾ ਧਰਤੀ, ਸਮੁੰਦਰ ਅਤੇ ਪੁਲਾੜ ਆਧਾਰਤ ਮਿਜ਼ਾਈਲਾਂ ਨੂੰ ਨਕਾਰਾ ਬਣਾਉਣ ਨੂੰ ਧਿਆਨ ਵਿਚ ਰੱਖ ਕੇ ਬਣਾਈ ਗਈ ਹੈ। ਰੂਸ ਏ-135 ਐਂਟੀ-ਬੈਲਿਸਟਿਕ ਪ੍ਰਣਾਲੀ ਜ਼ਰੀਏ ਮਾਸਕੋ ਅਤੇ ਹੋਰ ਮਹੱਤਵਪੂਰਨ ਸ਼ਹਿਰਾਂ ਦੀ ਰੱਖਿਆ ਕਰਦਾ ਹੈ। ਉਸ ਕੋਲ ਐੱਸ-400 ਵਰਗੀ ਕਾਰਗਰ ਪ੍ਰਣਾਲੀ ਵੀ ਹੈ ਜੋ ਸਾਰੀਆਂ ਮਿਜ਼ਾਈਲਾਂ ਨੂੰ ਨਸ਼ਟ ਕਰਨ ਵਿਚ ਸਮਰੱਥ ਹੈ। ਭਾਰਤ ਕੋਲ ਵੀ ਐੱਸ-400 ਦੀਆਂ ਤਿੰਨ ਸਕਵਾਰਡਨ ਹਨ ਜਿਸ ਵਿਚ ਦੋ ਸਕਵਾਰਡਨ ਹੋਰ ਜੁੜਨੀਆਂ ਹਨ। ਚੀਨ ਕੋਲ ਐੱਚਕਿਊ-9 ਵਰਗੀ ਪ੍ਰਣਾਲੀ ਹੈ। ਸਤ੍ਹਾ ਤੋਂ ਹਵਾ ਵਿਚ ਮਾਰ ਕਰਨ ਵਾਲੀ ਲੰਬੀ ਦੂਰੀ ਦੀ ਇਹ ਐਂਟੀ-ਬੈਲਿਸਟਿਕ ਸਮਰੱਥਾ ਪ੍ਰਣਾਲੀ ਇਕ ਤਰ੍ਹਾਂ ਨਾਲ ਰੂਸੀ ਐੱਸ-300 ਦਾ ਹੀ ਚੀਨੀ ਐਡੀਸ਼ਨ ਹੈ। ਜਹਾਜ਼, ਕਰੂਜ਼ ਮਿਜ਼ਾਈਲ ਅਤੇ ਟੈਕਟੀਕਲ ਬੈਲਿਸਟਿਕ ਵਰਗੇ ਹਵਾਈ ਖ਼ਤਰਿਆਂ ਨੂੰ ਇੰਟਰਸੈਪਟ ਕਰਨ ਵਿਚ ਸਮਰੱਥ ਇਸ ਪ੍ਰਣਾਲੀ ਨੂੰ ਚੀਨ ਨੇ ਪਾਕਿਸਤਾਨ, ਮੋਰੱਕੋ, ਮਿਸਰ, ਤੁਰਕਮੇਨਿਸਤਾਨ ਅਤੇ ਉਜ਼ਬੇਕਿਸਤਾਨ ਵਰਗੇ ਦੇਸ਼ਾਂ ਨੂੰ ਵੇਚਿਆ ਵੀ ਹੈ। ਤਾਇਵਾਨ ਅਤੇ ਜਾਪਾਨ ਕੋਲ ਵੀ ਅਜਿਹੀਆਂ ਹੀ ਪ੍ਰਣਾਲੀਆਂ ਹਨ। ਤਾਇਵਾਨ ਕੋਲ ਜਿੱਥੇ ਸਕਾਈ ਬੋ ਸ਼੍ਰੇਣੀ ਦੀ ਸਤ੍ਹਾ ਤੋਂ ਹਵਾ ਵਿਚ ਮਾਰ ਕਰਨ ਵਾਲੀ, ਐਂਟੀ ਬੈਲਿਸਟਿਕ ਮਿਜ਼ਾਈਲ ਅਤੇ ਐਂਟੀ-ਏਅਰਕ੍ਰਾਫਟ ਰੱਖਿਆ ਪ੍ਰਣਾਲੀ ਹੈ, ਓਥੇ ਹੀ ਜਾਪਾਨ ਦੀ ਯੋਜਨਾ ਅਮਰੀਕਾ ਦੇ ਪੀਏਸੀ-3 ਵਾਲੇ ਜ਼ਮੀਨ ਤੋਂ ਹਵਾ ਵਿਚ ਸਰਗਰਮ ਹੋਣ ਵਾਲੇ ਇੰਟਰਸੈਪਟਰਜ਼ ਨੂੰ ਅਪਣਾਉਣ ਦੀ ਹੈ।

ਭਾਰਤ ਵੀ ਹੋਰ ਪ੍ਰਮੁੱਖ ਦੇਸ਼ਾਂ ਦੀ ਤਰ੍ਹਾਂ ਮਿਜ਼ਾਈਲ ਸਬੰਧੀ ਖ਼ਤਰਿਆਂ ਅਤੇ ਸਾਈਬਰ ਹਮਲਿਆਂ ਖ਼ਿਲਾਫ਼ ਆਪਣੇ ਰੱਖਿਆ ਕਵਚ ਨੂੰ ਮਜ਼ਬੂਤ ਕਰਨ ਵਿਚ ਲੱਗਾ ਹੋਇਆ ਹੈ। ਆਪ੍ਰੇਸ਼ਨ ਸਿੰਧੂਰ ਵਿਚ ਇਸ ਰੱਖਿਆ ਢਾਲ ਦਾ ਪ੍ਰਭਾਵਸ਼ਾਲੀ ਅਸਰ ਵੀ ਦੇਖਣ ਨੂੰ ਮਿਲਿਆ।

ਇੰਟੀਗ੍ਰੇਟਿਡ ਏਅਰ ਕਮਾਂਡ ਅਤੇ ਕੰਟਰੋਲ ਸਿਸਟਮ (ਆਈਏਸੀਸੀਐੱਸ) ਜ਼ਰੀਏ ਭਾਰਤ ਨੇ ਪਾਕਿਸਤਾਨ ਦੇ ਮਿਜ਼ਾਈਲ ਹਮਲਿਆਂ ਨੂੰ ਸਫਲਤਾਪੂਰਵਕ ਨਾਕਾਮ ਕੀਤਾ। ਅਨੁਮਾਨ ਹੈ ਕਿ ਪ੍ਰਸਤਾਵਿਤ ਸੁਦਰਸ਼ਨ ਚੱਕਰ ਨੂੰ ਭਾਰਤ ਦੇ ਮੌਜੂਦਾ ਹਵਾਈ ਸੁਰੱਖਿਆ ਢਾਂਚੇ ਨਾਲ ਵੀ ਜੋੜਿਆ ਜਾਵੇਗਾ। ਇਸ ਨੂੰ ਮੂਲ ਰੂਪ ਵਿਚ ਆਈਏਸੀਸੀਐੱਸ ਦੇ ਆਧਾਰ ’ਤੇ ਵਿਕਸਤ ਕੀਤਾ ਜਾਵੇਗਾ ਜਿਸ ਵਿਚ ਫ਼ੌਜ ਦੇ ਸਵਦੇਸ਼ੀ ਆਕਾਸ਼ਤੀਰ ਨੈੱਟਵਰਕ ਨੂੰ ਵੀ ਸ਼ਾਮਲ ਕਰਨਾ ਹੈ। ਸੁਦਰਸ਼ਨ ਚੱਕਰ ਵਿਚ ਅਤਿ-ਆਧੁਨਿਕ ਨਿਗਰਾਨੀ, ਇੰਟਰਸੈਪਸ਼ਨ ਅਤੇ ਜਵਾਬੀ ਵਾਰ ਕਰਨ ਦੀ ਸਮਰੱਥਾ ਹੋਵੇਗੀ। ਇਹ ਹਵਾ ਵਿਚ, ਜ਼ਮੀਨ ’ਤੇ ਜਾਂ ਸਮੁੰਦਰ ਦੇ ਨਾਲ-ਨਾਲ ਸਾਈਬਰ-ਸਪੇਸ ਤੋਂ ਦਸਤਕ ਦੇਣ ਵਾਲੇ ਕਿਸੇ ਵੀ ਖ਼ਤਰੇ ਨੂੰ ਤੁਰੰਤ ਨਕਾਰਾ ਕਰਨ ਵਿਚ ਸਮਰੱਥ ਹੋਵੇਗਾ। ਮੰਨਿਆ ਜਾ ਰਿਹਾ ਹੈ ਕਿ ਸੁਦਰਸ਼ਨ ਚੱਕਰ ਦੀਆਂ ਸਮਰੱਥਾਵਾਂ ਪਰੰਪਰਾਗਤ ਮਿਜ਼ਾਈਲ ਡਿਫੈਂਸ ਤੋਂ ਵੀ ਕਿਤੇ ਵੱਧ ਹੋਣਗੀਆਂ।

ਵਰਤਮਾਨ ਵਿਚ ਜਿਸ ਤਰ੍ਹਾਂ ਦੇ ਨਵੇਂ-ਨਵੇਂ ਖ਼ਤਰਿਆਂ ਦਾ ਵਾਧਾ ਹੋਇਆ ਹੈ, ਉਸ ਨੂੰ ਦੇਖਦੇ ਹੋਏ ਫ਼ੌਜੀ ਅਤੇ ਤਕਨੀਕੀ ਰੱਖਿਆ ਢਾਲ ਨੂੰ ਹੋਰ ਮਜ਼ਬੂਤ ਬਣਾਉਣਾ ਬੇਹੱਦ ਜ਼ਰੂਰੀ ਹੋ ਗਿਆ ਹੈ। ਯਾਦ ਰਹੇ ਕਿ ਆਧੁਨਿਕ ਸਮਰ ਨੀਤੀ ਵਿਚ ਸਿਰਫ਼ ਫ਼ੌਜੀ ਅਦਾਰੇ ਹੀ ਨਹੀਂ ਸਗੋਂ ਬਿਜਲੀ ਗ੍ਰਿੱਡ, ਸੰਚਾਰ ਨੈੱਟਵਰਕ, ਖ਼ੁਰਾਕ ਅਤੇ ਪਾਣੀ ਦੀ ਸਪਲਾਈ, ਸਿਹਤ ਸਹੂਲਤਾਂ ਅਤੇ ਰੱਖਿਆ ਪ੍ਰਣਾਲੀਆਂ ਵੀ ਨਿਸ਼ਾਨੇ ’ਤੇ ਹੁੰਦੀਆਂ ਹਨ। ਇਸ ਲਈ ਸੁਦਰਸ਼ਨ ਚੱਕਰ ਵਰਗੇ ਢਾਂਚੇ ਦੀ ਮਹੱਤਤਾ ਬਹੁਤ ਵਧ ਜਾਂਦੀ ਹੈ। ਇਸ ਵਿਚ ਫ਼ੌਜੀ ਤਕਨੀਕਾਂ ਦੇ ਨਾਲ-ਨਾਲ ਆਰਟੀਫੀਸ਼ੀਅਲ ਇੰਟੈਲੀਜੈਂਸ ਵਰਗੀਆਂ ਉੱਭਰਦੀਆਂ ਤਕਨੀਕਾਂ ਦੀ ਵੀ ਅਹਿਮ ਭੂਮਿਕਾ ਹੋਵੇਗੀ। ਉਂਜ ਤਾਂ ਮਿਸ਼ਨ ਸੁਦਰਸ਼ਨ ਚੱਕਰ ਦੀ ਰੂਪਰੇਖਾ ਅਜੇ ਪੂਰੀ ਤਰ੍ਹਾਂ ਸਾਹਮਣੇ ਨਹੀਂ ਆਈ ਪਰ ਇਸ ਵਿਚ ਭਾਰਤ ਦੀਆਂ ਉੱਘੀਆਂ ਖੋਜ ਇਕਾਈਆਂ, ਰੱਖਿਆ ਅਦਾਰਿਆਂ ਅਤੇ ਨਿੱਜੀ ਖੇਤਰ ਦੀ ਭਾਈਵਾਲੀ-ਸਰਗਰਮੀ ਦੇਖਣ ਨੂੰ ਮਿਲੇਗੀ। ਇਸ ਤੋਂ ਇਲਾਵਾ ਇਹ ਆਕਾਸ਼, ਐੱਸ-400 ਅਤੇ ਕਿਊਆਰ-ਸੈਮ ਵਰਗੀਆਂ ਮੌਜੂਦਾ ਪ੍ਰਣਾਲੀਆਂ ਦੇ ਨਾਲ-ਨਾਲ ਲੇਜ਼ਰ-ਆਧਾਰਤ ਇੰਟਰਸੈਪਟਰ ਵਰਗੀ ਭਵਿੱਖ ਦੀ ਤਾਕਤ ਨਾਲ ਸੰਚਾਲਿਤ ਹੋ ਕੇ ਇਕ ਸੰਯੁਕਤ ਰੱਖਿਆ ਪ੍ਰਣਾਲੀ ਦੀ ਭੂਮਿਕਾ ਨਿਭਾਏਗਾ। ਇਸ ਨੂੰ ਪ੍ਰਭਾਵਸ਼ਾਲੀ ਜਵਾਬੀ ਹਮਲਿਆਂ ਦੀਆਂ ਸਮਰੱਥਾਵਾਂ ਦੇ ਨਾਲ-ਨਾਲ ਹੈਕਿੰਗ ਅਤੇ ਫਿਸ਼ਿੰਗ ਵਰਗੇ ਸਾਈਬਰ ਖ਼ਤਰਿਆਂ ਨਾਲ ਨਿਪਟਣ ਦੇ ਮਕਸਦ ਨਾਲ ਵੀ ਤਿਆਰ ਕੀਤਾ ਜਾਵੇਗਾ। ਆਤਮ-ਨਿਰਭਰਤਾ ਦਾ ਭਾਵ ਵਧਾਉਣ ਦੇ ਨਾਲ-ਨਾਲ ਇਹ ਜ਼ਮੀਨ, ਹਵਾ ਅਤੇ ਸਮੁੰਦਰ ਤੋਂ ਵੀ ਸੰਚਾਲਨ-ਦਾਗ਼ਣ ਵਿਚ ਸਮਰੱਥ ਹੋਵੇਗਾ। ਇਸ ਦਾ ਦੁਬਾਰਾ ਇਸਤੇਮਾਲ ਵੀ ਕੀਤਾ ਜਾ ਸਕੇਗਾ। ਇਸ ਦਾ ਨਿਯੰਤਰਣ ਵੀ ਚੀਫ ਆਫ ਡਿਫੈਂਸ ਸਟਾਫ-ਸੀਡੀਐੱਸ ਜ਼ਰੀਏ ਹੋਵੇਗਾ।

ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਜਦੋਂ ਸੁਦਰਸ਼ਨ ਚੱਕਰ ਨਾਂ ਵਾਲੀ ਰੱਖਿਆ ਪ੍ਰਣਾਲੀ ਪ੍ਰਭਾਵੀ ਹੋਵੇਗੀ ਤਾਂ ਇਹ ਸਾਡੇ ਰੱਖਿਆ ਢਾਂਚੇ ਦਾ ਪ੍ਰਮੁੱਖ ਥੰਮ੍ਹ ਬਣੇਗੀ। ਇਕ ਲਗਾਤਾਰ ਜਟਿਲ ਹੁੰਦੇ ਸੁਰੱਖਿਆ ਮੁਹਾਂਦਰੇ ਵਿਚ ਅਤਿ-ਆਧੁਨਿਕ ਤਕਨੀਕਾਂ ਦੇ ਜੁੜਨ ਨਾਲ ਉੱਭਰਦੇ ਹੋਏ ਖ਼ਤਰਿਆਂ ਤੋਂ ਨਿਜਾਤ ਦਿਵਾਉਣ ਵਿਚ ਇਹ ਪ੍ਰਣਾਲੀ ਅਹਿਮ ਭੂਮਿਕਾ ਨਿਭਾ ਕੇ ਵੀ ਆਪਣੇ ਕਾਰਗਰ ਹੋਣ ਨੂੰ ਸਾਬਿਤ ਕਰੇਗੀ।

# ਦੁਨੀਆਂ ਵਿਚ ਸ਼ਾਂਤੀ ਲਿਆਉਣ ਦੀ ਕੋਸ਼ਿਸ਼ ਅਲਾਸਕਾ ਵਾਰਤਾ



ਸੀ. ਉਦੈ ਭਾਸਕਰ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਵਿਚਕਾਰ 15 ਅਗਸਤ ਨੂੰ ਅਲਾਸਕਾ ਦੇ ਐਂਕਰੇਜ ਵਿਖੇ ਹੋਈ ਸਿਖਰ ਵਾਰਤਾ ਨੂੰ ਬੇਸਬਰੀ ਨਾਲ ਉਡੀਕਿਆ ਜਾ ਰਿਹਾ ਸੀ, ਪਰ ਯੂਕਰੇਨ ਜੰਗ ਬਾਰੇ ਕੋਈ ਠੋਸ ਸ਼ਾਂਤੀ ਵਾਰਤਾ ਜਾਂ ਜੰਗਬੰਦੀ ਬਾਰੇ ਸਮਝੌਤਾ ਨਾ ਹੋ ਸਕਿਆ। ਇਸ ਲਈ ਇਸ ਨੂੰ ਬੇਸਿੱਟਾ ਕਰਾਰ ਦਿੱਤਾ ਗਿਆ ਹਾਲਾਂਕਿ ਸਿਖਰ ਵਾਰਤਾ ਤੋਂ ਪਹਿਲਾਂ ਟਰੰਪ ਨੇ ਚਿਤਾਵਨੀ ਦਿੱਤੀ ਸੀ ਕਿ ਜੇ ਪੂਤਿਨ ਜੰਗਬੰਦੀ ਲਈ ਸਹਿਮਤ ਨਾ ਹੋਏ ਤਾਂ ਉਨ੍ਹਾਂ ਨੂੰ ਗੰਭੀਰ ਸਿੱਟੇ ਭੁਗਤਣੇ ਪੈਣਗੇ। ਸਿਖਰ ਵਾਰਤਾ ਮੌਕੇ ਖੁੱਲ੍ਹ ਕੇ ਦਿਖਾਵਾ ਕੀਤਾ ਗਿਆ। ਅਮਰੀਕੀ ਮੇਜ਼ਬਾਨ ਨੇ ਰੂਸੀ ਰਾਸ਼ਟਰਪਤੀ ਦੀ ਦਿਲ ਖੋਲ੍ਹ ਕੇ ਆਓ ਭਗਤ ਕੀਤੀ। ਪੂਤਿਨ ਦੇ ਜਹਾਜ਼ ਦੀ ਅਗਵਾਨੀ ਅਮਰੀਕੀ ਲੜਾਕਿਆਂ ਨੇ ਕੀਤੀ ਜੋ ਬਹੁਤ ਹੀ ਖ਼ਾਸ ਇਤਹਾਦੀ ਤੇ ਭਿਆਲ ਮੁਲਕਾਂ ਦੇ ਆਗੂਆਂ ਦੇ ਮਾਣ ਵਿੱਚ ਕੀਤਾ ਜਾਂਦਾ ਹੈ। ਜਿਸ ਆਗੂ ਨੂੰ ਕੁਝ ਸਮਾਂ ਪਹਿਲਾਂ ਯੂਕਰੇਨ ’ਤੇ ਕੀਤੇ ਹਮਲੇ ਬਦਲੇ ਖ਼ਲਨਾਇਕ ਅਤੇ ਅਲੱਗ-ਥਲੱਗ ਆਗੂ ਵਜੋਂ ਤਿਰਸਕਾਰਿਆ ਜਾ ਰਿਹਾ ਸੀ, ਉਸ ਲਈ ਅਲਾਸਕਾ ਸਿਖਰ ਵਾਰਤਾ ਨਿੱਜੀ ਤਸਦੀਕ ਹੋ ਨਿੱਬੜੀ। ਮੀਡੀਆ ਨਾਲ ਗੱਲਬਾਤ ਦੌਰਾਨ ਦੋਵਾਂ ਆਗੂਆਂ ਨੇ ਸੰਖੇਪ ਟਿੱਪਣੀਆਂ ਕੀਤੀਆਂ; ਪੂਤਿਨ ਮਾਸਕੋ ਦੀਆਂ ਲਾਲ ਰੇਖਾਵਾਂ ਦਾ ਖ਼ਾਕਾ ਵਾਹੁਣ ਪੱਖੋਂ ਜਿੱਥੇ ਸਲੀਕੇਦਾਰ ਰਹੇ, ਉੱਥੇ ਵਧੇਰੇ ਭਰੋਸੇਮੰਦ ਵੀ ਨਜ਼ਰ ਆਏ।

ਸਮਝਣ ਵਾਲੀ ਗੱਲ ਇਹ ਹੈ ਕਿ ਜਦੋਂ ਯੂਕਰੇਨ ਦੇ ਮੁੱਦੇ ’ਤੇ ਕਿਸੇ ਨਾਟਕੀ ਸਿੱਟੇ ਦਾ ਸਬੱਬ ਨਾ ਬਣ ਸਕਿਆ ਤਾਂ ਛੋਟੀ ਜਿਹੀ ਆਸ ਦੀ ਕਿਰਨ ਇਹ ਰਹੀ ਕਿ ਗੜਬੜਜ਼ਦਾ ਤੇ ਪੇਚੀਦਾ ਅਮਰੀਕਾ ਰੂਸ ਸਬੰਧਾਂ ਵਿੱਚ ਕੋਈ ਅੜਿੱਕਾ ਪੈਦਾ ਨਹੀਂ ਹੋਇਆ। ਦੋਹਾਂ ਮੁਲਕਾਂ ਦੇ ਸਬੰਧਾਂ ਨੂੰ ਨਵੇਂ ਸਿਰੇ ਤੋਂ ਵਿਉਂਤਣ ਦੇ ਭਾਰਤ ਤੇ ਚੀਨ ਲਈ ਅਹਿਮ ਸਿੱਟੇ ਨਿੱਕਲ ਸਕਦੇ ਹਨ।

ਅਮਰੀਕਾ ਰੂਸ ਸੁਲ੍ਹਾ ਵਡੇਰੇ ਆਲਮੀ ਰਣਨੀਤਕ ਪ੍ਰਸੰਗ ਵਿੱਚ ਅਹਿਮ ਹੈ ਕਿਉਂਕਿ ਦੋਵਾਂ ਮੁਲਕਾਂ ਕੋਲ ਦੁਨੀਆ ਦੇ ਪਰਮਾਣੂ ਜ਼ਖੀਰਿਆਂ ਦਾ 90 ਫ਼ੀਸਦੀ ਤੋਂ ਵੱਧ ਹਿੱਸਾ ਹੈ। ਇਸ ਤੋਂ ਪਹਿਲਾਂ ਦੋਵਾਂ ਮੁਲਕਾਂ ਦੇ ਮੁਖੀਆਂ (ਤਤਕਾਲੀ ਰਾਸ਼ਟਰਪਤੀ ਜੋਅ ਬਾਇਡਨ ਤੇ ਪੂਤਿਨ) ਵਿਚਕਾਰ ਜੂਨ 2021 ਵਿੱਚ ਸਿਖਰ ਵਾਰਤਾ ਹੋਈ ਸੀ। ਉਦੋਂ ਤੋਂ ਲੈ ਕੇ ਯੂਕਰੇਨ ਅਤੇ ਹੋਰ ਮੁੱਦਿਆਂ ਨੂੰ ਲੈ ਕੇ ਦੁਵੱਲੇ ਸਬੰਧਾਂ ਵਿੱਚ ਕੁੜੱਤਣ ਭਰਦੀ ਰਹੀ ਹੈ। ਇਸੇ ਕੁੜੱਤਣ ਕਰ ਕੇ ਪਹਿਲਾਂ ਹੋਏ ਸਮਝੌਤਿਆਂ ਤੋਂ ਪੈਰ ਪਿਛਾਂਹ ਖਿੱਚੇ ਗਏ ਜਿਸ ਕਰ ਕੇ ਤਬਾਹੀ ਵਾਲੇ ਹਥਿਆਰਾਂ ਦੀਆਂ ਸੰਧੀਆਂ ਤੇ ਇਨ੍ਹਾਂ ਨਾਲ ਜੁੜੇ ਅਹਿਦਨਾਮਿਆਂ ਦੀ ਭਾਵਨਾ ਪੇਤਲੀ ਪੈ ਗਈ।

ਤਬਾਹੀ ਵਾਲੇ ਹਥਿਆਰਾਂ ਦੇ ਮੁੱਦੇ ਦਾ ਭਾਵੇਂ ਸਪੱਸ਼ਟ ਤੌਰ ’ਤੇ ਕੋਈ ਪ੍ਰਸੰਗ ਨਹੀਂ ਸੀ, ਪਰ ਦੋਵਾਂ ਆਗੂਆਂ ਨੇ ਅਲਾਸਕਾ ਵਿੱਚ ਲਗਭਗ ਤਿੰਨ ਘੰਟਿਆਂ ਦੀ ਮੀਟਿੰਗ ਨੂੰ ‘ਲਾਹੇਵੰਦ’ ਕਰਾਰ ਦਿੱਤਾ ਅਤੇ ਦਾਅਵਾ ਕੀਤਾ ਕਿ ਕਈ ਹੋਰ ਮੁੱਦਿਆਂ ’ਤੇ ਪ੍ਰਗਤੀ ਹੋਈ ਹੈ। ਕਿਸੇ ਬੰਧੇਜ਼ਕਾਰੀ ਵਚਨਬੱਧਤਾ ਦਾ ਭਾਵੇਂ ਐਲਾਨ ਨਹੀਂ ਕੀਤਾ ਗਿਆ, ਪਰ ਟਰੰਪ ਨੇ ਜ਼ੋਰ ਦਿੱਤਾ ਕਿ “ਜਦੋਂ ਤੱਕ ਕੋਈ ਸੰਧੀ ਨਹੀਂ ਹੁੰਦੀ, ਉਦੋਂ ਤੱਕ ਕੋਈ ਸਮਝੌਤਾ ਨਹੀਂ ਹੋਵੇਗਾ।” ਉਨ੍ਹਾਂ ਦੱਸਿਆ ਕਿ ਕੁਝ ਮੁੱਦਿਆਂ ਬਾਰੇ ਅੜਿੱਕਾ ਬਣਿਆ ਹੋਇਆ ਹੈ ਜਿਨ੍ਹਾਂ ਵਿੱਚ ਇੱਕ ਮੁੱਖ ਨੁਕਤਾ ਯੂਕਰੇਨ ਵੱਲੋਂ ਇਲਾਕਾ ਛੱਡਣ ਬਾਰੇ ਹੈ। ਪੂਤਿਨ ਨੇ ਸੰਕੇਤ ਦਿੱਤਾ ਕਿ “ਯੂਕਰੇਨ ਵਿੱਚ ਸ਼ਾਂਤੀ ਲਈ ਰਾਹ ਬਣ ਗਿਆ” ਹੈ, ਪਰ ਉਨ੍ਹਾਂ ਕੋਈ ਵੇਰਵੇ ਨਾ ਦਿੱਤੇ। ਉਨ੍ਹਾਂ ਰੂਸ ਦੇ ਇਸ ਸਟੈਂਡ ਉੱਪਰ ਜ਼ੋਰ ਦਿੱਤਾ ਕਿ ਨਾਟੋ ਦੇ ਵਿਸਤਾਰ ਜਿਹੇ ‘ਮੂਲ ਕਾਰਨਾਂ’ ਨੂੰ ਮੁਖ਼ਾਤਿਬ ਹੋਣਾ ਪਵੇਗਾ। ਅਲਾਸਕਾ ’ਚ ਜੋ ਵੱਡੀ ਤਬਦੀਲੀ ਦੇਖਣ ਨੂੰ ਮਿਲੀ, ਉਹ ਇਹ ਹੈ ਕਿ ਯੂਕਰੇਨ ਨਾਲ ਮਿਲ ਕੇ ਹੁਣ ਜੰਗਬੰਦੀ ਦੀ ਥਾਂ ਸ਼ਾਂਤੀ ਤਲਾਸ਼ ਕੀਤੀ ਜਾ ਰਹੀ ਹੈ। ਉਤਸ਼ਾਹ ਵਾਲਾ ਸੰਕੇਤ ਇਹ ਹੈ ਕਿ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਸੋਮਵਾਰ ਵਾਸ਼ਿੰਗਟਨ ਪਹੁੰਚੇ ਤਾਂ ਜੋ ਸਹਿਮਤੀ ਵਾਲਾ ਹੱਲ ਲੱਭਿਆ ਜਾ ਸਕੇ ਤੇ ‘ਸਥਾਈ ਸ਼ਾਂਤੀ’ ਲਈ ਯਤਨ ਕੀਤਾ ਜਾ ਸਕੇ। ਰੂਸ ਯੂਕਰੇਨ ਜੰਗ, ਜੋ ਫਰਵਰੀ 2022 ਦੇ ਅਖ਼ੀਰ ਵਿੱਚ ਸ਼ੁਰੂ ਹੋਈ ਸੀ, ਦੋਵਾਂ ਮੁਲਕਾਂ ਵਿੱਚ ਮਨੁੱਖੀ ਜੀਵਨ ਤੇ ਬੁਨਿਆਦੀ ਢਾਂਚੇ ਦਾ ਬਹੁਤ ਨੁਕਸਾਨ ਕਰ ਰਹੀ ਹੈ। ਦੋਹੀਂ ਪਾਸੀਂ ਲੱਖਾਂ ਫ਼ੌਜੀ ਮਾਰੇ ਗਏ ਜਾਂ ਜ਼ਖ਼ਮੀ ਹੋਏ ਹਨ। ਟਰੰਪ ਨੇ ਇਸ ਜੰਗ ਵਿੱਚ ਹੋਈਆਂ ਮੌਤਾਂ ਦਾ ਜ਼ਿਕਰ ਕੀਤਾ ਅਤੇ ‘ਸਮਝੌਤਾ’ ਕਰਨ ਦਾ ਆਪਣਾ ਇਰਾਦਾ ਦੁਹਰਾਇਆ।

ਜਿਸ ਦਿਨ ਸਿਖਰ ਵਾਰਤਾ ਹੋਈ, ਯੂਕਰੇਨੀ ਫ਼ੌਜੀ ਹਮਲਿਆਂ ਨੇ ਰੂਸ ਦੇ ਸਮਾਰਾ ਖੇਤਰ ਵਿੱਚ ਸਿਜ਼ਰਨ ਤੇਲ ਸੋਧਕ ਕਾਰਖਾਨੇ ਅਤੇ ਅਸਤਰਾਖਾਨ ਵਿੱਚ ਓਲੀਆ ਬੰਦਰਗਾਹ ਨੂੰ ਨਿਸ਼ਾਨਾ ਬਣਾਇਆ। ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਰੂਸ ਨੇ ਪੂਰਬੀ ਯੂਕਰੇਨ ਦੇ ਦਿਨਪਰੋਪੇਤਰੋਵਸਕ ਖੇਤਰ ਵਿੱਚ ਬੈਲਿਸਟਿਕ ਮਿਜ਼ਾਈਲ ਦਾਗ਼ੀ, ਜਿਸ ਨਾਲ ਇੱਕ ਜਣੇ ਦੀ ਮੌਤ ਹੋ ਗਈ ਅਤੇ ਹੋਰ ਜ਼ਖਮੀ ਹੋ ਗਏ; ਇੱਕ ਡਰੋਨ ਨੇ ਉੱਤਰ-ਪੂਰਬ ਵਿੱਚ ਸੂਮੀ ਖੇਤਰ ਵਿੱਚ ਸਿਵਿਲੀਅਨ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਾਇਆ ਅਤੇ ਅੱਗ ਲੱਗ ਗਈ। ਮਾਸਕੋ ਵਿੱਚ ਰੱਖਿਆ ਮੰਤਰਾਲੇ ਨੇ ਕਿਹਾ ਕਿ ਰੂਸੀ ਸੈਨਿਕਾਂ ਨੇ ਪੂਰਬੀ ਯੂਕਰੇਨ ਦੇ ਦੋਨੇਤਸਕ ਖੇਤਰ ਵਿੱਚ ਓਲੇਕਸੈਂਡ ਰੋਹਰਾਡ ਦੀ ਆਬਾਦੀ ’ਤੇ ਕਬਜ਼ਾ ਕਰ ਲਿਆ ਹੈ। ਅਲਾਸਕਾ ਸਿਖਰ ਵਾਰਤਾ ਦੇ ਨਤੀਜੇ ਦਾ ਦਿੱਲੀ ਲਈ ਕਾਫ਼ੀ ਮਹੱਤਵ ਹੈ, ਕਿਉਂਕਿ ਟਰੰਪ ਨੇ ਰੂਸ ਤੋਂ ਤੇਲ ਦਰਾਮਦ ਕਰਨ ਕਰ ਕੇ ਭਾਰਤ ਉੱਤੇ ਵਾਧੂ ਟੈਕਸ ਲਾ ਦਿੱਤੇ ਸਨ, ਨਾਲ ਹੀ ਦੋਸ਼ ਲਾਇਆ ਸੀ ਕਿ ਇਸ ਤੋਂ ਪ੍ਰਾਪਤ ਹੋਏ ਮਾਲੀਏ ਨਾਲ ਮਾਸਕੋ ਨੂੰ ਯੂਕਰੇਨ ਵਿਰੁੱਧ ਜੰਗ ਜਾਰੀ ਰੱਖਣ ਵਿੱਚ ਮਦਦ ਮਿਲ ਰਹੀ ਹੈ। ਦਿੱਲੀ ਨੇ ਇਹ ਉਭਾਰਨ ਦੀ ਕੋਸ਼ਿਸ਼ ਕੀਤੀ ਸੀ ਕਿ ਇਸ ’ਤੇ ਸਖ਼ਤ ਟੈਕਸ ਦਰਾਂ ਤਾਂ ਥੋਪ ਦਿੱਤੀਆਂ ਗਈਆਂ, ਪਰ ਇਹ ਰੂਸ ਤੋਂ ਊਰਜਾ ਪਦਾਰਥ ਸਪਲਾਈ ਕਰਨ ਵਾਲਾ ਇੱਕਮਾਤਰ ਦੇਸ਼ ਨਹੀਂ; ਚੀਨ ਸਭ ਤੋਂ ਵੱਡਾ ਦਰਾਮਦਕਾਰ ਹੈ। ਉਂਝ, ਇਸ ਦਾ ਟਰੰਪ ’ਤੇ ਕੋਈ ਖ਼ਾਸ ਅਸਰ ਨਹੀਂ ਪਿਆ। ਜੇ ਕੋਈ ਸ਼ਾਂਤੀ ਸਮਝੌਤਾ ਯੂਕਰੇਨ ਜੰਗ ਰੋਕਣ ਵਿੱਚ ਮਦਦ ਕਰ ਸਕਦਾ ਹੈ ਤਾਂ ਭਾਰਤ ਨੂੰ ਸਜ਼ਾ ਦੇਣ ਦਾ ਕੋਈ ਕਾਰਨ ਨਹੀਂ ਬਚੇਗਾ ਅਤੇ ਇਹ ਦਿੱਲੀ ਲਈ ਵੱਡੀ ਰਾਹਤ ਹੋਵੇਗੀ। ਭਾਰਤ ਨੇ ਅਲਾਸਕਾ ਵਿੱਚ ਗੱਲਬਾਤ ਅੱਗੇ ਵਧਣ ਦਾ ਸਵਾਗਤ ਕੀਤਾ ਹੈ; ਹਾਲਾਂਕਿ ਟਰੰਪ ਨੇ ਸੰਕੇਤ ਦਿੱਤਾ ਕਿ ਹੋਰ ਪਾਬੰਦੀਆਂ ’ਤੇ ਫਿਲਹਾਲ ਵਿਚਾਰ ਨਹੀਂ ਕੀਤਾ ਜਾਵੇਗਾ, ਪਰ ਟਰੰਪ ਦੇ ਅਸਥਿਰ ਅਤੇ ਗੁੰਝਲਦਾਰ ਰਿਕਾਰਡ ਨੂੰ ਧਿਆਨ ਵਿੱਚ ਰੱਖਣਾ ਬਹੁਤ ਜ਼ਰੂਰੀ ਹੈ।




ਟਰੰਪ ਦਾ ਦਾਅਵਾ ਹੈ ਕਿ ਭਾਰਤ ਹੁਣ ਰੂਸ ਦੇ ‘ਤੇਲ ਦਾ ਗਾਹਕ’ ਨਹੀਂ ਰਿਹਾ; ਦਿੱਲੀ ਨੇ ਇਸ ’ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਟਰੰਪ ਇਸ ਗੱਲ ਤੋਂ ਨਾਰਾਜ਼ ਹਨ ਕਿ ਭਾਰਤ ਤੇ ਪਾਕਿਸਤਾਨ ਵਿਚਕਾਰ ਜੰਗ ਨੂੰ ਰੋਕਣ ਬਾਰੇ ਉਨ੍ਹਾਂ ਦੇ ਦਾਅਵੇ ਨੂੰ ਦਿੱਲੀ ਨੇ ਮਾਨਤਾ ਨਹੀਂ ਦਿੱਤੀ ਅਤੇ ਉਨ੍ਹਾਂ ਦਾ ਪ੍ਰਤੀਕਰਮ ਤੂਫ਼ਾਨੀ ਟੈਰਿਫ ਦੀ ਸਜ਼ਾ ਦੇ ਰੂਪ ’ਚ ਸਾਹਮਣੇ ਆਇਆ ਹੈ।

ਭਾਰਤ ਲਈ ਅਕਲਮੰਦੀ ਦੀ ਗੱਲ ਹੋਵੇਗੀ ਕਿ ਉਹ ਅਗਲੇ ਕੁਝ ਹਫ਼ਤਿਆਂ ਦੌਰਾਨ ਯੂਕਰੇਨ ਨਾਲ ਜੁੜੀਆਂ ਘਟਨਾਵਾਂ ਨੂੰ ਗ਼ੌਰ ਨਾਲ ਦੇਖੇ ਅਤੇ ਆਪਣੇ ਕੌਮੀ ਹਿੱਤਾਂ ਦੇ ਆਧਾਰ ’ਤੇ ਫ਼ੈਸਲੇ ਕਰੇ, ਜਿਵੇਂ ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਸੁਤੰਤਰਤਾ ਦਿਵਸ ਦੇ ਸੰਬੋਧਨ ਵਿੱਚ ਵੀ ਸੰਕੇਤ ਦਿੱਤਾ ਸੀ।

ਧਮਕੀਆਂ ਤੇ ਧੱਕੇਸ਼ਾਹੀ ਅੱਗੇ ਝੁਕਣਾ ਸਹੀ ਬਦਲ ਨਹੀਂ। ਭਾਰਤ ਨੂੰ ਟਰੰਪਵਾਦੀ ਉਥਲ-ਪੁਥਲ ਦੇ ਇਸ ਦੌਰ ’ਚ ਆਪਣਾ ਰਾਹ ਖ਼ੁਦ ਚੁਣਨਾ ਪਏਗਾ। ਜੇ ਸਮੂਹਿਕ ਤੌਰ ’ਤੇ ਕਮਰ ਕੱਸਣੀ ਪਵੇ ਤਾਂ ਕੱਸਣੀ ਚਾਹੀਦੀ ਹੈ।

ਪ੍ਰਧਾਨ ਮੰਤਰੀ ਮੋਦੀ ਸਤੰਬਰ ਵਿੱਚ ਸੰਯੁਕਤ ਰਾਸ਼ਟਰ ਮਹਾਸਭਾ ਲਈ ਨਿਊਯਾਰਕ ਜਾ ਸਕਦੇ ਹਨ ਅਤੇ ਟਰੰਪ ਨਾਲ ਮੁਲਾਕਾਤ ਹੋ ਸਕਦੀ ਹੈ। ਉਹ ਇਸ ਮਹੀਨੇ ਦੇ ਅਖ਼ੀਰ ਵਿੱਚ ਐੱਸਸੀਓ ਸਿਖਰ ਸੰਮੇਲਨ ਲਈ ਚੀਨ ਦੇ ਤਿਆਨਜਿਨ ’ਚ ਹੋਣਗੇ, ਜਿੱਥੇ ਉਹ ਰੂਸੀ ਰਾਸ਼ਟਰਪਤੀ ਨੂੰ ਮਿਲਣਗੇ। ਅਲਾਸਕਾ ਦੇ ਸੰਕੇਤਾਂ ਨੂੰ ਰੂਸ, ਭਾਰਤ ਤੇ ਚੀਨ ਦੇ ਨੇਤਾਵਾਂ ਦੁਆਰਾ ਬਹੁਤ ਧਿਆਨ ਨਾਲ ਪੜ੍ਹਿਆ ਜਾਵੇਗਾ, ਜੋ ਸਾਰੇ ਆਪੋ-ਆਪਣੇ ਪੱਧਰ ਉੱਤੇ ‘ਬਦਮਿਜ਼ਾਜ ਟੈਰਿਫ ਕਿੰਗ’ ਨਾਲ ਸਵੀਕਾਰਯੋਗ ਸੌਦਾ ਸਿਰੇ ਚੜ੍ਹਾਉਣ ਦੀ ਕੋਸ਼ਿਸ਼ ਕਰ ਰਹੇ ਹਨ।

# ਟਰੰਪ ਦੇ ਟੈਰਿਫ ਦੀ ਮਾਰ ਹੇਠ ਆਏ 92 ਦੇਸ਼




ਡਾ. ਮੋਹਨ ਸਿੰਘ

ਡੋਨਲਡ ਟਰੰਪ ਨੇ ਦੂਜੀ ਵਾਰ ਅਮਰੀਕਾ ਦਾ ਰਾਸ਼ਟਰਪਤੀ ਬਣਦਿਆਂ ਸਾਰ ਬਹੁਤ ਸਾਰੇ ਦੇਸ਼ਾਂ ਉਪਰ ਟੈਰਿਫ ਹਮਲਾ ਬੋਲ ਦਿੱਤਾ ਅਤੇ ਹੁਣ ਤੱਕ ਟੈਰਿਫ ਦੀ ਮਾਰ ਹੇਠ ਆਏ ਦੇਸ਼ਾਂ ਦੀ ਗਿਣਤੀ 92 ਹੋ ਚੁੱਕੀ ਹੈ। ਭਾਰਤ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਟਰੰਪ ਨੂੰ ਆਪਣਾ ਪੱਕਾ ਦੋਸਤ ਸਮਝਦਾ ਸੀ ਅਤੇ ਉਸ ਨੇ ਟਰੰਪ ਦੀ ਪਹਿਲੀ ਪਾਰੀ ਦੀ ਚੋਣ ਮੁਹਿੰਮ ਵਿੱਚ ਹਿੱਸਾ ਲੈਂਦਿਆਂ ਭਾਰਤ ਤੇ ਅਮਰੀਕਾ ਅੰਦਰ ਟਰੰਪ ਦੇ ਪੱਖ ਵਿੱਚ ਵਧ ਚੜ੍ਹ ਕੇ ਪ੍ਰਚਾਰ ਕੀਤਾ ਸੀ; ਇੱਥੋਂ ਤੱਕ ਕਿ ਮੋਦੀ ਨੇ ਟਰੰਪ ਦੇ ਪੱਖ ਵਿੱਚ "ਅਬ ਕੀ ਵਾਰ ਟਰੰਪ ਸਰਕਾਰ" ਦੇ ਨਾਅਰੇ ਲਾਏ ਸਨ, ਪਰ ਮੋਦੀ ਸਰਕਾਰ ਦੀ ਅਹਿਸਾਨਮੰਦੀ ਨੂੰ ਛਿੱਕੇ ਟੰਗ ਕੇ ਉਸ ਨੇ ਭਾਰਤ ਉੱਤੇ ਸਖ਼ਤ ਟੈਰਿਫ ਲਾ ਦਿੱਤੇ। ਇਸ ਤੋਂ ਇਲਾਵਾ ਭਾਰਤ ਉਪਰ ਰੂਸ ਕੋਲੋਂ ਤੇਲ ਖਰੀਦਣ ਦੇ ਜੁਰਮਾਨੇ ਵਜੋਂ 25 ਪ੍ਰਤੀਸ਼ਤ ਵਾਧੂ ਟੈਰਿਫ ਵੀ ਮੜ੍ਹ ਦਿੱਤਾ। ਅਸੀਂ ਦੇਖਦੇ ਹਾਂ ਕਿ ਟਰੰਪ ਨੇ ਮੋਦੀ ਨਾਲ ਦੋਸਤੀ ਦੀ ਕੋਈ ਲਿਹਾਜ਼ ਨਹੀਂ ਕੀਤੀ, ਸਗੋਂ ਭਾਰਤ ਨੂੰ ਅਮਰੀਕਾ ਵੱਲੋਂ ਸਭ ਤੋਂ ਉੱਚੇ ਟੈਰਿਫਾਂ ਵਾਲੇ ਦੇਸ਼ਾਂ ਵਿੱਚ ਸ਼ੁਮਾਰ ਕਰ ਦਿੱਤਾ ਹੈ।

ਅਮਰੀਕਾ 1945 ਤੋਂ ਦੁਨੀਆ ਦੇ ਸਭ ਤੋਂ ਤਾਕਤਵਰ ਦੇਸ਼ ਦੇ ਤੌਰ 'ਤੇ ਉੱਭਰਿਆ ਅਤੇ ਇਸ ਨੇ ਆਪਣਾ ਸਿਆਸੀ ਰਸੂਖ਼ ਕਾਇਮ ਕਰਨ ਲਈ ਦੁਨੀਆ ਦੇ ਦੇਸ਼ਾਂ ਨੂੰ ਵੱਡੀ ਪੱਧਰ 'ਤੇ ਕਰਜ਼ੇ ਦਿੱਤੇ ਪਰ ਹੁਣ ਇਹ ਆਪਣੇ ਸੰਸਾਰ ਵਿਆਪੀ ਚੱਕਰਵਿਊ 'ਚ ਖ਼ੁਦ ਹੀ ਫਸ ਗਿਆ ਹੈ। ਹੁਣ ਇਹ ਦੁਨੀਆ ਦਾ ਸਭ ਤੋਂ ਵੱਡਾ ਕਰਜ਼ਈ ਦੇਸ਼ ਬਣ ਚੁੱਕਾ ਹੈ। ਇਸੇ ਕਰ ਕੇ ਦੂਜੇ ਦੇਸ਼ਾਂ ਉਪਰ ਟੈਰਿਫ ਲਾਉਣ ਦਾ ਮਕਸਦ ਵੱਧ ਤੋਂ ਵੱਧ ਮੁਨਾਫ਼ੇ ਕਮਾਉਣੇ, ਅਮਰੀਕੀ ਮਾਲ ਲਈ ਮੰਡੀ ਪੈਦਾ ਕਰਨੀ ਅਤੇ ਵੱਖ-ਵੱਖ ਦੇਸ਼ਾਂ ਉੱਪਰ ਕੂਟਨੀਤਕ ਤੇ ਆਰਥਿਕ-ਸਿਆਸੀ ਗ਼ਲਬਾ ਕਾਇਮ ਕਰਨਾ ਹੈ। ਜਦੋਂ ਪਹਿਲੀ ਸੰਸਾਰ ਜੰਗ ਵੇਲੇ ਦੂਜੇ ਸਾਮਰਾਜੀ ਦੇਸ਼ ਸੰਸਾਰ ਜੰਗ ਵਿੱਚ ਰੁੱਝੇ ਹੋਏ ਸਨ ਤਾਂ ਅਮਰੀਕਾ ਨੇ ਜੰਗ ਵਿੱਚ ਉਲਝੇ ਸਾਮਰਾਜੀ ਦੇਸ਼ਾਂ ਨੂੰ ਜੰਗੀ ਸਾਜ਼ੋ-ਸਮਾਨ ਵੇਚ ਕੇ ਅਤੇ ਉਨ੍ਹਾਂ ਨੂੰ ਕਰਜ਼ੇ ਦੇ ਕੇ ਖ਼ੂਬ ਕਮਾਈ ਕੀਤੀ ਸੀ। ਇਸ ਕਰ ਕੇ ਦੂਜੀ ਸੰਸਾਰ ਜੰਗ ਵੇਲੇ ਅਮਰੀਕਾ ਹੋਰ ਸਾਮਰਾਜੀ ਦੇਸ਼ਾਂ ਦੇ ਮੁਕਾਬਲੇ ਵੱਡੀ ਸਾਮਰਾਜੀ ਮਹਾਂ ਸ਼ਕਤੀ ਬਣ ਗਿਆ। ਇਸ ਕੋਲ ਦੁਨੀਆ ਦੇ ਸੋਨੇ ਅਤੇ ਦੌਲਤ ਦੇ ਵੱਡੇ ਭੰਡਾਰ ਜਮ੍ਹਾਂ ਹੋ ਗਏ। ਇਨ੍ਹਾਂ ਭੰਡਾਰਾਂ ਕਾਰਨ ਅਮਰੀਕਾ ਨੇ ਵਿਸ਼ਵ ਬੈਂਕ, ਕੌਮਾਂਤਰੀ ਮੁਦਰਾ ਕੋਸ਼ ਅਤੇ ਦੁਨੀਆ ਭਰ ਅੰਦਰ ਫ਼ੌਜੀ ਅੱਡਿਆਂ ਦਾ ਵੱਡਾ ਜਾਲ ਵਿਛਾਇਆ। ਦੁਨੀਆ ਦੇ ਦੂਜੇ ਦੇਸ਼ਾਂ ਨੂੰ ਗ਼ੁਲਾਮ ਕਰਨ ਲਈ ਕੁੱਲ ਫ਼ੌਜੀ ਖ਼ਰਚੇ ਦਾ ਅੱਧ ਤੋਂ ਵੱਧ ਇਕੱਲਾ ਅਮਰੀਕਾ ਕਰਦਾ ਆਇਆ ਹੈ ਪਰ ਇਸ ਵੇਲੇ ਅਮਰੀਕਾ ਦੁਨੀਆ ਦੇ ਸਾਰੇ ਦੇਸ਼ਾਂ ਨਾਲੋਂ ਵੱਡਾ ਕਰਜ਼ਈ ਦੇਸ਼ ਹੋਣ ਕਰ ਕੇ ਇਹ ਵਪਾਰਕ ਘਾਟੇ ਅਤੇ ਕੌਮੀ ਐਮਰਜੈਂਸੀ ਦਾ ਬਹਾਨਾ ਬਣਾ ਕੇ, ਦੂਜੇ ਦੇਸ਼ਾਂ ਉਪਰ ਟੈਰਿਫ ਲਾ ਕੇ, ਵੱਧ ਤੋਂ ਵੱਧ ਕਮਾਈ ਕਰਨਾ ਚਾਹੁੰਦਾ ਹੈ।

ਦੂਜੀ ਸੰਸਾਰ ਜੰਗ ਤੋਂ ਬਾਅਦ ਮਹਾਂ ਸ਼ਕਤੀ ਵਜੋਂ ਉੱਭਰੇ ਅਮਰੀਕਾ ਦੀ ਅਗਵਾਈ ਵਾਲੇ ਪੱਛਮੀ ਸਾਮਰਾਜੀ ਗੁੱਟ ਨੂੰ ਪਹਿਲਾਂ ਸਮਾਜਵਾਦੀ ਕੈਂਪ ਅਤੇ ਬਾਅਦ ਵਿੱਚ ਰੂਸ ਅੰਦਰ ਵੱਜੀ ਪਛਾੜ ਦੇ ਸਿੱਟੇ ਵਜੋਂ ਕਾਇਮ ਹੋਏ ਸੋਵੀਅਤ ਸਮਾਜਿਕ ਸਾਮਰਾਜ ਦੀ ਅਗਵਾਈ 'ਚ ਕਾਇਮ ਹੋਏ ਗੁੱਟ ਨੇ ਚੁਣੌਤੀ ਦਿੱਤੀ। 1990ਵਿਆਂ ਦੇ ਸ਼ੁਰੂ ਵਿੱਚ ਸੋਵੀਅਤ ਰੂਸ ਦੇ ਢਹਿ-ਢੇਰੀ ਹੋਣ ਕਾਰਨ ਇਸ ਨੂੰ ਵਕਤੀ ਤੌਰ 'ਤੇ ਚੁਣੌਤੀ ਰਹਿਤ ਲਾਹਾ ਮਿਲਿਆ। ਉਂਝ, ਸੰਕਟਾਂ ਦੇ ਦੌਰੇ ਪੈਂਦੇ ਰਹੇ, ਇਸ ਦੀਆਂ ਕਈ ਧੜਵੈਲ ਬੈਂਕਾਂ ਤਬਾਹ ਹੋ ਗਈਆਂ ਅਤੇ ਇਸ ਸੰਕਟ ਵਿੱਚੋਂ ਉਭਰਨ ਲਈ ਇਸ



ਨੂੰ ਚੀਨ ਸਮੇਤ ਜੀ-20 ਦੇਸ਼ਾਂ ਦੀ ਮਦਦ ਲੈਣ ਲਈ ਮਜਬੂਰ ਹੋਣਾ ਪਿਆ। ਇਸ ਤੋਂ ਇਲਾਵਾ ਇਸ ਦੁਆਰਾ ਵਿਉਂਤੀਆਂ ਫ਼ੌਜੀ ਮੁਹਿੰਮਾਂ ਅਤੇ ਹਮਲਿਆਂ ਨੇ ਇਸ ਨੂੰ ਹੋਰ ਵੀ ਮੁਸੀਬਤਾਂ ਵੱਲ ਧੱਕ ਦਿੱਤਾ।

ਸਮੁੱਚੇ ਤੌਰ 'ਤੇ ਅਮਰੀਕਾ ਭਾਵੇਂ ਅਜੇ ਵੀ ਦੁਨੀਆ ਦੀ ਸਭ ਤੋਂ ਵੱਡੀ ਸ਼ਕਤੀ ਅਤੇ ਰਸੂਖ਼ ਰੱਖਦਾ ਹੈ ਪਰ ਇਹ ਸ਼ਕਤੀ ਅਤੇ ਰਸੂਖ਼ ਪਹਿਲਾਂ ਦੇ ਮੁਕਾਬਲੇ ਘਟ ਗਿਆ ਹੈ। ਸਾਰੇ ਕੌਮਾਂਤਰੀ ਰੁਝਾਨ ਇਹੀ ਸੰਕੇਤ ਦੇ ਰਹੇ ਹਨ ਕਿ ਤੁਲਨਾਤਮਕ ਤੌਰ 'ਤੇ ਅਮਰੀਕਾ ਦੀ ਸ਼ਕਤੀ ਲਗਾਤਾਰ ਘਟ ਰਹੀ ਹੈ। ਪਹਿਲਾਂ ਵਾਂਗ ਅਮਰੀਕਾ ਦਾ ਇੱਕੋ-ਇੱਕ ਮਹਾਂ ਸ਼ਕਤੀ ਵਾਲਾ ਸਥਾਨ ਖੁਸ ਗਿਆ ਹੈ। ਅਮਰੀਕਾ ਦੀ ਸੰਕਟਮਈ ਸਥਿਤੀ 'ਚ ਟਰੰਪ ਨੂੰ 'ਮੇਕ ਅਮਰੀਕਾ ਗਰੇਟ ਅਗੇਨ' (ਮਾਗਾ) ਦਾ ਨਾਅਰਾ ਦੇਣਾ ਪੈ ਰਿਹਾ ਹੈ। ਇਹ ਸੰਕਟ ਸਿਰਫ਼ ਆਰਥਿਕ ਨਹੀਂ, ਭਾਵੇਂ ਇਹ ਮੁੱਖ ਤੌਰ 'ਤੇ ਆਰਥਿਕ ਸੰਕਟ ਦੇ ਰੂਪ ਵਿੱਚ ਸਾਹਮਣੇ ਆਇਆ ਹੈ। ਇਹ ਸੰਕਟ ਵਿਆਪਕ ਹੈ ਜਿਸ ਵਿੱਚ ਸਮਾਜਿਕ, ਸੱਭਿਆਚਾਰਕ ਅਤੇ ਅਮਰੀਕਾ ਦੀ ਘਟ ਰਹੀ ਫ਼ੌਜੀ ਸ਼ਕਤੀ ਵਰਗੇ ਪੱਖ ਵੀ ਸ਼ਾਮਿਲ ਸਨ।

ਏਸ਼ੀਆ ਅਤੇ ਚੀਨ ਦੇ ਉਭਾਰ ਨੇ ਵੀ ਅਮਰੀਕੀ ਸ਼ਕਤੀ ਦੇ ਵਜੂਦ ਨੂੰ ਦੁਨੀਆ ਦੀ ਇੱਕੋ-ਇੱਕ ਮਹਾਂ ਸ਼ਕਤੀ ਵਜੋਂ ਖ਼ਤਮ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਬੀਤੇ ਸਾਲਾਂ ਵਿੱਚ ਅਮਲੀ ਤੌਰ 'ਤੇ ਚੀਨ ਦੀ ਆਰਥਿਕਤਾ ਅਮਰੀਕਾ ਨਾਲੋਂ ਅੱਗੇ ਨਿਕਲ ਗਈ ਹੈ। ਚੀਨ ਦੇ ਆਰਥਿਕ ਅਤੇ ਤਕਨੀਕੀ ਵਿਕਾਸ ਨੇ ਅਮਰੀਕਾ ਨੂੰ ਚੁਣੌਤੀਆਂ ਪੇਸ਼ ਕਰ ਦਿੱਤੀਆਂ ਹਨ। ਚੀਨ ਮੈਨੂਫੈਕਚਰਿੰਗ ਦਾ ਧੁਰਾ ਬਣ ਗਿਆ ਹੈ। ਇਉਂ ਇੱਕ ਪਾਸੇ ਅਮਰੀਕਾ ਤੇ ਯੂਰੋਪੀਅਨ ਯੂਨੀਅਨ ਅਤੇ ਦੂਜੇ ਪਾਸੇ ਪੂਰਬੀ ਦੇਸ਼ ਰੂਸ ਤੇ ਚੀਨ ਦੋ ਖੇਮੇ ਬਣ ਰਹੇ ਸਨ। ਵਿਸ਼ਵ ਬੈਂਕ, ਕੌਮਾਂਤਰੀ ਮੁਦਰਾ ਕੋਸ਼, ਗੈਟ (ਵਿਸ਼ਵ ਵਪਾਰ ਸੰਸਥਾ) ਆਦਿ ਵਿੱਤੀ ਸੰਸਥਾਵਾਂ ਅਮਰੀਕਾ ਦੀ ਸਰਦਾਰੀ ਵਿੱਚ ਬਣਾਈਆਂ ਗਈਆਂ ਪਰ ਪਿਛਲੇ ਆਰਥਿਕ ਸੰਕਟਾਂ ਸਮੇਂ ਇਨ੍ਹਾਂ ਸੰਸਥਾਵਾਂ ਦੀ ਅਮਰੀਕਾ ਮਨਇੱਛਤ ਵਰਤੋਂ ਨਹੀਂ ਕਰ ਸਕਿਆ। ਸੰਕਟਾਂ ਅਤੇ ਬਦਲਦੀਆਂ ਹਾਲਤਾਂ ਅੰਦਰ ਅਮਰੀਕਾ ਇਨ੍ਹਾਂ ਸੰਸਥਾਵਾਂ ਨੂੰ (ਉਸ ਰੂਪ 'ਚ) ਵਰਤੋਂ ਵਿੱਚ ਨਹੀਂ ਲਿਆ ਸਕਿਆ। ਇਸ ਦੇ ਉਲਟ ਚੀਨ ਦੁਨੀਆ ਦਾ ਵੱਡਾ ਸਸਤਾ ਕਰਜ਼ਾ ਦੇਣ ਵਾਲੀ ਵੱਡੀ ਆਰਥਿਕ ਤਾਕਤ ਬਣ ਗਿਆ ਅਤੇ ਇਹ ਏਸ਼ੀਆ ਦੇ ਸੀਨੀਅਨ ਦੇਸ਼, ਭਾਰਤੀ ਉਪ ਮਹਾਂਦੀਪ, ਪਾਕਿਸਤਾਨ, ਸ੍ਰੀ ਲੰਕਾ, ਬੰਗਲਾਦੇਸ਼, ਅਫਰੀਕਾ ਮਹਾਂਦੀਪ ਅਤੇ ਲਾਤੀਨੀ ਅਮਰੀਕੀ ਦੇਸ਼ਾਂ ਨੂੰ ਨਵ-ਆਰਥਿਕ ਬਸਤੀਵਾਦੀ ਨੀਤੀਆਂ ਨਾਲ ਆਪਣੇ ਚੁੰਗਲ ਵਿੱਚ ਫਸਾ ਰਿਹਾ ਹੈ। ਇਹ ਬਰਿਕਸ ਦੇਸ਼ਾਂ ਰਾਹੀਂ ਆਪਣੇ ਨਵੇਂ ਡਿਜੀਟਲ ਬੈਂਕ ਅਤੇ ਆਪਣੀ ਯੁਆਨ ਕਰੰਸੀ ਰਾਹੀਂ ਆਪਣੇ ਵਪਾਰ ਨੂੰ ਦੁਨੀਆ ਅੰਦਰ ਤੇਜ਼ੀ ਨਾਲ ਅੱਗੇ ਵਧਾ ਰਿਹਾ ਹੈ। ਬਰਿਕਸ ਦੇਸ਼ਾਂ ਦਾ ਵਿਸਥਾਰ ਹੋ ਰਿਹਾ ਹੈ ਅਤੇ ਟਰੰਪ ਨਵੇਂ ਟੈਰਿਫ ਲਾ ਕੇ ਆਪਣੀ ਪੁਰਾਣੀ ਸਲਤਨਤ ਨੂੰ 'ਮਾਗਾ' ਦੇ ਨਾਂ ਹੇਠ ਵਿਸਥਾਰ ਦੇਣ ਦੀ ਕੋਸ਼ਿਸ਼ ਵਿੱਚ ਹੈ।

ਟੈਰਿਫ ਨੀਤੀ ਨਾਲ ਅਮਰੀਕੀ ਸਾਮਰਾਜ ਵਿਸ਼ਵ ਆਰਥਿਕਤਾ ਦੀ ਘੇਰਾਬੰਦੀ ਕਰ ਕੇ ਪੂਰੇ ਸੰਸਾਰ ਆਰਥਿਕ-ਵਪਾਰਕ ਤਾਣੇ-ਬਾਣੇ ਨੂੰ ਵਿਗਾੜ ਕੇ ਇਸਦਾ ਲਾਹਾ ਲੈਣ ਦੀ ਤਾਕ 'ਚ ਹੈ, ਪਰ ਹਕੀਕਤ ਵਿੱਚ ਉਸ ਦੀਆਂ ਨੀਤੀਆਂ ਸਦਕਾ ਪੂਰਾ ਸਾਮਰਾਜੀ ਪ੍ਰਬੰਧ ਉਥਲ-ਪੁਥਲ ਦੀ ਮਾਰ ਹੇਠ ਆ ਗਿਆ ਹੈ। ਵੱਖ-ਵੱਖ ਮਹਾਂਦੀਪਾਂ ਦੇ ਦੇਸ਼ ਅਮਰੀਕਾ ਤੋਂ ਆਰਥਿਕ ਤੇ ਫ਼ੌਜੀ ਨਿਰਭਰਤਾ ਘਟਾਉਣ ਲਈ ਦੁਵੱਲੇ ਵਪਾਰਕ ਸਬੰਧ ਵਧਾ ਰਹੇ ਹਨ। ਕਈ ਦੇਸ਼ ਆਪਣੀ ਫ਼ੌਜੀ ਸਮਰੱਥਾ ਦੇ ਨਾਲ-ਨਾਲ ਪਰਮਾਣੂ ਸ਼ਕਤੀ ਬਣਨ ਲਈ ਵੀ ਅਹੁਲ ਰਹੇ ਹਨ। ਆਪਣੇ ਰਵਾਇਤੀ ਵਫ਼ਾਦਾਰ ਭਾਈਵਾਲਾਂ ਉੱਤੇ ਵਪਾਰਕ ਹਮਲੇ, ਪੱਛਮੀ ਖੇਮੇ ਵਿਰੋਧੀ ਰੂਸ-ਚੀਨ ਨੂੰ ਆਪਣੀ ਮੰਡੀ ਦੇ ਵਿਸਥਾਰ ਦਾ ਮੌਕਾ ਮੁੱਹਈਆ ਕਰਵਾਉਣਗੇ ਅਤੇ ਅਮਰੀਕਾ ਨੂੰ ਮੰਦੀ ਦੇ ਜੋਖ਼ਿਮ ਵਿੱਚ ਪਾਉਣਗੇ ਜਿਸ ਦੇ ਸਿਰ ਕੁੱਲ ਕਰਜ਼ (3612 ਖਰਬ ਡਾਲਰ) ਪਹਿਲਾਂ ਹੀ ਉਸ ਦੀ ਕੁੱਲ ਜੀਡੀਪੀ (29 ਖਰਬ ਡਾਲਰ) ਤੋਂ ਵੱਧ ਹੈ।

ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਨੇ ਟਰੰਪ ਦੀਆਂ ਨੀਤੀਆ ਦਾ ਵਿਰੋਧ ਕਰਦਿਆਂ ਅਮਰੀਕਾ ਖ਼ਿਲਾਫ਼ ਮੋੜਵੇਂ ਰੂਪ 'ਚ ਵਾਧੂ ਟੈਕਸ ਲਾਉਣ ਦੇ ਐਲਾਨ ਕੀਤੇ ਜਿਸ ਕਰ ਕੇ ਟਰੰਪ ਨੂੰ ਕੁਝ ਹੱਦ ਤੱਕ ਪਿੱਛੇ ਹਟਣ ਲਈ ਮਜਬੂਰ ਹੋਣਾ ਪਿਆ ਪਰ ਮੋਦੀ ਸਰਕਾਰ ਨੇ ਟਰੰਪ ਦੀਆਂ ਧੱਕੜ ਨੀਤੀਆਂ ਵਿਰੁੱਧ ਡਟਣ ਦੀ ਬਜਾਏ ਅਮਰੀਕਾ ਨੂੰ ਖੁਸ਼ ਕਰਨ ਅਤੇ ਟੈਰਿਫ ਨੀਤੀ 'ਚ ਕੁਝ ਰਾਹਤ ਹਾਸਲ ਕਰਨ ਦਾ ਰਸਤਾ ਅਪਣਾਇਆ। ਮੋੜਵਾਂ ਟੈਰਿਫ ਲਾਉਣ ਤੋਂ ਟਾਲਾ ਵੱਟਿਆ ਅਤੇ ਲਗਾਤਾਰ ਗੱਲਬਾਤ ਕਰ ਕੇ ਰਸਤਾ ਲੱਭਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਦਿਖਾਵੇ ਦੇ ਤੌਰ 'ਤੇ ਮੋਦੀ ਸਰਕਾਰ ਕਿਸਾਨਾਂ ਦੀ ਹਿੱਤਾਂ ਲਈ ਫ਼ਿਕਰਮੰਦ ਹੋਣ ਬਾਰੇ ਕਹਿ ਰਹੀ ਹੈ ਅਤੇ ਟਰੰਪ ਸਰਕਾਰ ਅੱਗੇ ਨਾ ਝੁਕਣ ਦੀ ਬਿਆਨਬਾਜ਼ੀ ਕਰ ਰਹੀ ਹੈ ਪਰ ਇਹ ਬਿਆਨਬਾਜ਼ੀ ਥੋਥੀ ਹੈ ਕਿਉਂਕਿ ਪਰਦੇ ਪਿੱਛੇ ਉਹ ਟਰੰਪ ਸਰਕਾਰ ਨਾਲ ਗੱਲਬਾਤ ਜਾਰੀ ਰੱਖ ਕੇ ਝੁਕਣ ਦੇ ਸੰਕੇਤ ਦੇ ਰਹੀ ਹੈ। ਸਾਮਰਾਜੀ ਪ੍ਰਬੰਧ ਦਾ ਨਵ-ਬਸਤੀਆਨਾ ਤੌਰ-ਤਰੀਕਾ ਮੋਦੀ ਸਰਕਾਰ ਨੂੰ ਇੱਕ ਪਾਸੇ ਅਮਰੀਕਾ ਅਤੇ ਦੂਜੇ ਪਾਸੇ ਰੂਸ-ਚੀਨ ਨਾਲ ਸਬੰਧ ਬਣਾ ਕੇ ਰੱਖਣ ਦੀ ਚਾਲਬਾਜ਼ੀ ਕਰਨ ਦਾ ਰਸਤਾ ਦਿੰਦਾ ਹੈ। ਇਹ ਸਾਮਰਾਜੀ ਪ੍ਰਬੰਧ ਉਪਰ ਆਪਣੀ ਨਿਰਭਰਤਾ ਦਾ ਤਿਆਗ ਨਹੀਂ ਕਰ ਸਕਦੀ। ਇਸ ਕਰ ਕੇ ਮੌਜੂਦਾ ਹਾਲਤ ਅੰਦਰ ਮੋਦੀ ਸਰਕਾਰ ਦਾ ਰੂਸ ਤੇ ਚੀਨ ਵੱਲ ਦਿਖਾਇਆ ਜਾ ਰਿਹਾ ਹੇਜ ਅਤੇ ਅਮਰੀਕੀ 'ਬੌਸ' ਦਾ ਭਾਰਤ ਸਬੰਧੀ ਟੈਰਿਫ ਨੀਤੀ ਦਾ ਵਿਰੋਧ ਕਰਨ ਦਾ ਖੇਖਣ ਇਹ ਗੁੰਜਾਇਸ਼ ਦਿੰਦਾ ਹੈ ਕਿ ਇਹ ਅਮਰੀਕੀ ਸਾਮਰਾਜ ਨਾਲ ਚੁੱਪ-ਚਪੀਤੇ/ਅੰਦਰ ਖਾਤੇ ਕੋਈ ਸਮਝੌਤਾ ਕਰ ਲਵੇ। ਮੋਦੀ ਸਰਕਾਰ ਦਾ ਟਰੰਪ ਟੈਰਿਫ ਪ੍ਰਤੀ ਧਾਰਨ ਕੀਤਾ ਰਵੱਈਆ, ਇਸੇ ਹਾਲਤ ਦੀ ਉਪਜ ਹੈ। ਇੱਕ ਪਾਸੇ ਭਾਰਤੀ ਲੋਕ, ਖਾਸ ਕਰ ਕੇ ਕਿਸਾਨ, ਇਸ ਦਾ ਡਟਵਾਂ ਵਿਰੋਧ ਕਰ ਰਹੇ ਹਨ ਜਿਸ ਨੂੰ ਖ਼ਾਰਜ ਕਰਨਾ ਮੋਦੀ ਸਰਕਾਰ ਦੀ ਜ਼ਰੂਰਤ ਹੈ; ਦੂਜੇ ਪਾਸੇ ਅਮਰੀਕੀ ਸਾਮਰਾਜ ਨਾਲ ਭਿਆਲੀ ਕਾਇਮ ਰੱਖ ਕੇ ਆਪਣੇ ਆਰਥਿਕ ਸਿਆਸੀ ਹਿੱਤਾਂ ਦੀ ਪੂਰਤੀ ਕਰਨਾ ਹੈ। ਮੋਦੀ ਸਰਕਾਰ ਦਾ ਸਾਮਰਾਜ ਨਾਲ ਇਹ ਰਿਸ਼ਤਾ ਉਸ ਦੇ ਆਜ਼ਾਦ ਸਟੈਂਡ ਦੀ ਤਰਜਮਾਨੀ ਨਹੀਂ ਕਰਦਾ ਬਲਕਿ ਉਸ ਦੀ ਸਾਮਰਾਜਵਾਦ ਨਾਲ ਨਿਰਭਰਤਾ ਦੇ ਰਿਸ਼ਤੇ 'ਚ ਬੱਝੇ ਹੋਣ ਦਾ ਪ੍ਰਮਾਣ ਹੈ।

# ਪੰਜਾਬ 'ਚ ਹੜ੍ਹਾਂ ਨੇ ਇਸ ਵਾਰ ਬਹੁਤ ਜਾਨੀ-ਮਾਲੀ ਨੁਕਸਾਨ ਕੀਤਾ ਹੈ

ਪੰਜਾਬ 'ਚ ਹੜ੍ਹਾਂ ਨੇ ਨਾ ਸਿਰਫ਼ ਜਾਨੀ ਤੇ ਮਾਲੀ ਨੁਕਸਾਨ ਕੀਤਾ ਹੈ ਬਲਕਿ ਸੂਬੇ ਦੀ ਆਰਥਿਕਤਾ ਤੇ ਵਾਤਾਵਰਨ ਨੂੰ ਵੀ ਡੂੰਘਾ ਝਟਕਾ ਦਿੱਤਾ ਹੈ ਅਤੇ ਬਹੁਤ ਸਾਰੇ ਨਵੇਂ ਸਵਾਲ ਪੰਜਾਬੀਆਂ ਦੇ ਸਨਮੁੱਖ ਖੜ੍ਹੇ ਕਰ ਦਿੱਤੇ ਹਨ। ਸਾਲ 1988 ਤੋਂ ਬਾਅਦ ਇਨ੍ਹਾਂ ਹੜ੍ਹਾਂ ਨੇ ਹਜ਼ਾਰਾਂ ਪਿੰਡਾਂ ਨੂੰ ਡੁਬੋ ਦਿੱਤਾ ਹੈ ਅਤੇ ਲੱਖਾਂ ਲੋਕਾਂ ਨੂੰ ਬੇਘਰ ਕਰ ਦਿੱਤਾ ਹੈ। ਇਸ ਨੇ ਘੱਟੋ-ਘੱਟ 29 ਵਿਅਕਤੀਆਂ ਦੀ ਜਾਨ ਲੈ ਲਈ ਹੈ।

ਇਹ ਮੌਤਾਂ ਮੁੱਖ ਤੌਰ 'ਤੇ ਡੁੱਬਣ, ਘਰ ਡਿੱਗਣ ਤੇ ਹਾਦਸਿਆਂ ਕਾਰਨ ਹੋਈਆਂ ਹਨ। ਸੂਬੇ ਦੇ ਅੱਧੇ ਤੋਂ ਵੱਧ ਜ਼ਿਲ੍ਹਿਆਂ 'ਚ ਸਥਿਤੀ ਵਧੇਰੇ ਗੰਭੀਰ ਹੈ ਜਿੱਥੇ ਹੜ੍ਹਾਂ ਨੇ ਪੂਰੇ ਪਿੰਡਾਂ ਨੂੰ ਘੇਰ ਲਿਆ ਹੈ। ਕਈ ਲੋਕ ਅਜੇ ਵੀ ਲਾਪਤਾ ਹਨ ਅਤੇ ਬਚਾਅ ਟੀਮਾਂ ਨੂੰ ਉਨ੍ਹਾਂ ਨੂੰ ਲੱਭਣ 'ਚ ਮੁਸ਼ਕਲ ਆ ਰਹੀ ਹੈ। ਹੜ੍ਹਾਂ ਕਾਰਨ 845 ਘਰ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ ਅਤੇ 3,254 ਕੁ ਘਰ ਮਾਮੂਲੀ ਨੁਕਸਾਨੇ ਗਏ ਹਨ। ਰਸਤੇ, ਪੁਲ ਅਤੇ ਬਿਜਲੀ ਦੀਆਂ ਲਾਈਨਾਂ ਤਬਾਹ ਹੋ ਗਈਆਂ ਹਨ ਜਿਸ ਕਾਰਨ ਆਵਾਜਾਈ ਤੇ ਵਪਾਰ ਪ੍ਰਭਾਵਿਤ ਹੋਇਆ ਹੈ। ਹਜ਼ਾਰਾਂ ਪਸ਼ੂ ਵੀ ਮਰ ਗਏ ਹਨ ਜਾਂ ਵਹਿ ਗਏ ਹਨ ਜਿਸ ਕਾਰਨ ਪਸ਼ੂ ਪਾਲਕਾਂ ਨੂੰ ਵੱਡਾ ਨੁਕਸਾਨ ਹੋਇਆ ਹੈ। ਤਿੰਨ ਲੱਖ ਏਕੜ ਤੋਂ ਵੱਧ ਫ਼ਸਲਾਂ ਤਬਾਹ ਹੋ ਗਈਆਂ ਹਨ।

ਫ਼ਸਲਾਂ ਦੇ ਤਬਾਹ ਹੋਣ ਨਾਲ ਨਾ ਸਿਰਫ਼ ਭੋਜਨ ਸੁਰੱਖਿਆ ਨੂੰ ਖ਼ਤਰਾ ਹੈ ਸਗੋਂ ਕਿਸਾਨਾਂ ਦੀ ਆਮਦਨ ਵੀ ਠੱਪ ਹੋ ਗਈ ਹੈ। ਸਨਅਤੀ ਖੇਤਰ ਦੇ ਵੀ ਵੱਡੇ ਨੁਕਸਾਨ ਦੇ ਅੰਦਾਜ਼ੇ ਲਾਏ ਜਾ ਰਹੇ ਹਨ। ਲੱਖਾਂ ਲੋਕ ਪ੍ਰਭਾਵਿਤ ਹੋਏ ਹਨ ਅਤੇ ਹਜ਼ਾਰਾਂ ਰਾਹਤ ਕੈਂਪਾਂ 'ਚ ਰਹਿ ਰਹੇ ਹਨ। ਲਗਾਤਾਰ ਪੈ ਰਹੇ ਭਾਰੀ ਮੀਂਹ ਤੇ ਦਰਿਆਵਾਂ ਦੇ ਚੜ੍ਹਾਅ ਨੇ ਰਾਹਤ ਕਾਰਜਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਫ਼ੌਜ ਤੇ ਐਨਡੀਆਰਐਫ ਦੀਆਂ ਟੀਮਾਂ ਨੇ ਹਜ਼ਾਰਾਂ ਲੋਕਾਂ ਨੂੰ ਬਚਾਇਆ ਹੈ ਪਰ ਨੁਕਸਾਨ ਬਹੁਤ ਵੱਡਾ ਹੈ।

ਬਚਾਅ ਕਾਰਜ ਜੰਗੀ ਪੱਧਰ 'ਤੇ ਚੱਲ ਰਹੇ ਹਨ ਪਰ ਹਾਲੇ ਵੀ ਬਹੁਤ ਸਾਰੇ ਖੇਤਰ ਅਜੇ ਵੀ ਪਹੁੰਚ ਤੋਂ ਬਾਹਰ ਹਨ। ਸਮਾਜ ਸੇਵੀ ਲੋਕਾਂ ਦੇ ਨਾਲ-ਨਾਲ ਕਲਾ ਖੇਤਰ ਦੀਆਂ ਵੱਡੀਆਂ ਹਸਤੀਆਂ ਵੀ ਮਦਦ ਲਈ ਅੱਗੇ ਆ ਰਹੀਆਂ ਹਨ। ਗੁਆਂਢੀ ਸੂਬੇ ਹਰਿਆਣਾ ਦੇ ਲੋਕ ਵੀ ਵੱਡੀ ਗਿਣਤੀ 'ਚ ਪੰਜਾਬੀਆਂ ਦੀ ਮਦਦ ਲਈ ਮੈਦਾਨ 'ਚ ਨਿੱਤਰੇ ਹੋਏ ਹਨ। ਸੋਸ਼ਲ ਮੀਡੀਆ ਦੇ ਇਸ ਦੌਰ ਵਿਚ ਉੱਥੇ ਵੀ ਇਕ 'ਹੜ੍ਹ' ਆਇਆ ਹੋਇਆ ਹੈ।

ਅਜਿਹੀ ਆਫ਼ਤ ਦੇ ਮੌਕੇ ਬਹੁਤ ਸਾਰੇ ਲੋਕ ਅਜਿਹੇ ਵੀ ਹਨ ਜਿਹੜੇ ਇਸ ਨੂੰ 'ਅਵਸਰ' ਵਿਚ ਬਦਲਣ ਵਿਚ ਲੱਗੇ ਹੋਏ ਹਨ। ਰਾਹਤ ਕਾਰਜਾਂ ਦੀ ਜਗ੍ਹਾ ਕਈ ਥਾਵਾਂ 'ਤੇ ਸਿਰਫ਼ ਫੋਟੋ ਸੈਸ਼ਨ ਹੋ ਰਹੇ ਹਨ। ਸਿਆਸੀ ਲੋਕ ਇਕ-ਦੂਜੇ 'ਤੇ ਦੂਸ਼ਣਬਾਜ਼ੀ ਕਰਨ ਤੋਂ ਵੀ ਬਾਜ਼ ਨਹੀਂ ਆ ਰਹੇ। ਸਰਕਾਰ ਤੇ ਅਧਿਕਾਰੀਆਂ ਨੂੰ ਕੋਸਣ ਵਾਲਿਆਂ ਦੀ ਵੀ ਕੋਈ ਘਾਟ ਨਹੀਂ ਹੈ। ਇਹ ਹੜ੍ਹ ਪੰਜਾਬ ਦੀ ਆਰਥਿਕਤਾ ਲਈ ਇਕ ਵੱਡਾ ਝਟਕਾ ਹਨ।

ਇਕ ਮੋਟੇ ਅੰਦਾਜ਼ੇ ਮੁਤਾਬਕ ਤਿੰਨ ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਹੈ। ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹੜ੍ਹ ਪੀੜਤਾਂ ਨੂੰ ਹਰ ਤਰ੍ਹਾਂ ਦੀ ਮਦਦ ਦੇਣ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਨੇ ਕੇਂਦਰ ਤੋਂ ਸੂਬੇ ਲਈ ਰਾਹਤ ਪੈਕੇਜ ਵੀ ਮੰਗਿਆ ਹੈ। ਕੇਂਦਰ ਸਰਕਾਰ ਵੱਲੋਂ ਰਾਹਤ ਪੈਕੇਜ ਬਾਰੇ ਹਾਲੇ ਕੋਈ ਠੋਸ ਭਰੋਸਾ ਨਹੀਂ ਮਿਲਿਆ ਹੈ। ਦਰਅਸਲ, ਪੰਜਾਬ ਨੂੰ ਇਸ ਤਬਾਹੀ ਤੋਂ ਉੱਭਰਨ ਲਈ ਸਾਂਝੇ ਯਤਨਾਂ ਦੀ ਲੋੜ ਹੈ। ਭਵਿੱਖ 'ਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਟਿਕਾਊ ਵਿਕਾਸ ਅਤੇ ਵਾਤਾਵਰਨ ਦੀ ਸੰਭਾਲ ਜ਼ਰੂਰੀ ਹੈ। ਇਨ੍ਹਾਂ ਹੜ੍ਹਾਂ ਨੇ ਸਾਨੂੰ ਯਾਦ ਕਰਵਾ ਦਿੱਤਾ ਹੈ ਕਿ ਨਾ ਸਿਰਫ਼ ਕੁਦਰਤ ਨਾਲ ਖਿਲਵਾੜ ਮਹਿੰਗਾ ਪੈ ਸਕਦਾ ਹੈ ਬਲਕਿ ਆਪਣੇ ਨੁਮਾਇੰਦੇ ਚੁਣਨ ਵੇਲੇ ਵੀ ਸੁਚੇਤ ਰਹਿਣ ਦੀ ਲੋੜ ਹੈ।

# ਮੌਕਿਆਂ ਦੀ ਸਹੀ ਵਰਤੋਂ ਕਰਨੀ ਸਿੱਖੇ ਮਨੁੱਖ

ਜੀਵਨ ਵਿਚ ਜੋ ਵੀ ਮੌਕਾ ਮਿਲੇ, ਉਸ ਦਾ ਪੂਰਾ ਸਦਉਪਯੋਗ ਕਰਨ ਵਿਚ ਹੀ ਖ਼ੁਸ਼ੀ ਅਤੇ ਉਪਲਬਧੀ ਹੁੰਦੀ ਹੈ। ਜੋ ਮੌਕਾ ਸਾਡੇ ਸਾਹਮਣੇ ਮੌਜੂਦ ਹੁੰਦਾ ਹੈ, ਉਹ ਸਾਡੇ ਲਈ ਹੀ ਸਿਰਜਿਆ ਗਿਆ ਹੁੰਦਾ ਹੈ। ਸਾਡੇ ਲਈ ਉਸ ਦਾ ਸਨਮਾਨ ਕਰਨਾ ਧਰਮ ਬਣ ਜਾਂਦਾ ਹੈ। ਕਲਪਨਾ ਅਤੇ ਬੇਯਕੀਨੀ ਲਈ ਯਥਾਰਥ ਅਤੇ ਯਕੀਨਨ ਦੀ ਅਣਦੇਖੀ ਕਰਨ ਨਾਲ ਸਿਰਫ਼ ਮੌਜੂਦਾ ਵਕਤ ਹੀ ਕਮਜ਼ੋਰ ਨਹੀਂ ਹੁੰਦਾ ਸਗੋਂ ਭਵਿੱਖ ਦੀ ਯੋਗਤਾ ਵੀ ਸ਼ੱਕੀ ਬਣ ਜਾਂਦੀ ਹੈ।



ਅੱਜ ਜੋ ਮੌਕਾ ਮਿਲਿਆ ਹੈ, ਉਹ ਮੌਜੂਦਾ ਸਮੇਂ ਨੂੰ ਸੰਵਾਰਨ ਲਈ ਹੈ। ਇਹੀ ਭਵਿੱਖ ਦਾ ਸੋਪਾਨ ਬਣੇਗਾ। ਇਕ ਫੁੱਲ ਅੱਜ ਕਿਸੇ ਵਿਹੜੇ ਵਿਚ ਖਿੜ ਕੇ ਆਪਣੀ ਸੁਗੰਧ ਬਿਖੇਰ ਰਿਹਾ ਹੈ। ਆਪਣੀ ਸੁਗੰਧ ਕਾਰਨ ਹੀ ਕੱਲ੍ਹ ਉਸ ਦੇ ਬੀਜ ਕਿਸੇ ਵੱਡੇ ਬਾਗ ਵਿਚ ਸਥਾਨ ਪ੍ਰਾਪਤ ਕਰ ਸਕਦੇ ਹਨ। ਜੇ ਫੁੱਲ ਛੋਟੇ ਵਿਹੜੇ ਨੂੰ ਆਪਣਾ ਅਪਮਾਨ ਸਮਝ ਕੇ ਖਿੜਨ ਅਤੇ ਸੁਗੰਧ ਬਿਖੇਰਨ ਤੋਂ ਇਨਕਾਰ ਕਰ ਦੇਵੇ ਤਾਂ ਉਸ ਦੇ ਲਈ ਵਿਸਥਾਰ ਦੀ ਸੰਭਾਵਨਾ ਹੀ ਖ਼ਤਮ ਹੋ ਜਾਵੇਗੀ।

ਪਾਣੀ ਛੋਟੀਆਂ-ਮੋਟੀਆਂ ਨਦੀਆਂ ਵਿਚ ਵਗਦਾ ਰਹਿੰਦਾ ਹੈ, ਤਦ ਹੀ ਉਸ ਨੂੰ ਸਮੁੰਦਰ ਮਿਲਦਾ ਹੈ। ਜੇ ਸਮੁੰਦਰ ਚਾਹੀਦਾ ਹੈ ਤਾਂ ਛੋਟੀਆਂ ਨਦੀਆਂ ਵਿਚ ਵਗਣਾ ਸਿੱਖਣਾ ਪਵੇਗਾ। ਮਨੁੱਖ ਦਾ ਜੀਵਨ ਵੀ ਤਾਂ ਉਸ ਵੱਲੋਂ ਲਏ ਜਾਂਦੇ ਛੋਟੇ-ਛੋਟੇ ਸਾਹਾਂ 'ਤੇ ਆਸ਼ਰਿਤ ਹੈ।

ਇਕ ਵੀ ਸਾਹ ਨੂੰ ਨਕਾਰਿਆ ਨਹੀਂ ਜਾ ਸਕਦਾ ਕਿਉਂਕਿ ਜੀਵਨ ਅੱਗੇ ਨਹੀਂ ਵਧ ਸਕਦਾ। ਮਨੁੱਖ ਦੇ ਸਰੀਰ ਨੂੰ ਸਾਹ ਲੈਣ ਦਾ ਜੋ ਵੀ ਮੌਕਾ ਮਿਲਦਾ ਹੈ, ਉਹ ਉਸ ਨੂੰ ਗੁਆਉਂਦਾ ਨਹੀਂ, ਪੂਰਾ ਉਪਯੋਗ ਕਰਦਾ ਹੈ। ਭਵਿੱਖ ਵਰਤਮਾਨ 'ਤੇ ਹੀ ਟਿਕਿਆ ਹੁੰਦਾ ਹੈ। ਜੇ ਅੱਜ ਰੁੱਖ ਨੂੰ ਢੁੱਕਵਾਂ ਪਾਣੀ, ਹਵਾ ਅਤੇ ਰੋਸ਼ਨੀ ਮਿਲ ਰਹੀ ਹੈ ਤਾਂ ਹੀ ਉਸ ਦਾ ਤਣਾ ਵਿਕਸਤ ਹੋਵੇਗਾ। ਵਿਕਸਤ ਤਣੇ 'ਤੇ ਹੀ ਫੁੱਲ ਆਉਂਦੇ ਹਨ ਅਤੇ ਫਲ ਲੱਗਦੇ ਹਨ।

ਰੁੱਖ ਦਾ ਵਿਕਾਸ ਹੋ ਰਿਹਾ ਹੈ ਤਾਂ ਹੀ ਉਸ ਦੇ ਫਲਦਾਰ ਹੋਣ ਦੀ ਆਸ ਕੀਤੀ ਜਾਂਦੀ ਹੈ। ਇਹ ਜ਼ਰੂਰੀ ਹੈ ਕਿ ਮਨੁੱਖ ਉਮੀਦ ਅਤੇ ਕਲਪਨਾ ਦਾ ਫ਼ਰਕ ਸਮਝੇ। ਕਲਪਨਾ ਉਹ ਭਵਿੱਖ ਹੈ ਜਿਸ ਦਾ ਮੌਜੂਦਾ ਸਮੇਂ ਨਾਲ ਕੋਈ ਵਾਹ-ਵਾਸਤਾ ਨਹੀਂ ਹੈ। ਸਾਰੇ ਰੱਖਾਂ ਦੀ ਉੱਚਾਈ ਇੱਕੋ ਜਿਹੀ ਨਹੀਂ ਹੁੰਦੀ, ਸਾਰਿਆਂ 'ਤੇ ਇੱਕੋ ਜਿਹੇ ਫਲ ਨਹੀਂ ਲੱਗਦੇ। ਰੁੱਖ ਇੱਕੋ ਜਿਹੇ ਨਾ ਹੋਣ, ਪਰ ਛਾਂਦਾਰ ਜ਼ਰੂਰ ਹੋਣ। ਫਲ ਇੱਕੋ ਜਿਹੇ ਨਾ ਹੋਣ ਪਰ ਸੁਆਦਿਸ਼ਟ ਹੋਣ। ਜੀਵਨ ਵੀ ਅਜਿਹਾ ਹੀ ਹੈ।

**-ਡਾ. ਸਤਿੰਦਰਪਾਲ ਸਿੰਘ**


ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥
ਦੇਗ ਤੇਗ ਫਤਹ ਪੰਥ ਕੀ ਜੀਤ
ਦੇਗ ਤੇਗ ਫਤਹ ਪੰਥ ਕੀ ਜੀਤ
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ
SIKH GURDWARA • SAN JOSE
ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ
12 ਅਕਤੂਬਰ 2025 ਦਿਨ ਐਤਵਾਰ ਨੂੰ ਹੋ ਰਹੀਆਂ ਹਨ।
ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਸਾਧ ਸੰਗਤ ਸਲੇਟ ਦੇ ਸਾਰੇ ਉਮੀਦਵਾਰਾਂ ਨੂੰ ਆਪਣੀ ਕੀਮਤੀ ਵੋਟ ਪਾ ਕੇ ਸੇਵਾ ਦਾ ਮੌਕਾ ਦਿਓ ਜੀ।
San Jose Gurdwara Sahib Election
will be held on 12 October 2025, Sunday. A humble request to all the Sangat to vote for all the candidates of SADH SANGAT SLATE
ਭੁਪਿੰਦਰ ਸਿੰਘ ਚੀਮਾ Bhupinder Singh Cheema
ਹਰਪਾਲ ਸਿੰਘ ਚਾਹਲ Harpal Singh Chahal
ਕਸ਼ਮੀਰ ਸਿੰਘ ਕਾਲਕਟ Kashmir Singh Kalkat
ਕੁਲਵਿੰਦਰ ਕੌਰ ਚੀਮਾ Kulwinder Kaur Cheema
ਜਗਜੀਤ ਸਿੰਘ Jagjeet Singh
ਸਤਨਾਮ ਸਿੰਘ ਢਿੱਲੋਂ Satnam Singh Dhillon
ਤ੍ਰਿਲੋਚਨ ਸਿੰਘ ਸਰਾ Trilochan Singh Sra
ਗੁਰਮੇਲ ਸਿੰਘ ਖਾਲਸਾ Gurmail Singh Khalsa
ਕਰਨੈਲ ਸਿੰਘ Karnail Singh
ਡਾ. ਸਤਵਿੰਦਰ ਸਿੰਘ ਬਾਜਵਾ Dr. Satwinder Singh Bajwa
ਜਤਿੰਦਰ ਕੌਰ Jatinder Kaur
ਸੁਖਵੀਰ ਸਿੰਘ ਰੰਧਾਵਾ Sukhwir Singh Randhawa
ਅਮਰੀਕ ਸਿੰਘ ਲੁਬਾਣਾ Amrik Singh Lubana
ਗੁਲਬਾਗ ਸਿੰਘ ਲੁਬਾਣਾ Gulbag Singh Lubana
ਰਘੁਬੀਰ ਸਿੰਘ ਢਿੱਲੋਂ Rabhubir Singh Dhillon
ਬਲਦੇਵ ਸਿੰਘ ਜੰਡੂ Baldev Singh Jandu
ਜੋਗਿੰਦਰ ਕੌਰ ਧਾਲੀਵਾਲ Joginder Kaur Dhaliwal
ਕੁਲਵੰਤ ਕੌਰ ਚਾਹਲ Kulwant Kaur Chahal
ਕਮਲਜੀਤ ਸਿੰਘ ਚੀਮਾ Kamaljeet Singh Cheema
ਜਗਜੀਤ ਸਿੰਘ ਮੰਡ Jagjit Singh Mand
ਜਸਪਾਲ ਸਿੰਘ ਸੈਣੀ Jaspal Singh Saini
Contact for further information: ਹੋਰ ਜਾਣਕਾਰੀ ਲਈ ਸੰਪਰਕ ਕਰੋ
Bhupinder Singh Cheema 408-203-8054
Harpal Singh Chahal 408-981-2842
Jagjeet Singh 408-223-9900
Voter Registration Timing :
Every Wednesday : 6:30pm – 9:00pm
Every Sunday : 11:00am – 3:00pm
Last date for Registration: September 3rd, 2025

# Ranjit Kandola

Broker (MAC Real Estate Services)

CHECK DAILY MORTGAGE RATES @

WWW.DesiMortgageBroker.com

HIRING & TRAINING: MORTGAGE LOAN ORIGINATORS

MAC REAL ESTATE SERVICES

Mortgage Brokerage Since 2003

EQUAL HOUSING LENDER

BBB ACCREDITED BUSINESS A+ rating

(916) 917-2393 Mobile
(916) 516-1116 Office

Broker@DesiMortgageBroker.com

5701 Lonetree Blvd, Suite 126 H
Rocklin CA 95765

Company NMLS 1133016 DRE 01800662 NMLS 347022





# Rajiv "Raj" Bagga

Realtor/Notary Public

## Bagga Realty Group

MAC Real Estate Services

MAC REAL ESTATE SERVICES

Since 2003

EQUAL HOUSING OPPORTUNITY

BBB ACCREDITED BUSINESS A+ rating

**(916) 450 - 0851**

BaggaRealtyGroup@gmail.com

5701 Lonetree Blvd, Suite 126 H
Rocklin CA 95765

DRE 02147757 Company DRE 01800662